I N T E R N A T I O N A L
# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI
EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca

Vol.30 / No.34
11 October, 2024
੨੬ ਅੱਸੂ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

## ਆਓ ! ਬੱਚਿਆਂ ਨਾਲ ਹੋ ਰਹੇ ਦੁਰ-ਵਿਵਹਾਰ ਪ੍ਰਤੀ ਸੁਚੇਤ ਹੋਈਏ




**The Total lifetime cost of child abuse and neglect is estimated**
**$124 Billion each year**

### ਤਕਨਾਲੋਜੀ ਦੇ ਦੌਰ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਮਾਪਿਆਂ ਦੀ ਵੱਧਦੀ ਭੂਮਿਕਾ

ਬੱਚਿਆਂ ਨੂੰ ਸਹੀ ਸਿੱਖਿਆ ਨਾ ਮਿਲਣ ਕਾਰਨ ਤਕਨਾਲੋਜੀ ਦੇ ਦੌਰ ਵਿੱਚ ਬੱਚਿਆਂ ਨਾਲ ਜਿਨਸੀ ਸ਼ੋਸ਼ਣ, ਧੱਕੇਸ਼ਾਹੀ, ਅਤੇ ਮਾਨਸਿਕ ਤਣਾਅ ਵਰਗੇ ਮਾਮਲੇ ਬਹੁਤ ਜ਼ਿਆਦਾ ਵਧ ਰਹੇ ਹਨ, ਜੋ ਉਨ੍ਹਾਂ ਦੀ ਮਾਨਸਿਕ ਸਿਹਤ ਲਈ ਖਤਰਨਾਕ ਸਾਬਤ ਹੋ ਰਹੇ ਹਨ। ਸੋਸ਼ਲ ਮੀਡੀਆ ਤੇ ਮਿਲਣ ਵਾਲੀਆਂ ਨਕਾਰਾਤਮਕ ਸਮੱਗਰੀਆਂ ਅਤੇ ਗਲਤ ਸਹੀ ਲਈ ਸਹੀ ਮਾਰਗਦਰਸ਼ਨ ਦੀ ਘਾਟ ਬੱਚਿਆਂ ਨੂੰ ਮਨੁੱਖੀ ਰਿਸ਼ਤਿਆਂ ਦੇ ਗਲਤ ਅਨੁਭਵਾਂ ਵਿਚ ਫਸਾ ਸਕਦੀ ਹੈ। ਇਹ ਤਜਰਬੇ ਉਨ੍ਹਾਂ ਦੇ ਆਤਮ-ਵਿਸ਼ਵਾਸ਼ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਉਨ੍ਹਾਂ ਦੇ ਸਮੂਹ ਵਿਕਾਸ ਨੂੰ ਰੋਕ ਸਕਦੇ ਹਨ। ਇਸ ਲਈ, ਮਾਪਿਆਂ ਦੀ ਜਿੰਮੇਵਾਰੀ ਹੈ ਕਿ

☛ ਬਾਕੀ ਸਫ਼ਾ 28 'ਤੇ

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਉਟ ਹਾਲ ਦੇ ਹੇਠਾਂ

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਰਾਮਦਾਸ ਜੀ ਦਾ ਅਤੇ ਸ਼ਹੀਦੀ ਦਿਹਾੜਾ ਭਾਈ ਸੁੱਖਾ ਅਤੇ ਜਿੰਦਾ ਜੀ ਦਾ ਮਨਾਇਆ ਜਾਵੇਗਾ ਅਤੇ ਚਾਰ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ।
- ਨਗਰ ਛੱਜਾਵਾਲ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ
- ਨਗਰ ਬੱਦੋਵਾਲ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ
- ਨਗਰ ਸ਼ਰੀਹ ਜ਼ਿਲ੍ਹਾ ਜਲੰਧਰ ਦੀ ਸੰਗਤ ਵੱਲੋਂ
- ਭਾਈ ਜਗਰੂਪ ਸਿੰਘ ਪਰਿਵਾਰ ਵੱਲੋਂ
- ਇਨ੍ਹਾਂ ਅਖੰਡ ਪਾਠਾਂ ਦੀ ਆਰੰਭਤਾ 11 ਅਕਤੂਬਰ ਦਿਨ ਸ਼ੁੱਕਰਵਾਰ ਨੂੰ 9:30 ਵਜੇ ਹੋਵੇਗੀ ਅਤੇ ਭੋਗ 13 ਅਕਤੂਬਰ ਨੂੰ ਦਿਨ ਐਤਵਾਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸੱਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅਨੰਦਕਾਰਜ ਕਾਕਾ ਸੁਖਬੀਰ ਸਿੰਘ ਕਲੋਆ ਅਤੇ ਬੱਚੀ ਅਮਨਦੀਪ ਕੌਰ ਧਾਲੀਵਾਲ ਦਾ ਹੋਵੇਗਾ।
- ਸ਼ਨਿੱਚਰਵਾਰ ਅਕਤੂਬਰ 12 ਨੂੰ ਅਨੰਦਕਾਰਜ ਕਾਕਾ ਬਲਜਿੰਦਰ ਸਿੰਘ ਅਤੇ ਬੱਚੀ ਸੰਦੀਪ ਕੌਰ ਦਾ ਹੋਵੇਗਾ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਦੋ ਪਰਿਵਾਰਾਂ ਵੱਲੋਂ ਹੋਵੇਗੀ।
  1. ਭਾਈ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ
  2. ਭਾਈ ਗੁਰਜੀਤ ਸਿੰਘ ਨਾਹਲ ਅਤੇ ਭਾਈ ਅਵਤਾਰ ਸਿੰਘ ਜੋਹਲ ਪਰਿਵਾਰ ਵੱਲੋਂ
- ਅੰਤਿਮ ਸੰਸਕਾਰ ਸਵ: ਗੁਰਦੇਵ ਕੌਰ ਮਾਂਗਟ ਦਾ 11:00 ਵਜੇ ਵੈਲੀ ਵਿਊ ਫਿਊਨਲ ਸਰੀ ਵਿਖੇ ਹੋਵੇਗਾ ਉਪਰੰਤ ਭੋਗ 12:30 ਵਜੇ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅਮਰਜੀਤ ਸਿੰਘ ਗਿੱਲ ਪਰਿਵਾਰ ਵੱਲੋਂ ਆਪਣੀ ਬੇਟੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।
- ਸੋਮਵਾਰ ਅਕਤੂਬਰ 14 ਨੂੰ ਸਹਿਜ ਪਾਠ ਦੇ ਭੋਗ 10:00 ਵਜੇ ਪਾਏ ਜਾਣਗੇ, ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਿੰਘ ਐਕਸਾਵੇਟਰ ਕੰਪਨੀ ਵੱਲੋਂ ਹੋਵੇਗੀ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਗੁਰਭੇਜ ਸਿੰਘ ਜੌਹਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604–590–3232, 604–590–3224**

# ਐਨ.ਡੀ.ਪੀ. ਨੇ ਸਰੀ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕੀਤੇ ਵੱਡੇ ਵਾਅਦੇ




ਸਰੀ (ਏਕਜੋਤ ਸਿੰਘ): ਬੀਤੀ ਦਿਨੀ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸਾਊਥ ਏਸ਼ੀਅਨ ਭਾਈਚਾਰੇ ਦੇ ਪੱਤਰਕਾਰਾਂ ਨੂੰ ਸੰਬੋਧਨ ਕੀਤਾ। ਸਰੀ ਵਿੱਚ ਐਨ.ਡੀ.ਪੀ. ਦੇ ਉਮੀਦਵਾਰ ਹਰੂਨ ਗਫਾਰ ਅਤੇ ਜਿੰਨੀ ਸਿਮਸ ਦੇ ਦਫ਼ਤਰ 'ਚ ਹੋਈ ਇਸ ਮੀਟਿੰਗ ਦੌਰਾਨ ਡੇਵਿਡ ਈਬੀ ਨੇ ਸਿਹਤ ਸੇਵਾਵਾਂ ਵਿੱਚ ਵੱਡੇ ਪੱਧਰ 'ਤੇ ਤਬਦੀਲੀਆਂ ਲਿਆਉਣ ਦੇ ਵਾਅਦੇ ਕੀਤੇ।

ਉਹਨਾਂ ਕਿਹਾ ਕਿ ਜੇ ਐਨਡੀਪੀ ਸਰਕਾਰ ਬਣਦੀ ਹੈ, ਤਾਂ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਲਈ ਕਈ ਢਾਂਚੇ ਵਿੱਚ ਸੁਧਾਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਉਹ ਕਾਲਜ ਆਫ਼ ਫ਼ਿਜ਼ੀਸ਼ਨਜ਼ ਨਾਲ ਮਿਲ ਕੇ ਬਾਹਰੋਂ ਆਏ ਮੈਡੀਕਲ ਡਾਕਟਰਾਂ ਲਈ ਆਸਾਨੀ ਨਾਲ ਬੀ.ਸੀ. ਵਾਸੀਆਂ ਲਈ ਕੈਨੇਡਾ ਦੇ ਅਨੁਸਾਰ ਕੰਮ ਕਰ ਸਕਣ। ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਐਨ.ਡੀ.ਪੀ. ਸਰੀ ਵਿੱਚ ਇੱਕ ਨਵਾਂ ਮੈਡੀਕਲ ਸਕੂਲ ਖੋਲ੍ਹਣ ਜਾ ਰਹੀ ਹੈ ਜੋ ਸਿਹਤ ਸੇਵਾਵਾਂ ਦੇ ਵਾਧੇ ਲਈ ਕਾਫ਼ੀ ਮਹੱਤਵਪੂਰਨ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸਰੀ ਦੇ ਹਸਪਤਾਲ ਦੀ ਦੂਜਾ ਹਸਪਤਾਲ 2027 ਤੱਕ ਕਲੋਵਰਡੇਲ ਵਿੱਚ ਖੁੱਲਣ ਦੀ ਸੰਭਾਵਨਾ ਹੈ, ਜਿਸ ਨਾਲ ਸਰੀ ਵਾਸੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਉਪਲਬਧ ਹੋ ਸਕਣਗੀਆਂ। ਇਸ ਮੌਕੇ ਉਨ੍ਹਾਂ ਨੇ ਇਲਾਮੋਫੋਬੀਆ ਅਤੇ ਵੈਨਕੂਵਰ 'ਚ ਫਿਲਸਤਨੀ ਪੱਖੀ ਹੋਏ ਮੁਜ਼ਾਹਰਿਆਂ ਦੌਰਾਨ ਸਾੜੇ ਗਏ ਕੈਨੇਡਾ ਦੇ ਝੰਡੇ ਸਬੰਧੀ ਵੀ ਸਵਾਲਾਂ ਦੇ ਜਵਾਬ ਦਿੱਤੇ। ਇਸ ਸਮਾਗਮ ਦੌਰਾਨ, ਸਰੀ ਵਿੱਚ ਖੜ੍ਹੇ ਹੋਏ ਐਨਡੀਪੀ ਦੇ ਸਭ ਉਮੀਦਵਾਰ, ਜਿਵੇਂ ਕਿ ਹਰੂਨ ਗਫਾਰ (ਸਾਊਥ ਸਰੀ), ਜਗਰੂਪ ਬਰਾੜ, ਜਿੰਨੀ ਸਿਮਸ, ਮੰਤਰੀ ਰਚਨ ਸਿੰਘ, ਰਾਜ ਚੌਹਾਨ, ਮੰਤਰੀ ਰਵੀ ਕਾਹਲੋਂ, ਬਲਤੇਜ ਸਿੰਘ ਢਿੱਲੋਂ, ਅਤੇ ਅਮਾਨਾ ਸ਼ਾਹ, ਜੈਸੂ ਸੁੰਨੜ, ਮਾਇਕ ਸਤਾਰਚੱਕ ਵੀ ਮੌਜੂਦ ਸਨ। ਪ੍ਰੀਮੀਅਰ ਡੇਵਿਡ ਈਬੀ ਨੇ ਬੱਚਿਆਂ ਦੀ ਸਿਹਤ, ਸਾਮਾਜਿਕ ਸੇਵਾਵਾਂ, ਅਤੇ ਸਥਾਨਕ ਹਸਪਤਾਲਾਂ ਦੇ ਵਿਕਾਸ ਬਾਰੇ ਵੀ ਕੁਝ ਸਵਾਲਾਂ ਦੇ ਜਵਾਬ ਦਿੱਤੇ। This report was written by Ekjot Singh as part of the Local Journalism Initiative.

# ਤਰਨਤਾਰਨ ਦੇ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ

ਸਰੀ : ਕੈਨੇਡਾ ਵਿੱਚ ਇੱਕ ਹੋਰ ਪੰਜਾਬੀ ਨੌਜਵਾਨ ਦੀ ਮੌਤ ਦੀ ਖਬਰ ਸਾਹਮਣੇ ਆਈ ਹੈ। ਜਿੱਥੇ 24 ਸਾਲਾ ਨੌਜਵਾਨ ਨੂੰ ਦਿਲ ਦਾ ਦੌਰਾ ਪਿਆ ਤੇ ਉਸ ਦੀ ਮੌਤ ਹੋ ਗਈ ਹੈ। ਤਰਨਤਾਰਨ ਦਾ ਰਹਿਣ ਵਾਲਾ ਵਿਪਨ ਅਰੋੜਾ ਜੋ ਕਿ ਸਾਢੇ 7 ਸਾਲ ਪਹਿਲਾਂ ਕੈਨੇਡਾ ਗਿਆ ਸੀ। ਮਾਪਿਆਂ ਨੇ ਆਪਣੇ ਪੁੱਤ ਨੂੰ ਸਟੱਡੀ ਵੀਜ਼ਾ 'ਤੇ ਕੈਨੇਡਾ ਭੇਜਿਆ ਸੀ। ਮਾਪਿਆਂ ਨੇ ਬੜੇ ਚਾਵਾਂ ਨਾਲ ਆਪਣੇ ਪੁੱਤ ਨੂੰ ਭੇਜਿਆ ਸੀ ਤੇ ਹੁਣ ਉਸਦਾ ਵਿਆਹ ਕਰਨਾ ਸੀ ਪਰ ਉਸ ਤੋਂ ਪਹਿਲਾਂ ਹੀ ਉਸ ਦੀ ਮੌਤ ਦੀ ਮੰਦਭਾਗੀ ਖਬਰ ਘਰ ਪਹੁੰਚ ਗਈ ਹੈ। ਹੁਣ ਪਰਿਵਾਰ ਤੋਂ ਇਹ ਦੁੱਖ ਸਹਾਰ ਨਹੀਂ ਹੋ ਰਿਹਾ। ਮਾਪਿਆਂ ਨੇ ਦੱਸਿਆ ਇਹ ਕਿ ਉਹਨਾਂ ਨੂੰ ਫੋਨ ਕਾਲ ਦੇ ਰਾਹੀਂ ਪਤਾ ਲੱਗਿਆ ਕਿ ਉਹਨਾਂ ਦੇ ਪੁੱਤ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉਸ ਦੀ ਮੌਤ ਹੋ ਗਈ ਹੈ। ਜਿਸ ਤੋਂ ਬਾਅਦ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਤੇ ਮਾਪਿਆਂ ਦਾ ਰੋ-ਰੋ ਬੁਰਾ ਹਾਲ ਹੋ ਗਿਆ। ਨੌਜਵਾਨ ਦੇ ਪਿਤਾ ਪੇਸ਼ੇ ਵਜੋਂ ਪੱਤਰਕਾਰ ਹਨ ਤੇ ਆਪਣੇ ਪੁੱਤ ਦੇ ਚੰਗੇ ਭਵਿੱਖ ਲਈ ਉਸ ਨੂੰ ਕੈਨੇਡਾ ਭੇਜਿਆ ਸੀ।



ਹੁਣ ਇਹ ਪਰਿਵਾਰ ਰੋ-ਰੋ ਕੇ ਸਰਕਾਰ ਤੇ ਸਮਾਜ ਸੇਵੀਆਂ ਦੇ ਅੱਗੇ ਇੱਕੋ ਹੀ ਗੁਹਾਰ ਲਗਾ ਰਿਹਾ ਹੈ ਕਿ ਉਹਨਾਂ ਦੇ ਪੁੱਤ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੇ ਵਿੱਚ ਮਦਦ ਕੀਤੀ ਜਾਏ ਤਾਂ ਜੋ ਆਪਣੇ ਪੁੱਤ ਦੀਆਂ ਅੰਤਿਮ ਰਸਮਾਂ ਆਪਣੇ ਹੱਥੀ ਨਿਭਾ ਸਕਣ।

ਪਰਿਵਾਰ ਆਪਣੇ ਪੁੱਤ ਦਾ ਆਖਰੀ ਵਾਰ ਚਿਹਰਾ ਦੇਖਣਾ ਚਾਹੁੰਦਾ ਹੈ। ਆਪਣੇ ਪੁੱਤ ਦੀ ਬੇਵਕਤੀ ਮੌਤ ਨੂੰ ਲੈ ਕੇ ਪਰਿਵਾਰ ਸਦਮੇ ਦੇ ਵਿੱਚ ਹੈ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX — 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ



ਜਸਬੀਰ-ਸਿੰਘ-ਬਾਧ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੇਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

Election Day Is Saturday, Oct 19th, 2024

Advance Voting Days are:
Oct 10 11 12 13 15 16

ELECT ✓


TEGJOT BAL
FOR MLA SURREY-NEWTON



CONSERVATIVE
PARTY OF BRITISH COLUMBIA

A COMMON SENSE PLAN FOR BRITISH COLUMBIA

A PLAN FOR A CHANGE. VOTE TEGJOT BAL.




- AXE THE TAX
- STOP SOGI 123
- END ICBC MONOPOLY
- BUILD SKYTRAIN TO NEWTON

SCRAP THE CARBON TAX
CRACK DOWN ON VIOLENT CRIME
PASS SERIOUS HEALTHCARE REFORM
SUPPORT LOCAL BUSINESS
LOWER TAXES; LESS WASTE
SUPPORT FAMILIES

SCAN ME

Office Address:
13428 72 Ave, Surrey, BC
Ph: 778-914-1313

https://www.conservativebc.ca/tegjot

AUTHORIZED BY FINANCIAL AGENT TAJINDER SAINI 778-878-1110

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਾਓਸ ਦੇ ਦੌਰੇ 'ਤੇ ਪਹੁੰਚੇ

### ਕੈਨੇਡਾ ਦੀ ਇੰਡੋ-ਪੈਸਿਫਿਕ ਨੀਤੀ ਨੂੰ ਮਜ਼ਬੂਤ ਕਰਨ ‘ਤੇ ਹੋਈ ਗੱਲਬਾਤ



ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੁੱਧਵਾਰ ਨੂੰ ਲਾਓਸ ਪੁੱਜੇ, ਤਾਂ ਉਨ੍ਹਾਂ ਨੇ ਲਗਭਗ ਇੱਕ ਪੂਰਾ ਦਿਨ ਹਵਾਈ ਜਹਾਜ਼ ਵਿੱਚ ਦੌਰਾ ਕਰਨ ‘ਤੇ ਬਿਤਾਇਆ, ਹਾਲਾਂਕਿ ਲਾਓਸ ਦੇ ਰਾਜਧਾਨੀ ਵਿਯੰਤਿਯਾਨ ਵਿੱਚ 48 ਘੰਟਿਆਂ ਤੋਂ ਘੱਟ ਸਮਾਂ ਰਹਿਣਗੇ।

ਇਸ ਦੌਰਾਨ ਸੀਨੀਅਰ ਸਰਕਾਰੀ ਅਧਿਕਾਰੀ ਜੋ ਇਸ ਹਫ਼ਤੇ ਪੀਐਮ ਦੇ ਨਾਲ ਯਾਤਰਾ ਕਰ ਰਹੇ ਹਨ, ਦਾ ਕਹਿਣਾ ਹੈ ਕਿ ਟਰੂਡੋ ਦਾ ਇਹ ਦੌਰਾ ਇਕ ਲੰਮੇ ਸਮੇਂ ਦੀ ਯੋਜਨਾ ਦਾ ਹਿੱਸਾ ਹੈ, ਜੋ ਕਈ ਸਾਲ ਪਹਿਲਾਂ ਕੈਨੇਡਾ ਦੇ ਇੰਡੋ-ਪੈਸਿਫਿਕ ਖੇਤਰ ਵਿੱਚ ਪ੍ਰੋਫ਼ਾਈਲ ਵਧਾਉਣ ਲਈ ਬਣਾਈ ਗਈ ਸੀ। ਇਹ ਨੀਤੀ ਕੈਨੇਡਾ ਨੂੰ ਖੇਤਰ ਵਿੱਚ ਨਿਯਮ-ਆਧਾਰਿਤ ਵਪਾਰ ਅਤੇ ਬਹੁਪੱਖੀ ਸੁਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਹੈ, ਜੋ ਕੈਨੇਡਾ ਵਰਗੇ ਦੇਸ਼ਾਂ ਲਈ ਮਹੱਤਵਪੂਰਨ ਹੈ।

ਟਰੂਡੋ ਦੇ ਦੌਰੇ ਨਾਲ ਸਿਧੇ ਤੌਰ 'ਤੇ ਸੰਬੰਧ ਬਣਾਉਣ ਦਾ ਮੌਕਾ ਬਣਿਆ ਹੈ, ਖਾਸ ਕਰਕੇ ਆਸੀਆਨ ਦੇ ਮੈਂਬਰ ਦੇਸ਼ਾਂ ਜਿਵੇਂ ਕਿ ਕੈਂਬੋਡੀਆ, ਫਿਲੀਪੀਨਜ਼, ਮਲੇਸ਼ੀਆ, ਸਿੰਗਾਪੁਰ ਨਾਲ। ਕੈਨੇਡਾ-ਆਸੀਆਨ ਵਪਾਰ 2015 ਤੋਂ ਬਾਅਦ ਦੁੱਗਣਾ ਹੋ ਗਿਆ ਹੈ, ਜਦੋਂ ਲਿਬਰਲ ਸਰਕਾਰ ਨੇ ਸਤਾ ਸੰਭਾਲੀ ਹੈ। ਟਰੂਡੋ ਲਾਓਸ ਦਾ ਦੌਰਾ ਕਰਨ ਵਾਲੇ ਪਹਿਲੇ ਕੈਨੇਡੀਆਈ ਪ੍ਰਧਾਨ ਮੰਤਰੀ ਹਨ, ਅਤੇ ਉਹ ਪਹਿਲੀ ਵਾਰ ਪੇਸ਼ ਹੋਣ ਵਾਲੇ ਤੀਜੇ ਆਸੀਆਨ ਸਿਖਰ ਸੰਮੇਲਨ ਵਿੱਚ ਸ਼ਾਮਿਲ ਹੋਣਗੇ। ਹਾਲਾਂਕਿ ਇਸ ਦੌਰੇ ਦੌਰਾਨ ਕੋਈ ਵੱਡਾ ਵਪਾਰਕ ਸਹਿਮਤੀ ਦੀ ਉਮੀਦ ਨਹੀਂ ਹੈ, ਪਰ ਇਹ ਕੈਨੇਡਾ ਦੇ ਭਵਿੱਖ ਦੇ ਸੰਬੰਧਾਂ ਲਈ ਸਫ਼ਲ ਸਾਬਤ ਹੋਵੇਗਾ। This report was written by Ekjot Singh as part of the Local Journalism Initiative.

# ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਨਾਲ ਮਕਾਨ ਕਿਰਾਏ ਵਿੱਚ ਆਈ ਗਿਰਾਵਟ




ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਦੇ ਨਾਲ, ਮਕਾਨਾਂ ਦੇ ਕਿਰਾਏ ਵਿੱਚ ਵੀ ਹੌਲੀ-ਹੌਲੀ ਗਿਰਾਵਟ ਵੇਖਣ ਨੂੰ ਮਿਲੀ ਹੈ। ਅਕਤੂਬਰ 2021 ਤੋਂ ਬਾਅਦ ਇਹ ਪਹਿਲੀ ਵਾਰੀ ਹੈ ਕਿ ਔਸਤ ਮਕਾਨ ਕਿਰਾਏ ਵਿੱਚ ਗਿਰਾਵਟ ਆਈ ਹੈ। ਇਸ ਸਮੇਂ ਇੱਕ ਮਕਾਨ ਦਾ ਪ੍ਰਤੀ ਮਹੀਨਾ ਔਸਤ ਕਿਰਾਇਆ 2,193 ਡਾਲਰ ਪਹੁੰਚ ਗਿਆ ਹੈ।


ਵੈਨਕੂਵਰ ਵਿੱਚ, ਸਤੰਬਰ ਮਹੀਨੇ ਦੌਰਾਨ ਕੌਂਡੋ ਦੇ ਕਿਰਾਏ ਵਿੱਚ 13.6 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਜਦਕਿ ਟੋਰਾਂਟੋ ਵਿੱਚ ਇਹ ਗਿਰਾਵਟ 7.7 ਫੀਸਦੀ ਸੀ। ਕੈਲਗਰੀ ਵਿੱਚ ਵੀ ਕੌਂਡੋ ਦਾ ਔਸਤ ਕਿਰਾਇਆ 3.4 ਫੀਸਦੀ ਦੀ ਗਿਰਾਵਟ ਨਾਲ 2,060 ਡਾਲਰ ਹੋ ਗਿਆ ਹੈ। ਉਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਸਭ ਤੋਂ ਵੱਧ ਮਕਾਨ ਕਿਰਾਇਆਂ ਵਿੱਚ ਗਿਰਾਵਟ ਦੇਖੀ ਗਈ ਹੈ।


ਉਨਟਾਰੀਓ ਵਿੱਚ ਕੌਂਡੋ ਦਾ ਕਿਰਾਇਆ 4.3 ਫੀਸਦੀ ਦੀ ਗਿਰਾਵਟ ਨਾਲ 2,380 ਡਾਲਰ ਹੋ ਗਿਆ ਹੈ, ਅਤੇ ਬੀ.ਸੀ. ਵਿੱਚ ਇਹ 2,570 ਡਾਲਰ ਦਰਜ ਕੀਤਾ ਗਿਆ। ਹਾਲਾਂਕਿ, ਸਸਕੈਚਵਨ ਸੂਬੇ ਵਿੱਚ ਮਕਾਨ ਕਿਰਾਏ 23.5 ਫੀਸਦੀ ਵਧਣ ਦੀ ਰਿਪੋਰਟ ਹੈ, ਜੋ ਕਿ ਹੈਰਾਨੀਜਨਕ ਹੈ।

ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਕਿਰਾਏ ਦੀ ਵਧਣ ਦੀ ਰਫ਼ਤਾਰ ਰੁਕ ਗਈ ਹੈ। ਵੈਨਕੂਵਰ ਵਿੱਚ ਲਗਾਤਾਰ 10ਵੇਂ ਮਹੀਨੇ ਅਪਾਰਟਮੈਂਟ ਦੇ ਕਿਰਾਏ ਵਿੱਚ ਗਿਰਾਵਟ ਹੋ ਰਹੀ ਹੈ, ਪਿਛਲੇ ਇਕ ਸਾਲ ਵਿੱਚ 9.5 ਫੀਸਦੀ ਦੀ ਗਿਰਾਵਟ ਹੋਈ ਹੈ। ਇਸ ਦੇ ਉਲਟ, ਟੋਰਾਂਟੋ ਵਿੱਚ ਅਪਾਰਟਮੈਂਟ ਦੇ ਕਿਰਾਏ ਵਿੱਚ 8.1 ਫੀਸਦੀ ਦੀ ਗਿਰਾਵਟ ਆਈ ਹੈ, ਜਿਸ ਨਾਲ ਹੁਣ ਔਸਤ ਕਿਰਾਇਆ 2,668 ਡਾਲਰ ਪ੍ਰਤੀ ਮਹੀਨਾ ਹੋ ਗਿਆ ਹੈ। ਕੈਲਗਰੀ ਅਤੇ ਮੌਂਟਰੀਅਲ ਵਿੱਚ ਸਾਲਾਨਾ ਆਧਾਰ 'ਤੇ ਦੋ ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ, ਪਰ ਔਟਵਾ ਵਿੱਚ 0.8 ਫੀਸਦੀ ਦਾ ਵਾਧਾ ਹੋਇਆ ਹੈ। ਇਸ ਦੇ ਨਾਲ, ਸਾਂਝੀ ਰਿਹਾਇਸ਼ ਵਿੱਚ ਕਮਰਿਆਂ ਦਾ ਕਿਰਾਇਆ ਸਾਲਾਨਾ ਆਧਾਰ 'ਤੇ 6.9 ਫੀਸਦੀ ਵਧ ਗਿਆ ਹੈ, ਜਿਸ ਵਿੱਚ ਇਕ ਕਮਰੇ ਦਾ ਔਸਤ ਕਿਰਾਇਆ 1,009 ਡਾਲਰ ਦਰਜ ਕੀਤਾ ਗਿਆ ਹੈ। This report was written by Ekjot Singh as part of the Local Journalism Initiative.

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
“Over 20 years experience as Denturist”
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਪੀਅਰ ਪੌਲੀਐਵ 'ਤੇ ਲੱਗੀ ਸਦਨ ਵਿਚ ਇੱਕ ਦਿਨ ਦੀ ਪਾਬੰਦੀ



ਟੋਰਾਂਟੋ: ਮੰਗਲਵਾਰ ਨੂੰ ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਵੱਲੋਂ ਵਿਦੇਸ਼ ਮੰਤਰੀ ਮੈਲੇਨੀ ਜੋਲੀ ‘ਤੇ ਕੀਤੀ ਗਈ ਟਿੱਪਣੀ ਦੇ ਨਤੀਜੇ ਵਜੋਂ ਸਪੀਕਰ ਗ੍ਰੈਗ ਫਰਗਸ ਨੇ ਉਨ੍ਹਾਂ 'ਤੇ ਸਦਨ ਵਿਚ ਇੱਕ ਦਿਨ ਦੀ ਪਾਬੰਦੀ ਲਗਾਈ। ਪੌਲੀਐਵ ਨੇ ਕਿਹਾ ਸੀ ਕਿ ਜੋਲੀ ਹਮਾਸ ਦੀ ਖ਼ੁਸ਼ਾਮਦ ਕਰ ਰਹੀ ਹੈ, ਜਿਸ ਉੱਤੇ ਸਪੀਕਰ ਨੇ ਉਨ੍ਹਾਂ ਨੂੰ ਆਪਣੀ ਟਿੱਪਣੀ ਵਾਪਸ ਲੈਣ ਲਈ ਕਿਹਾ। ਸੋਮਵਾਰ ਨੂੰ ਪ੍ਰਸ਼ਨਕਾਲ ਦੌਰਾਨ, ਪੌਲੀਐਵ ਨੇ ਜੋਲੀ ਨੂੰ ਨਫਰਤੀ ਪ੍ਰਦਰਸ਼ਨਾਂ ਦੇ ਦੌਰਾਨ ਨਸਲਕੁਸ਼ੀ ਵਾਲੇ ਨਾਅਰਿਆਂ ਦਾ ਖੰਡਨ ਕਰਨ ਦੀ ਅਪੀਲ ਕੀਤੀ ਸੀ। ਇਸ ਦੌਰਾਨ, ਪੁਲਿਸ ਨੇ ਕੁਝ ਮਾਮਲਿਆਂ ਵਿੱਚ ਹੇਟ ਸਪੀਚ ਦੀ ਜਾਂਚ ਵੀ ਸ਼ੁਰੂ ਕੀਤੀ ਹੈ।

ਜੋਲੀ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਦੀ ਪਹਿਲੀ ਬਰਸੀ ਦੇ ਮੌਕੇ 'ਤੇ ਇਕ ਬਿਆਨ ਜਾਰੀ ਕਰਦੇ ਹੋਏ ਕਿਹਾ, "ਅਸੀਂ ਯਹੂਦੀ ਲੋਕਾਂ ਦੇ ਨਾਲ ਖੜੇ ਹਾਂ।" ਇਸ ਦੇ ਜਵਾਬ ਵਿੱਚ, ਪੌਲੀਐਵ ਨੇ ਜੋਲੀ ਤੋਂ ਪੁੱਛਿਆ ਕਿ ਉਹ ਕਿਉਂ ਇਸ ਪ੍ਰਕਾਰ ਦੇ ਵਿਰੋਧਾਂ ਦੇ ਖਿਲਾਫ ਇੱਕ ਸਟੈਂਡ ਨਹੀਂ ਲੈਂਦੀ।

ਜਿਸ 'ਤੇ ਨਿਆਂ ਮੰਤਰੀ ਆਰਿਫ ਵਿਰਾਨੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਨਫ਼ਰਤ ਦੀ ਮਾਤਰਾ ਨਾਲ ਬਿਲਕੁਲ ਵਿਰੋਧੀ ਹੈ। ਇਸ ਮਾਮਲੇ 'ਚ ਫਰਗਸ ਨੇ ਪੌਲੀਐਵ ਦੇ ਬਿਆਨਾਂ ਨੂੰ ਸੀਮਾ ਪਾਰ ਕਰਨ ਵਾਲਾ ਮੰਨਿਆ ਅਤੇ ਜੋਲੀ ਦੀਆਂ ਟਿੱਪਣੀਆਂ ਦਾ ਵਿਰੋਧ ਕੀਤਾ। ਫਰਗਸ ਨੇ ਪੌਲੀਐਵ 'ਤੇ ਲਗਾਈ ਗਈ ਪਾਬੰਦੀ ਦੇ ਫੈਸਲੇ 'ਚ ਪਿਛਲੇ ਸਾਲ ਦੇ ਬੇਕਰ ਮਾਮਲੇ ਦਾ ਹਵਾਲਾ ਦਿੱਤਾ, ਜਿਸ ਵਿੱਚ ਬੇਕਰ ਨੂੰ ਵੀ ਸਦਨ ਵਿਚ ਬੋਲਣ ਤੋਂ ਰੋਕਿਆ ਗਿਆ ਸੀ।

ਫਰਗਸ ਨੇ ਸਪੱਸ਼ਟ ਕੀਤਾ ਕਿ ਪੌਲੀਐਵ ਇੱਕ ਤਜਰਬੇਕਾਰ ਐਮਪੀ ਹਨ ਅਤੇ ਉਨ੍ਹਾਂ ਨੂੰ ਨਿਯਮਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।

# ਬਸੰਤ ਮੋਟਰਜ਼ ਨੇ ਹੋਣਹਾਰ ਵਿਦਿਆਰਥੀਆਂ ਨੂੰ 33 ਹਜਾਰ ਡਾਲਰ ਦੀ ਸਕਾਲਰਸ਼ਿਪ ਪ੍ਰਦਾਨ ਕੀਤੀ



ਸਰੀ, (ਹਰਦਮ ਮਾਨ)- ਬਸੰਤ ਮੋਟਰਜ਼ ਸਰੀ ਵੱਲੋਂ ਆਪਣੀ 33ਵੀਂ ਵਰੇਗੰਢ ਮੌਕੇ 15 ਹੋਣਹਾਰ ਵਿਦਿਆਰਥੀਆਂ ਨੂੰ 33,000 ਡਾਲਰ ਦੀ ਸਕਾਲਰਸ਼ਿਪ ਪ੍ਰਦਾਨ ਕਰਨ ਲਈ ਬਸੰਤ ਮੋਟਰਜ਼ ਦੇ ਵਿਹੜੇ ਵਿਚ ਸਮਾਗਮ ਕਰਵਾਇਆ ਗਿਆ।

ਵਿਦਿਆਰਥੀਆਂ ਨੂੰ ਸਕਾਲਿਰਸ਼ਿਪ ਸਰਟੀਫੀਕੇਟ ਦਿੰਦਿਆਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ, ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਜੂਲੀਆ, ਐਡੀਲੇਡ ਤੇ ਮੋਨਿਕਾ ਨੇ ਜੀਵਨ ਵਿਚ ਉੱਚ ਵਿਦਿਆ ਦੀ ਅਹਿਮੀਅਤ ਬਾਰੇ ਗੱਲ ਕੀਤੀ। ਉਨ੍ਹਾਂ ਉਚੇਰੀ ਵਿਦਿਆ ਪ੍ਰਾਪਤ ਕਰ ਕੇ ਆਪਣਾ ਭਵਿੱਖ ਉੱਜਲ ਬਣਾਉਣ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਵੱਡਮੁੱਲਾ ਯੋਗਦਾਨ ਪਾਉਣ ਲਈ ਵਿਦਿਆਰਥੀਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ ਅਤੇ ਬਸੰਤ ਮੋਟਰਜ਼ ਦੇ ਇਸ ਉਦਮ ਅਤੇ ਸੋਚ ਦੀ ਸ਼ਲਾਘਾ ਕੀਤੀ।

ਬਸੰਤ ਮੋਟਰਜ਼ ਦੇ ਸੀਈਓ ਬਲਦੇਵ ਸਿੰਘ ਬਾਠ ਨੇ ਇਸ ਮੌਕੇ ਬੋਲਦਿਆਂ ਕੈਨੇਡਾ ਵਿਚ ਆਪਣੇ ਸੰਘਰਸ਼ਮਈ ਜੀਵਨ, ਪ੍ਰਾਪਤੀਆਂ ਅਤੇ ਸਮਾਜ ਲਈ ਕੁਝ ਕਰਨ ਦੀ ਇੱਛਾ ਤਹਿਤ ਸਕਾਲਰਸ਼ਿਪ ਦੇ ਸਫਰ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ ਤੇ ਭਾਈਚਾਰੇ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਕਾਲਰਸ਼ਿਪ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦਾ ਹੱਕ ਹੈ ਅਤੇ ਇਸ ਸਕਾਲਰਸ਼ਿਪ ਪ੍ਰਾਪਤੀ ਲਈ ਇਹ ਯੋਗਤਾ ਰੱਖਦੇ ਹਨ। ਉਨ੍ਹਾਂ ਸਕਾਲਰਸ਼ਿਪ ਵੰਡ ਸਮਾਗਮ ਵਿਚ ਸ਼ਾਮਲ ਹੋ ਕੇ ਬਸੰਤ ਮੋਟਰਜ਼ ਨੂੰ ਮਾਣ ਦੇਣ ਲਈ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

ਇਸ ਸਮਾਗਮ ਵਿਚ ਹੋਰਨਾਂ ਤੋ ਇਲਾਵਾ ਉੱਘੇ ਸਿੱਖ ਆਗੂ ਗਿਆਨ ਸਿੰਘ ਸੰਧੂ, ਕੁੰਦਨ ਸਿੰਘ ਸੱਜਣ, ਜਗਤਾਰ ਸਿੰਘ ਸੰਧੂ, ਜਤਿੰਦਰ ਜੇ. ਮਿਨਹਾਸ, ਡਾ. ਬੀ. ਐਸ ਘੁੰਮਣ, ਸੁਰਜੀਤ ਸਿੰਘ ਬਾਠ, ਡਾ. ਪ੍ਰਗਟ ਸਿੰਘ ਭੁਰਜੀ, ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਸੋਹੀ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਤਰਲੋਚਨ ਤਰਨ ਤਾਰਨ, ਭੁਪਿੰਦਰ ਮੱਲ੍ਹੀ, ਪ੍ਰਿਤਪਾਲ ਗਿੱਲ, ਦਰਸ਼ਨ ਸੰਘਾ, ਜਸਬੀਰ ਗੁਣਾਚੌਰੀਆ, ਸੁਰਜੀਤ ਸਿੰਘ ਮਾਧੋਪੁਰੀ, ਬਲਜਿੰਦਰ ਸਿੰਘ ਅਟਵਾਲ, ਸੁਖਵਿੰਦਰ ਚੋਹਲਾ, ਹਰਪ੍ਰੀਤ ਸਿੰਘ, ਕਵਿੰਦਰ ਚਾਂਦ ਅਤੇ ਨਵਜੋਤ ਢਿੱਲੋਂ ਮੌਜੂਦ ਸਨ।

# ਕੈਨੇਡਾ 'ਚ 11, 12, 13 ਅਕਤੂਬਰ ਨੂੰ ਹੋਣਗੇ ਪੰਜਾਬੀ ਲੋਕ ਨਾਚਾਂ ਦੇ ਸੰਸਾਰ ਪੱਧਰੀ ਮੁਕਾਬਲੇ

## ਸੰਸਾਰ ਭਰ ਤੋਂ ਲਗਭਗ 70 ਟੀਮਾਂ ਦੇ ਤਕਰੀਬਨ 800 ਮੁਕਾਬਲੇਬਾਜ ਹਿੱਸਾ ਲੈਣਗੇ




ਸਰੀ, (ਹਰਦਮ ਮਾਨ)-ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੁਸਾਇਟੀ ਵੱਲੋਂ ਆਪਣਾ ਦੂਜਾ ਸੰਸਾਰ ਪੱਧਰੀ ਲੋਕ ਨਾਚ ਮੇਲਾ 11, 12, 13 ਅਕਤੂਬਰ 2024 ਨੂੰ ਬੈੱਲ ਪ੍ਰਫਾਰਮਿੰਗ ਸੈਂਟਰ, ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਭੰਗੜਾ, ਗਿੱਧਾ, ਲੁੱਡੀ, ਸੰਮੀ, ਝੂੰਮਰ ਅਤੇ ਮਲਵਈ ਗਿੱਧੇ ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਲੋਕ ਗੀਤ, ਲੋਕ ਸਾਜ਼ ਅਤੇ ਲੋਕ ਸਾਜ਼ ਜੁਗਤ-ਬੰਦੀ (ਫੋਕ ਔਰਕੈਸਟਰਾ) ਦੇ ਮੁਕਾਬਲੇ ਵੀ ਇਸ ਮੇਲੇ ਵਿੱਚ ਕਰਵਾਏ ਜਾਣਗੇ।

ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਦੇ ਮੁੱਖ ਬੁਲਾਰੇ ਡਾ. ਸੁਖਵਿੰਦਰ ਸਿੰਘ ਵਿਰਕ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਸੋਸਾਇਟੀ ਦਾ ਮੁੱਖ ਉਦੇਸ਼ ਵਿਦੇਸ਼ਾਂ ਵਿਚ ਰਹਿੰਦੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਦੀਆਂ ਪ੍ਰਮੁੱਖ ਵਿਧਾਵਾਂ ਲੋਕ ਨਾਚ ਤੇ ਲੋਕ ਸੰਗੀਤ ਨਾਲ ਜੋੜਨ ਅਤੇ ਜਾਗਰੂਕ ਕਰਨ ਤੋਂ ਇਲਾਵਾ ਇਹਨਾਂ ਸਾਰੀਆਂ ਵੰਨਗੀਆਂ ਨੂੰ ਪ੍ਰਮਾਣਿਕ ਰੂਪ ਵਿੱਚ ਸੁਰੱਖਿਅਤ ਅਗਲੀ ਪੀੜ੍ਹੀ ਤੱਕ ਲੈ ਜਾਣਾ ਹੈ। ਉਹਨਾਂ ਅੱਗੇ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਨੌਜਵਾਨਾਂ ਦਾ ਪੰਜਾਬੀ ਸੱਭਿਆਚਾਰ ਦੀਆਂ ਇਨ੍ਹਾਂ ਲੋਕ ਵਨੰਗੀਆਂ ਪ੍ਰਤੀ ਹਾਂ-ਪੱਖੀ ਹੁੰਗਾਰਾ ਪੁਰਜ਼ੋਰ ਮੰਗ ਕਰਦਾ ਹੈ ਕਿ ਉਹਨਾਂ ਨੂੰ ਇਕ ਕੇਂਦਰੀ ਪਲੇਟਫਾਰਮ ਮੁਹੱਈਆ ਕਰਵਾਇਆ ਜਾਵੇ ਅਤੇ ਨਾਲ ਹੀ ਸਹੀ ਸੇਧ ਦੀ ਲੋੜ ਹੈ ਤਾਂ ਜੋ ਇਹਨਾਂ ਲੋਕ ਵਨੰਗੀਆਂ ਦੇ ਮੂਲ ਰੂਪਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਅਜਿਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ ਇੰਟਰਨੈਸ਼ਨਲ ਪੰਜਾਬੀ ਫੋਕ ਆਰਟ ਸੁਸਾਇਟੀ ਵੱਲੋਂ ਪੂਰੀ ਤਨਦੇਹੀ ਨਾਲ ਇਹ ਕਾਰਜ ਨਿਭਾਉਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬੀ ਸੱਭਿਆਚਾਰ ਦੀ ਨਿਸ਼ਕਾਮ ਸੇਵਾ ਦੀ ਭਾਵਨਾ ਨਾਲ ਇਸ ਸੋਸਾਇਟੀ ਦੇ ਸਾਰੇ ਮੈਂਬਰ ਭਾਰਤ, ਕਨੇਡਾ, ਅਮਰੀਕਾ, ਨਿਊਜ਼ੀਲੈਂਡ, ਇੰਗਲੈਂਡ, ਆਸਟਰੇਲੀਆ ਅਤੇ ਹਾਂਗਕਾਂਗ ਆਦਿ ਦੇਸ਼ਾਂ ਨਾਲ ਸਬੰਧ ਰੱਖਦੇ ਹਨ। ਉੱਘੇ ਸਹਿਤਕਾਰ, ਲੋਕ ਧਾਰਾ ਵਿਗਿਆਨੀ ਅਤੇ ਸੱਭਿਆਚਾਰ ਦੇ ਖੋਜੀ ਵਿਦਵਾਨ ਵੀ ਇਸ ਸੋਸਾਇਟੀ ਦੇ ਕੰਮਾਂ ਦੀ ਰੂਪ-ਰੇਖਾ ਨਿਰਧਾਰਿਤ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

ਡਾ. ਵਿਰਕ ਨੇ ਅੱਗੇ ਦੱਸਿਆ ਕਿ 11-12-13 ਅਕਤੂਬਰ 2024 ਨੂੰ ਹੋਣ ਵਾਲੇ ਵਰਲਡ ਫੋਕ ਫੈਸਟੀਵਲ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜਿਨ੍ਹਾਂ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਆਉਣ ਵਾਲੀਆਂ ਟੀਮਾਂ ਦੀ ਰਿਹਾਇਸ਼, ਖਾਣ ਪੀਣ ਅਤੇ ਟ੍ਰਾਂਸਪੋਰਟੇਸ਼ਨ ਦੇ ਪ੍ਰਬੰਧ ਸ਼ਾਮਿਲ ਹਨ। ਉਹਨਾਂ ਹੋਰ ਦੱਸਿਆ ਕਿ ਸਭ ਤੋਂ ਜ਼ਰੂਰੀ ਅਤੇ ਜ਼ਿੰਮੇਵਾਰੀ ਦਾ ਕੰਮ, ਮੁਕਾਬਲਿਆਂ ਲਈ ਤਜਰਬੇਕਾਰ ਜੱਜਾਂ ਦੀ ਚੋਣ ਕਰਨਾ ਹੈ ਤਾਂ ਜੋ ਕਈ ਮਹੀਨਿਆਂ ਦੀ ਲੰਮੀ ਮਿਹਨਤ ਤੋਂ ਬਾਅਦ ਮੁਕਾਬਲੇ ਵਿਚ ਭਾਗ ਲੈਣ ਆਈਆਂ ਟੀਮਾਂ ਦੀ ਨਿਆਏ ਸੰਗਤ ਅਤੇ ਨਿਰਪੱਖ ਨਿਰਖ ਪਰਖ ਕੀਤੀ ਜਾ ਸਕੇ। ਇਸ ਲਈ ਜ਼ਿੰਦਗੀ ਦਾ ਲੰਮਾ ਤਜਰਬਾ ਰੱਖਣ ਵਾਲੇ ਜੱਜਾਂ ਦਾ ਇਕ ਪੈਨਲ ਬਣਾਇਆ ਗਿਆ ਹੈ ਜਿਹੜਾ ਤਿੰਨ ਦਿਨ ਲਗਾਤਾਰ ਵੱਖ ਵੱਖ ਲੋਕ ਨਾਚ, ਲੋਕ ਗੀਤ ਅਤੇ ਲੋਕ ਸਾਜ਼ਾਂ ਦੀਆਂ ਸਾਰੀਆ ਵੰਨਗੀਆਂ ਵਿੱਚੋਂ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਦਾ ਨਿਤਾਰਾ ਕਰੇਗਾ। ਪਹਿਲੇ ਦੂਜੇ ਅਤੇ ਤੀਜੇ ਥਾਂ ਤੇ ਆਉਣ ਵਾਲੀਆਂ ਟੀਮਾਂ ਦੇ ਵਿਸ਼ੇਸ਼ ਇਨਾਮਾਂ ਤੋਂ ਇਲਾਵਾ, ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੇ ਸਾਰੇ ਕਲਾਕਾਰਾਂ ਲਈ ਨਿੱਜੀ ਇਨਾਮਾਂ ਦਾ ਪ੍ਰਬੰਧ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਫੈਸਟੀਵਲ ਵਿੱਚ ਸੰਸਾਰ ਭਰ ਤੋਂ ਲਗਭਗ 70 ਟੀਮਾਂ ਦੇ ਤਕਰੀਬਨ 800 ਮੁਕਾਬਲੇਬਾਜ ਹਿੱਸਾ ਲੈ ਰਹੇ ਹਨ।

ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੁਸਾਇਟੀ ਦੇ ਇਸ ਉਤਸ਼ਾਹਜਨਕ ਉਪਰਾਲੇ ਨੂੰ ਸਹਿਯੋਗ ਦੇਣ ਲਈ ਦੇਸ਼ਾਂ ਵਿਦੇਸ਼ਾਂ ਤੋਂ ਉੱਘੇ ਗਾਇਕ, ਲੋਕ ਨਾਚ ਪਰਫਾਰਮਰ, ਲੋਕਧਾਰਾ ਵਿਗਿਆਨੀ ਅਤੇ ਸਾਹਿਤਕਾਰ ਵਿਦਵਾਨਾਂ ਦੇ ਸਹਿਯੋਗੀ ਸੁਨੇਹੇ ਆ ਰਹੇ ਹਨ ਜਿਨਾਂ ਵਿੱਚ ਡਾ. ਨਾਹਰ ਸਿੰਘ, ਡਾ. ਗੋਪਾਲ ਸਿੰਘ ਬੁੱਟਰ, ਪ੍ਰਿੰਸੀਪਲ ਜਸਪਾਲ ਸਿੰਘ (ਲਾਇਲਪੁਰ ਖਾਲਸਾ ਕਾਲਜ ਜਲੰਧਰ), ਪੰਮੀ ਬਾਈ, ਪ੍ਰਭਸ਼ਰਨ ਕੌਰ, ਸਰਬਜੀਤ ਕੌਰ ਮਾਂਗਟ, ਸੁਖਵਿੰਦਰ ਸੁੱਖੀ, ਜਸਬੀਰ ਜੱਸੀ ਅਤੇ ਹਰਜੀਤ ਪਾਲ ਸਿੰਘ ਆਦਿ ਦੇ ਵਿਸ਼ੇਸ਼ ਸੁਨੇਹੇ ਮਿਲੇ ਹਨ।

ਇੰਟਰਨੈਸ਼ਨਲ ਪੰਜਾਬੀ ਫੋਕ ਆਰਟਸ ਸੋਸਾਇਟੀ ਵੱਲੋਂ ਉਹਨਾਂ ਸਾਰੀਆਂ ਅਕੈਡਮੀਆਂ ਦੇ ਕੋਚ ਸਾਹਿਬਾਨਾਂ, ਇੰਚਾਰਜ ਸਾਹਿਬਾਨਾਂ ਅਤੇ ਭਾਗ ਲੈਣ ਵਾਲੀਆਂ ਟੀਮਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਸਭਿਆਚਾਰ ਦੇ ਪ੍ਰੇਮੀਆਂ ਨੂੰ 11 ਅਕਤੂਬਰ ਨੂੰ ਸ਼ਾਮ 5.30 ਵਜੇ, 12 ਅਕਤੂਬਰ ਨੂੰ ਦੁਪਹਿਰ 1 ਵਜੇ ਅਤੇ 13 ਅਕਤੂਬਰ ਨੂੰ ਸ਼ਾਮ 4 ਵਜੇ ਮੇਲੇ ਵਿਚ ਸ਼ਾਮਲ ਹੋ ਕੇ ਲੋਕ ਨਾਚਾਂ ਦੀ ਪੇਸ਼ਕਾਰੀ ਮਾਣਨ ਦੀ ਅਪੀਲ ਕੀਤੀ ਹੈ।

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ


SINCE 1997 SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA
604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**
International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ-ਅਮਰੀਕਾ ਵੱਲ ਵੱਧ ਰਿਹਾ ਪਰਵਾਸ ਦਾ ਰੁਝਾਨ ਚਿੰਤਾਜਨਕ

ਲਿਖਤ : ਨਰਿੰਦਰ ਸਿੰਘ ਜ਼ੀਰਾ, 98146 - 62260




ਪਰਵਾਸ ਦਾ ਰੁਝਾਨ ਨਵਾਂ ਨਹੀਂ ਹੈ, ਆਜ਼ਾਦੀ ਤੋਂ ਪਹਿਲਾਂ ਵੀ ਲੋਕ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਸਨ। ਆਜ਼ਾਦੀ ਤੋਂ ਬਾਅਦ ਵੀ ਪਰਵਾਸ ਵਧਦੀ ਅਬਾਦੀ ਅਨੁਸਾਰ ਹੁਣ ਤਕ ਜਾਰੀ ਹੈ। 1990 ਤੋਂ ਬਾਅਦ ਪਰਵਾਸ ਦਾ ਰੁਝਾਨ ਵਧ ਗਿਆ ਕਿਉਂਕਿ ਵੱਖ ਵੱਖ ਦੇਸ਼ਾਂ ਆਸਟ੍ਰੇਲੀਆ, ਨਿਊਜ਼ੀਲੈਂਡ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿੱਚ ਵਿਦਿਆਰਥੀ ਪੜ੍ਹਾਈ ਤੇ ਤੌਰ 'ਤੇ ਜਾਣ ਲੱਗ ਪਏ। ਭਾਰਤ ਵਿੱਚ ਰੁਜ਼ਗਾਰ ਦੀ ਘਾਟ ਕਾਰਨ ਹੁਨਰਮੰਦ ਤੇ ਗੈਰ-ਹੁਨਰਮੰਦ ਨੌਜਵਾਨ ਹਰ ਹੀਲੇ ਵਿਦੇਸ਼ ਜਾਣਾ ਚਾਹੁੰਦੇ ਹਨ। ਗੈਰ-ਹੁਨਰਮੰਦ ਜਾਂ ਘੱਟ ਪੜ੍ਹੇ ਲਿਖੇ ਨੌਜਵਾਨਾਂ ਨੂੰ ਤਾਂ 25 ਤੋਂ 30 ਲੱਖ ਰੁਪਏ ਲੈ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਂ ਕੈਨੇਡਾ ਦੇ ਬਾਰਡਰ ਪਾਰ ਕਰਵਾਏ ਜਾਂਦੇ ਹਨ। ਇਸ ਸਾਰੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਜਾਨ ਨੂੰ ਸੌ ਫ਼ੀਸਦੀ ਖਤਰਾ ਹੁੰਦਾ ਹੈ। ਇਸਦੇ ਬਾਵਜੂਦ ਉਨ੍ਹਾਂ ਨੂੰ ਕੋਈ ਡਰ ਨਹੀਂ ਲਗਦਾ, ਸਗੋਂ ਵਿਦੇਸ਼ ਜਾਣ ਲਈ ਉਹ ਹਰ ਤਰ੍ਹਾਂ ਦਾ ਖ਼ਤਰਾ ਝੱਲਣ ਲਈ ਤਿਆਰ ਰਹਿੰਦੇ ਹਨ।

ਵਿਦੇਸ਼ ਮੰਤਰਾਲੇ ਦੇ ਹਵਾਲੇ ਅਨੁਸਾਰ ਪਿਛਲੇ ਸਾਲ ਤਕ 1 ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕ ਵਿਦੇਸ਼ਾਂ ਵਿੱਚ ਗਏ ਹਨ। ਭਾਰਤ ਦੀ ਸਿੱਖਿਆ ਪ੍ਰਣਾਲੀ ਹਰੇਕ ਸਾਲ ਲੱਖਾਂ ਦੀ ਗਿਣਤੀ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰ ਪੈਦਾ ਕਰ ਰਹੀ ਹੈ, ਜੋ ਕੇਵਲ ਨੌਕਰੀ ਦੀ ਭਾਲ ਵਿੱਚ ਆਪਣੇ ਜੀਵਨ ਦਾ ਕੀਮਤੀ ਸਮਾਂ ਨਸ਼ਟ ਕਰ ਦਿੰਦੇ ਹਨ। ਵਿੱਦਿਆ ਦਾ ਮੰਤਵ ਮਨੁੱਖ ਨੂੰ ਕੇਵਲ ਡਿਗਰੀ ਪ੍ਰਦਾਨ ਕਰਨਾ ਨਹੀਂ ਹੈ, ਬਲਕਿ ਉਸ ਨੂੰ ਇੱਕ ਅਜਿਹਾ ਯੋਗ ਇਨਸਾਨ ਬਣਾਉਣਾ ਹੈ ਜੋ ਆਤਮ ਨਿਰਭਰ ਵੀ ਹੋਵੇ ਅਤੇ ਸਮਾਜ ਲਈ ਲਾਹੇਵੰਦ ਵੀ ਹੋਵੇ। ਸਿੱਖਿਆ ਰੁਜ਼ਗਾਰ ਦਾ ਸਾਧਨ ਹੈ। ਰੁਜ਼ਗਾਰ ਦੇ ਸਹਾਰੇ ਹੀ ਮਨੁੱਖ ਆਪਣੇ ਜੀਵਨ ਨੂੰ ਵਿਅਕਤੀਗਤ ਅਤੇ ਸਮਾਜਿਕ ਪੱਧਰ 'ਤੇ ਸੁਚੱਜੇ ਢੰਗ ਨਾਲ ਗੁਜ਼ਾਰ ਸਕਦਾ ਹੈ। ਪ੍ਰੰਤੂ ਨੌਜਵਾਨ ਆਪਣੇ ਭਵਿੱਖ ਨੂੰ ਲੈਕੇ ਚਿੰਤਤ ਹਨ। ਇਸਦੇ ਬਹੁਤ ਸਾਰੇ ਕਾਰਨਾਂ ਦੇ ਨਾਲ ਮੁੱਖ ਕਾਰਨ ਬੇਰੁਜ਼ਗਾਰੀ ਨਜ਼ਰ ਆਉਂਦਾ ਹੈ।

ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ। ਜਿਹੜੇ ਨਹੀਂ ਜਾ ਸਕਦੇ ਜਾਂ ਨਹੀਂ ਜਾਣਾ ਚਾਹੁੰਦੇ, ਉਹ ਹੋਰ ਪਾਸੇ ਹੱਥ ਮਾਰਦੇ ਹਨ। ਜਦੋਂ ਵਾਰ-ਵਾਰ ਮਿਹਨਤ ਕਰਨ ਦੇ ਬਾਵਜੂਦ ਉਹ ਕਾਮਯਾਬ ਨਹੀਂ ਹੁੰਦੇ ਤਾਂ ਨਿਰਾਸ ਹੋ ਕੇ ਨਸ਼ਿਆਂ ਵੱਲ ਰੁਖ ਕਰ ਲੈਂਦੇ ਹਨ। ਇਹ ਨਸ਼ੇ ਆਸਾਨੀ ਨਾਲ ਮਿਲ ਜਾਂਦੇ ਹਨ। ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨ ਆਪਣੇ ਨਾਲ-ਨਾਲ ਪਰਿਵਾਰ ਅਤੇ ਦੇਸ਼ ਦਾ ਭਵਿੱਖ ਵੀ ਖਰਾਬ ਕਰ ਰਹੇ ਹਨ। ਨੌਜਵਾਨਾਂ ਦੇ ਨਿਰਾਸ਼ਾਂ ਦੀ ਖੱਡ ਵਿੱਚ ਡਿਗਣ ਦਾ ਕਾਰਨ ਦੇਸ਼ ਦੀ ਪ੍ਰੀਖਿਆ ਪ੍ਰਣਾਲੀ ਦਾ ਖਰਾਬ ਹੋ ਜਾਣਾ ਵੀ ਹੈ। ਨੀਟ, ਯੂਜੀਸੀ, ਨੈੱਟ ਦੇ ਪੇਪਰਾਂ ਦਾ ਲੀਕ ਹੋਣਾ ਤੇ ਹੋਰ ਬਹੁਤ ਸਾਰੀਆਂ ਭਰਤੀਆਂ ਦਾ ਵਿਚਾਲੇ ਲਮਕਣਾ ਨੌਜਵਾਨਾਂ ਦੇ ਹੌਸਲੇ ਪਸਤ ਕਰ ਰਿਹਾ ਹੈ। ਜਦੋਂ ਨੌਜਵਾਨਾਂ ਦੀ ਮਿਹਨਤ ਦਾ ਕੋਈ ਮੁੱਲ ਨਹੀਂ ਪੈਂਦਾ ਤਾਂ ਉਹ ਗਲਤ ਰਸਤਾ ਇਖਤਿਆਰ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਨੌਜਵਾਨਾਂ ਨੂੰ ਪੇਸ਼ੇਵਰ ਸਿੱਖਿਆ ਪ੍ਰਦਾਨ ਕਰਨ ਦੀ ਲੋੜ ਹੈ। ਅਜੋਕੇ ਦੌਰ ਵਿੱਚ ਵਪਾਰ, ਉਦਯੋਗ, ਟੂਰਿਜ਼ਮ, ਹੋਟਲ ਉਦਯੋਗ ਅਤੇ ਮਾਰਕੀਟਿੰਗ ਆਦਿ ਖੇਤਰਾਂ ਵਿੱਚ ਪੜ੍ਹੇ ਲਿਖੇ ਅਤੇ ਤਕਨੀਕੀ ਤੌਰ 'ਤੇ ਨਿਪੁੰਨ ਨੌਜਵਾਨਾਂ ਲਈ ਰੁਜ਼ਗਾਰ ਦੇ ਬੇਸ਼ੁਮਾਰ ਅਵਸਰ ਪ੍ਰਾਪਤ ਹਨ। ਕੰਪਿਊਟਰ, ਮੋਬਾਇਲ, ਐੱਲ ਈ ਡੀ, ਏਸੀ, ਫਰਿੱਜ ਅਤੇ ਹੋਰ ਇਲੈਕਟ੍ਰੋਨਿਕ ਉਪਕਰਨਾਂ ਦੀ ਜੜਤ ਅਤੇ ਮੁਰੰਮਤ ਤੋਂ ਲੈ ਕੇ ਵੱਡੀਆਂ ਉਦਯੋਗਿਕ ਇਕਾਈਆਂ ਲਈ ਲੋੜੀਂਦੀਆਂ ਯੋਗਤਾਵਾਂ ਅਤੇ ਕਿੱਤਾ ਮੁਖੀ ਨਿਪੁੰਨਤਾ ਨੂੰ ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਨਾਲ-ਨਾਲ ਵਿਹਾਰਕ ਤੌਰ 'ਤੇ ਸਿਖਲਾਈ ਵੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਵਿਦਿਆਰਥੀ ਪੜ੍ਹਾਈ ਪੂਰੀ ਹੋਣ ਉਪਰੰਤ ਆਪਣੇ ਪੱਧਰ 'ਤੇ ਸਵੈ-ਰੁਜ਼ਗਾਰ ਦਾ ਧਾਰਨੀ ਹੋ ਸਕੇ। ਜੇਕਰ ਵਿੱਦਿਆ ਅਜਿਹੇ ਮਨੁੱਖ ਉਤਪੰਨ ਕਰਦੀ ਹੈ ਤਾਂ ਨਿਰਸੰਦੇਹ ਇੱਕ ਵਧੀਆ ਅਤੇ ਸਿਹਤਮੰਦ ਸਮਾਜ ਦੀ ਉਸਾਰੀ ਹੋ ਸਕਦੀ ਹੈ। ਵਿਦੇਸ਼ਾਂ ਵਿੱਚ ਜਾਣ ਦੀ ਬਜਾਏ ਨੌਜਵਾਨ ਆਪਣੇ ਮੁਲਕ ਵਿੱਚ ਰਹਿ ਕੇ ਸਵੈ-ਰੁਜ਼ਗਾਰ ਸਕੀਮਾਂ ਦਾ ਲਾਭ ਉਠਾਕੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਨ।

ਅਜੋਕੇ ਦੌਰ ਵਿੱਚ ਨੌਜਵਾਨਾਂ ਵਿੱਚ ਦੇਸ਼-ਵਿਦੇਸ਼ ਜਾ ਕੇ ਘੁੰਮਣ ਅਤੇ ਉੱਥੇ ਸੈਟਲ ਹੋਣ ਦੀ ਤਾਂਘ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਕੈਨੇਡਾ ਹਾਲੇ ਵੀ ਪੰਜਾਬੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਦੂਜੇ ਤੇ ਤੀਜੇ ਨੰਬਰ 'ਤੇ ਕ੍ਰਮਵਾਰ ਦੁਬਈ ਅਤੇ ਆਸਟ੍ਰੇਲੀਆ ਹਨ। ਇਟਲੀ, ਇੰਗਲੈਂਡ, ਅਮਰੀਕਾ ਦੇ ਨੰਬਰ ਇਨ੍ਹਾਂ ਦੇਸ਼ਾਂ ਤੋਂ ਬਾਅਦ ਹੀ ਆਉਂਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਜਾਣ ਲਈ ਪੰਜਾਬੀਆਂ ਨੇ 14342 ਕਰੋੜ ਰੁਪਏ ਉਧਾਰ ਲਏ ਹਨ। ਇਸ ਸਰਵੇਖਣ ਅਨੁਸਾਰ ਵਿਦੇਸ਼ ਜਾਣ ਦੇ ਮਾਮਲੇ ਵਿੱਚ ਮਝੈਲ 20.51 ਫ਼ੀਸਦੀ, ਮਲਵਈ 14.28 ਫ਼ੀਸਦ ਤੇ ਦੁਆਬੀਏ 11.27 ਫ਼ੀਸਦੀ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ 2023 ਦੌਰਾਨ ਇੱਕ ਲੱਖ ਤੋਂ ਵੱਧ ਪੰਜਾਬੀਆਂ ਨੇ ਵਿਦੇਸ਼ ਜਾਣਾ ਪਸੰਦ ਕੀਤਾ ਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇੱਕ ਨੌਜਵਾਨ ਨੂੰ ਆਪਣੇ ਸੁਪਨੇ ਪੂਰੇ ਕਰਨ ਲਈ ਔਸਤਨ 15 ਤੋਂ 25 ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਪੰਜਾਬ ਵਿੱਚ 2016 ਤੋਂ ਫਰਵਰੀ 2021 ਤਕ 9 ਲੱਖ 84 ਹਜ਼ਾਰ ਨੌਜਵਾਨ ਪੰਜਾਬ ਅਤੇ ਚੰਡੀਗੜ੍ਹ ਤੋਂ ਵਿਦੇਸ਼ ਵਸ ਗਏ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀਆਂ ਵੱਡੀਆਂ ਕੋਠੀਆਂ ਨੂੰ ਤਾਲੇ ਲੱਗੇ ਹੋਏ ਹਨ।

ਮੌਜੂਦਾ ਗ੍ਰਹਿ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਵਿੱਚ ਕਿਹਾ ਕਿ 2015 ਤੋਂ 2023 ਦੇ 9 ਸਾਲਾਂ ਦੌਰਾਨ ਕੁੱਲ 12 ਲੱਖ 39 ਹਜ਼ਾਰ 111 ਲੋਕ ਦੇਸ਼ ਦੀ ਨਾਗਰਿਕਤਾ ਛੱਡ ਚੁੱਕੇ ਹਨ। ਇਸਦਾ ਭਾਵ ਕਿ ਹਰ ਰੋਜ਼ 377 ਭਾਰਤੀ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿੱਚ ਵਸ ਰਹੇ ਹਨ। ਭਾਰਤ ਛੱਡਣ ਵਾਲੇ ਲੋਕ ਸਿਰਫ ਕੰਮ ਦੀ ਭਾਲ ਵਿੱਚ ਹੀ ਵਿਦੇਸ਼ਾਂ ਵਿੱਚ ਨਹੀਂ ਜਾਂਦੇ, ਸਗੋਂ ਇਨ੍ਹਾਂ ਵਿੱਚ ਬਹੁਤ ਸਾਰੇ ਹੁਨਰਮੰਦ ਤਕਨੀਕਾਂ ਨਾਲ ਲੈਸ ਲੋਕ ਵੀ ਹੁੰਦੇ ਹਨ। ਅਜਿਹੇ ਹੁਨਰਮੰਦ ਲੋਕਾਂ ਵੱਲੋਂ ਦੇਸ਼ ਛੱਡਣ ਨਾਲ ਦੇਸ਼ ਨੂੰ ਭਾਰੀ ਨੁਕਸਾਨ ਹੁੰਦਾ ਹੈ ਕਿਉਂਕਿ ਦੇਸ਼ ਨੇ ਇਨ੍ਹਾਂ ਦੀ ਸਿਖਲਾਈ ਉੱਤੇ ਵੱਡਾ ਖਰਚੇ ਕੀਤਾ ਹੁੰਦਾ ਹੈ। ਇਸ ਖ਼ਰਚ ਦਾ ਫ਼ਾਇਦਾ ਦੇਸ਼ ਨੂੰ ਮਿਲਣ ਦੀ ਥਾਂ ਦੂਜਾ ਦੇਸ਼ ਉਠਾਉਂਦਾ ਹੈ।

ਵੱਡੀ ਗਿਣਤੀ ਵਿੱਚ ਕਰੋੜਪਤੀਆਂ ਦਾ ਭਾਰਤ ਛੱਡ ਕੇ ਵਿਦੇਸ਼ ਜਾਣਾ ਵੀ ਚਿੰਤਾਜਨਕ ਹੈ। ਨਿਊਜ਼ ਵਰਲਡ ਹੈਲਥ ਦੀ ਰਿਪੋਰਟ ਅਨੁਸਾਰ ਸਾਲ ਦੋ ਹਜ਼ਾਰ ਤੋਂ ਦੋ ਹਜ਼ਾਰ ਚੌਦਾਂ ਤਕ ਦੇ 14 ਸਾਲਾਂ ਦੌਰਾਨ 61 ਹਜ਼ਾਰ ਕਰੋੜਪਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡ ਦਿੱਤੀ ਸੀ। ਇਸ ਤੋਂ ਬਾਅਦ 2015 ਤੋਂ 2019 ਤਕ ਹੋਰ 29 ਹਜ਼ਾਰ ਕਰੋੜਪਤੀ ਭਾਰਤ ਛੱਡ ਗਏ ਸਨ। ਅਮੀਰ ਲੋਕਾਂ ਦੇ ਦੇਸ਼ ਛੱਡਣ ਦੇ ਬਹੁਤ ਸਾਰੇ ਕਾਰਨ ਹਨ। ਕੁਝ ਅਮੀਰ ਲੋਕ ਕਰਾਂ ਤੋਂ ਬਚਣ ਲਈ ਦੇਸ਼ ਛੱਡ ਦਿੰਦੇ ਹਨ। ਅਮੀਰ ਲੋਕ ਆਪਣੇ ਆਪ ਨੂੰ ਭਾਰਤ ਵਿੱਚ ਸੁਰੱਖਿਅਤ ਨਹੀਂ ਸਮਝਦੇ, ਜਿਸ ਕਾਰਨ ਉਹ ਜਾਨੀ ਅਤੇ ਮਾਲੀ ਨੁਕਸਾਨ ਤੋਂ ਡਰਦੇ ਹੋਏ ਵਿਦੇਸ਼ਾਂ ਦਾ ਰੁਖ ਕਰਦੇ ਹਨ। ਇਹ ਲੋਕ ਕਾਰੋਬਾਰੀ ਭਵਿੱਖ ਦੇ ਨਾਲ ਨਾਲ ਸਕੂਨ ਭਰੀ ਜ਼ਿੰਦਗੀ ਦੀ ਗਰੰਟੀ ਵੀ ਚਾਹੁੰਦੇ ਹਨ। ਇਸ ਤੋਂ ਇਲਾਵਾ ਸਮਾਜਿਕ ਬੇਚੈਨੀ, ਫਿਰਕੂ ਪਾੜਾ, ਨਸਲਵਾਦ, ਦੰਗੇ ਅਤੇ ਲੁੱਟਮਾਰ ਆਦਿ ਕਾਰਨ ਵੀ ਲੋਕਾਂ ਨੂੰ ਭੈਅ-ਭੀਤ ਕਰਦੇ ਹਨ।

ਸੇਵਾ ਮੁਕਤੀ ਤੋਂ ਬਾਅਦ ਅਰਾਮਦਾਇਕ ਜ਼ਿੰਦਗੀ ਜੀਣ ਦੀ ਇੱਛਾ ਵੀ ਦੇਸ਼ ਛੱਡਣ ਦਾ ਇੱਕ ਕਾਰਨ ਹੁੰਦੀ ਹੈ। ਜਿਹੜੇ ਲੋਕ ਕਿਸੇ ਕਾਰਨ ਵਿਦੇਸ਼ ਘੁੰਮਣ ਚਲੇ ਜਾਂਦੇ ਹਨ ਤੇ ਉਹ ਤੁਲਨਾਤਮਕ ਤੌਰ ਉੱਤੇ ਉੱਥੇ ਲੋਕਾਂ ਨੂੰ ਵਧੀਆ ਤੇ ਸ਼ਾਂਤਮਈ ਜੀਵਨ ਬਸਰ ਕਰਦਾ ਦੇਖਦੇ ਹਨ ਤਾਂ ਉਹ ਉਸ ਦੇਸ਼ ਵਿੱਚ ਵਸਣ ਦਾ ਸੁਪਨਾ ਸੰਜੋਅ ਲੈਂਦੇ ਹਨ। ਸਿਸਟਮ ਸਹੀ ਹੋਵੇ, ਰੁਜ਼ਗਾਰ ਮਿਲਣ ਦੀ ਹਰੇਕ ਨੂੰ ਗਰੰਟੀ ਹੋਵੇ, ਲੁੱਟਾਂ-ਖੋਹਾਂ ਨਾ ਹੋਣ, ਅਪਰਾਧਿਕ ਘਟਨਾਵਾਂ ਨਾ ਵਾਪਰਨ, ਭ੍ਰਿਸ਼ਟਾਚਾਰ ਦਾ ਬੋਲਬਾਲਾ ਨਾ ਹੋਵੇ, ਆਮ ਲੋਕਾਂ ਦੀਆਂ ਕੋਠੀਆਂ, ਪਲਾਟਾਂ, ਜ਼ਮੀਨਾਂ ਉੱਤੇ ਵੱਡੇ ਰੁਤਬੇ ਵਾਲੇ ਲੋਕ ਕਬਜ਼ਾ ਨਾ ਕਰਨ ਅਤੇ ਹਰੇਕ ਨੂੰ ਇਨਸਾਫ ਮਿਲੇ ਤਾਂ ਵਿਦੇਸ਼ ਜਾਣ ਨੂੰ ਕੁਝ ਹੱਦ ਤਕ ਠੱਲ੍ਹ ਪੈ ਸਕਦੀ ਹੈ। ਪਰ ਅਸਲੀਅਤ ਇਸਦੇ ਉਲਟ ਹੈ। ਇਹ ਸਭ ਕੁਝ ਰੋਜ਼ੀ ਰੋਟੀ ਕਰਵਾਉਂਦੀ ਹੈ, ਜਿਸ ਕਾਰਨ ਲੋਕ ਵਿਦੇਸ਼ਾਂ ਵਿੱਚ ਜਾਣ ਦੀ ਤਾਂਘ ਵਧਦੀ ਹੈ।

ਸਰਕਾਰੀ ਨੌਕਰੀਆਂ ਬਹੁਤ ਘੱਟ ਹਨ। ਪੀਅਨ ਦੀ ਅਸਾਮੀ ਲਈ ਪੋਸਟ ਗ੍ਰੈਜੂਏਟ, ਪੀ ਐੱਚ ਡੀ ਅਪਲਾਈ ਕਰ ਰਹੇ ਹਨ। ਪੜ੍ਹਨ ਲਿਖਣ ਤੋਂ ਬਾਅਦ ਸਿਰਫ 5 ਫ਼ੀਸਦੀ ਨੂੰ ਹੀ ਸਰਕਾਰੀ ਨੌਕਰੀ ਮਿਲਦੀ ਹੈ। ਕੁਝ ਪੈਸੇ ਵਾਲੇ ਪੜ੍ਹਨ-ਲਿਖਣ ਤੋਂ ਬਾਅਦ ਆਪਣਾ ਵਪਾਰ ਖੋਲ੍ਹ ਲੈਂਦੇ ਹਨ। ਜਿਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਉਨ੍ਹਾਂ ਵਿੱਚ ਕੁਝ ਨੌਜਵਾਨ ਨਸ਼ਾ ਵੇਚਣ ਲੱਗ ਜਾਂਦੇ ਹਨ ਤੇ ਕੁਝ ਨਸ਼ਾ ਕਰਨ ਲੱਗ ਜਾਂਦੇ ਹਨ। ਰਾਤੋ-ਰਾਤ ਅਮੀਰ ਬਣਨ ਦੀ ਲਾਲਸਾ ਵੀ ਨਸ਼ੇ ਦਾ ਇੱਕ ਕਾਰਨ ਹੈ। ਬਦਕਿਸਮਤੀ ਨਾਲ ਨੌਜਵਾਨ ਲੜਕੀਆਂ ਵੀ ਨਸ਼ੇ ਦੀ ਲਪੇਟ ਵਿੱਚ ਆ ਚੁੱਕੀਆਂ ਹਨ। ਨਸ਼ਾ ਤਸਕਰੀ ਦੇ ਕਾਰੋਬਾਰੀਆਂ ਦੇ ਨਿਸ਼ਾਨੇ 'ਤੇ ਉਹ ਲੋਕ ਹੁੰਦੇ ਹਨ ਜੋ ਰੁਜ਼ਗਾਰ ਨਾ ਮਿਲਣ ਅਤੇ ਘਰ ਦੀ ਤੰਗੀ ਤੋਂ ਪ੍ਰੇਸ਼ਾਨ ਹੁੰਦੇ ਹਨ।

ਬੱਚਿਆਂ ਨੂੰ ਵਿਦੇਸ਼ ਪੜ੍ਹਨ ਲਈ ਸੋਚ ਸਮਝ ਕੇ ਭੇਜਣਾ ਚਾਹੀਦਾ ਹੈ। ਵਿਦੇਸ਼ਾਂ ਵਿੱਚ ਪੈਸਾ ਕਮਾਉਣਾ ਵੀ ਬਹੁਤ ਮੁਸ਼ਕਿਲ ਹੈ। ਪੜ੍ਹਾਈ ਦੇ ਨਾਲ ਕੰਮ ਵੀ ਹਫ਼ਤੇ ਵਿੱਚ ਥੋੜ੍ਹੇ ਘੰਟੇ ਮਿਲਦਾ ਹੈ। ਕਮਰੇ ਦਾ ਕਿਰਾਇਆ, ਕਾਲਜ ਦੀ ਫੀਸ ਭਰਨੀ, ਵਿਦੇਸ਼ ਜਾਣ ਲਈ ਪੈਸੇ ਚੁੱਕੇ ਕਰਜ਼ ਦੀ ਚਿੰਤਾ ਵੀ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕਰਦੀ ਹੈ। ਤਿੰਨ-ਤਿੰਨ, ਚਾਰ-ਚਾਰ ਇਕੱਠੇ ਲੜਕਿਆਂ ਨੂੰ ਬੇਸਮੈਂਟ ਵਿੱਚ ਰਹਿਣਾ ਪੈਂਦਾ ਹੈ। ਅਗਰ ਲੜਕੀਆਂ ਚਾਰ ਜਾਂ ਘੱਟ ਹੋਣ ਤਾਂ ਕਈ ਵਾਰ ਮੁੰਡਿਆਂ ਨਾਲ ਵੀ ਰਹਿਣਾ ਪੈਂਦਾ ਹੈ। ਜਦੋਂ ਲੋੜ ਅਨੁਸਾਰ ਕੰਮ ਨਹੀਂ ਮਿਲਦਾ ਤਾਂ ਖਰਚੇ ਪੂਰੇ ਕਰਨ ਲਈ ਬੱਚੇ ਗਲਤ ਕੰਮ ਕਰਨ ਲਈ ਵੀ ਮਜਬੂਰ ਹੋ ਜਾਂਦੇ ਹਨ। ਕੁੜੀਆਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਬੱਚਿਆਂ ਨੂੰ ਹਮੇਸ਼ਾ ਹੌਸਲਾ ਦਿੰਦੇ ਰਹਿਣਾ ਚਾਹੀਦਾ ਹੈ। ਵਿਦੇਸ਼ ਜਾ ਕੇ ਬੱਚੇ ਘੋਰ ਨਿਰਾਸ਼ਾ ਵਿੱਚ ਰਹਿੰਦੇ ਹਨ। ਬੱਚਿਆਂ ਨੂੰ ਭਾਰਤ ਵਿੱਚ ਰਹਿ ਕੇ ਹੀ ਆਪਣਾ ਕਰੀਅਰ ਬਣਾਉਣ ਲਈ ਸਮੇਂ ਸਮੇਂ 'ਤੇ ਪ੍ਰੇਰਤ ਕਰਦੇ ਰਹਿਣਾ ਚਾਹੀਦਾ ਹੈ। ਭਾਰਤ ਵਿੱਚ ਥੋੜ੍ਹੇ ਪੈਸੇ ਲਾ ਕੇ ਵਿਦਿਆਰਥੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹਨ ਤੇ ਪਰਿਵਾਰ ਵੀ ਕਰਜ਼ੇ ਦੇ ਬੋਝ ਤੋਂ ਬਚ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਸਵੈ-ਰੁਜ਼ਗਾਰ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰੇ। ਖੇਤੀ ਅਧਾਰਿਤ ਸਨਅਤਾਂ ਨੂੰ ਪ੍ਰਫੁੱਲਤ ਕਰੇ। ਨੌਜਵਾਨਾਂ ਨੂੰ ਕੰਮ ਕਰਨ ਲਈ ਸਰਲ ਤੋਂ ਸਰਲ ਵਿਧੀ ਨਾਲ ਕਰਜ਼ਾ ਦੇਵੇ, ਜਿਸ ਨਾਲ ਉਹ ਆਪਣਾ ਕੰਮ ਸ਼ੁਰੂ ਕਰ ਸਕਣ।

ਭਾਰਤ ਵਿੱਚ 10 ਸਾਲ ਤੋਂ 24 ਸਾਲ ਦੀ ਉਮਰ ਦੇ 36.9 ਕਰੋੜ ਨੌਜਵਾਨ ਹਨ। ਦੇਸ਼ ਦੀ 65 ਫ਼ੀਸਦੀ ਅਬਾਦੀ ਦੀ ਔਸਤ ਉਮਰ 35 ਸਾਲ ਹੈ। ਭਾਰਤ ਨੌਜਵਾਨਾਂ ਵਾਲਾ ਦੇਸ਼ ਹੈ। ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ। ਕਿਸੇ ਵੀ ਦੇਸ਼ ਦਾ ਭਵਿੱਖ ਨੌਜਵਾਨ ਪੀੜ੍ਹੀ 'ਤੇ ਹੀ ਨਿਰਭਰ ਕਰਦਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸਰਕਾਰ ਦਾ ਨੈਤਿਕ ਫ਼ਰਜ਼ ਹੈ। ਰੁਜ਼ਗਾਰ ਉਹ ਸਾਧਨ ਹੈ ਜਿਸ ਨਾਲ ਮਨੁੱਖ ਆਪਣੇ ਜੀਵਨ ਦਾ ਗੁਜ਼ਾਰਾ ਕਰ ਸਕਦਾ ਹੈ। ਲੋਕਾਂ ਦਾ ਖਿਆਲ ਰੱਖਣਾ, ਉਨ੍ਹਾਂ ਦੀ ਚਿੰਤਾ ਕਰਨੀ ਇੱਕ ਚੰਗੀ ਸਰਕਾਰ ਦਾ ਮੁਢਲਾ ਸਿਧਾਂਤ ਹੈ। ਕਿਸੇ ਵੀ ਸਮਾਜ ਜਾਂ ਦੇਸ਼ ਦੀ ਸਮੁੱਚੀ ਵਿਵਸਥਾ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਵਿੱਚ ਨੌਜਵਾਨ ਵੱਡੀ ਭੂਮਿਕਾ ਨਿਭਾ ਸਕਦੇ ਹਨ।

# ਵਰਲਡ ਸਿੱਖ ਪਾਰਲੀਮੈਂਟ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਦਿਤੀ ਮਾਨਤਾ

ਬਰਲਿਨ : ਵਰਲਡ ਸਿੱਖ ਪਾਰਲੀਮੈਂਟ ਦੇ ਪੰਜਵੇਂ ਜਨਰਲ ਇਜਲਾਸ ਦੇ ਤੀਜੇ ਤੇ ਆਖ਼ਰੀ ਦਿਨ ਗੁਰਦੁਆਰਾ ਸਿੱਖ ਸੈਂਟਰ ਫ਼ਰੈਂਕਫ਼ਰਟ ਵਿਖੇ ਅੰਤਰਰਾਸ਼ਟਰੀ ਪੰਥਕ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਦੇਸ਼ ਵਿਦੇਸ਼ ਤੋਂ ਆਏ ਬੁਲਾਰਿਆਂ ਨੇ ਸੰਗਤਾਂ ਸਾਹਮਣੇ ਅਪਣੇ ਵਿਚਾਰ ਰੱਖੇ।



ਦੀਵਾਨ ਦਾ ਅਰੰਭ ਕੀਰਤਨੀ ਜਥੇ ਵਲੋਂ ਇਲਾਹੀ ਬਾਣੀ ਦੇ ਜਾਪ ਨਾਲ ਹੋਇਆ ਉਪਰੰਤ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਸਟੇਜ ਦੀ ਸੇਵਾ ਸੰਭਾਲੀ ਤੇ ਸੰਗਤਾਂ ਨੂੰ ਵਰਲਡ ਸਿੱਖ ਪਾਰਲੀਮੈਂਟ ਦੇ ਪਿਛਲੇ ਦੋ ਦਿਨਾਂ ਦੇ ਇਜਲਾਸ ਦੀ ਸੰਖੇਪ ਜਾਣਕਾਰੀ ਦਿਤੀ। ਇਸ ਮੌਕੇ ਬੁਲਾਰਿਆਂ ਨੇ ਭਾਈ ਹਰਦਿਆਲ ਸਿੰਘ (ਯੂਨਾਇਟਡ ਸਿੱਖਜ਼) ਯੂ. ਐਸ. ਏ. ਨੇ ਵਰਲਡ ਸਿੱਖ ਪਾਰਲੀਮੈਂਟ ਨਾਲ ਜੁੜ ਕੇ ਕੀਤੇ ਜਾਂਦੇ ਕਾਰਜਾਂ ਬਾਰੇ ਦਸਿਆ।

ਭਾਈ ਪ੍ਰਭ ਸਿੰਘ ਕਨੇਡਾ ਨੇ ਸਿੱਖਾਂ ਨੂੰ ਕਾਨੂੰਨੀ ਤੌਰ ਤੇ ਮਜ਼ਬੂਤ ਹੋ ਕੇ ਹਰ ਵਿਤਕਰੇ ਨਾਲ ਜੂਝਣ ਬਾਰੇ ਦਸਿਆ। ਭਾਈ ਸਿਮਰਨਜੋਤ ਸਿੰਘ ਕਨੇਡਾ ਨੇ ਭਾਰਤ ਸਰਕਾਰ ਨੂੰ ਚੈਲੰਜ ਕੀਤਾ ਕਿ ਉਹ ਸਿੱਖਾਂ ਨੂੰ ਟਾਰਗੇਟ ਕਿੰਲਿੰਗ ਕਰ ਕੇ ਖ਼ਤਮ ਨਹੀਂ ਕਰ ਸਕਦੀ। ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਕਿਹਾ ਕਿ ਆਜ਼ਾਦੀ ਦੀ ਪ੍ਰਾਪਤੀ ਤਕ ਜੰਗ ਜਾਰੀ ਰਹੇਗੀ। ਭਾਈ ਮਨਪ੍ਰੀਤ ਸਿੰਘ ਇੰਗਲੈਂਡ ਨੇ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਕੀਤੇ ਕੰਮਾਂ ਬਾਰੇ ਦਸਿਆ।

ਭਾਈ ਜਗਜੀਤ ਸਿੰਘ ਨੇ ਯੂਰਪ ਦੇ ਸਿੱਖਾਂ ਨੂੰ ਮਿਲ ਕੇ ਆਪਣੇ ਮਸਲੇ ਹੱਲ ਕਰਨ ਦੀ ਬੇਨਤੀ ਕੀਤੀ। ਭਾਈ ਅਮਰੀਕ ਸਿੰਘ ਸਹੋਤਾ ਨੇ ਕਿਹਾ ਸਿੱਖਾਂ ਦਾ ਪ੍ਰਣ ਹੈ ਕਿ ਖ਼ਾਲਿਸਤਾਨ ਦੀ ਪ੍ਰਾਪਤੀ ਤਕ ਜਦੋਜਹਿਦ ਕਰਦੇ ਰਹਿਣਗੇ ।

ਇਸ ਮੌਕੇ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਵਰਲਡ ਸਿੱਖ ਪਾਰਲੀਮੈਂਟ ਦੇ ਪੰਜਵੇਂ ਇਜਲਾਸ ਵਿਚ ਪਾਸ ਕੀਤੇ ਮਤੇ ਪੜ੍ਹ ਕੇ ਸੁਣਾਏ ਜਿਸ ਵਿਚ ਖ਼ਾਲਿਸਤਾਨ ਪ੍ਰਤੀ ਵਚਨਬੱਧਤਾ, ਸ਼ਹੀਦਾਂ ਦੇ ਪਾਏ ਪੂਰਨਿਆ ਉੱਤੇ ਚਲਣ ਦਾ ਪ੍ਰਣ ਸ਼ਾਮਲ ਸਨ। ਭਾਰਤ ਸਰਕਾਰ ਵਲੋਂ ਟਰਾਂਸਨੈਸ਼ਨਲ ਰਿਪਰੇਸ਼ਨ ਵਿਰੁਧ ਅਤੇ ਸਨਾਤਨਵਾਦ ਦੇ ਸਿੱਖੀ ਉਤੇ ਵਧਦੇ ਪ੍ਰਭਾਵ ਪ੍ਰਤੀ ਵੀ ਮਤੇ ਸ਼ਾਮਲ ਸਨ। ਮਤਿਆਂ ਵਿਚ ਹਾਲ ਹੀ ਵਿਚ ਚਲ ਰਹੀਆਂ ਰੂਸ ਯੂਕਰੇਨ ਅਤੇ ਇਸਰਾਇਲ ਫ਼ਲਸਤੀਨ ਦੀਆਂ ਜੰਗਾਂ ਵਿਚ ਸਾਰੀਆਂ ਧਿਰਾਂ ਨੂੰ ਮਿਲ ਕੇ ਮਸਲੇ ਹੱਲ ਕਰਨ ਬਾਰੇ ਕਿਹਾ ਗਿਆ।

ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਵੱਡੇ ਪੱਧਰ ਤੇ ਮਨਾਉਣ ਤੇ ਭਾਰਤ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਕਰਨ। ਇਸ ਦੇ ਨਾਲ ਹੀ ਇਸ ਮਤਾ ਨੰਬਰ 5 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸੰਨ 2003 ਵਿਚ ਦਮਦਮਾ ਸਾਹਿਬ ਦੀ ਧਰਤੀ ਤੋਂ ਜਾਰੀ ਹੋਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਵਰਲਡ ਸਿੱਖ ਪਾਰਲੀਮੈਂਟ ਬਹੁਸੰਮਤੀ ਨਾਲ ਮਾਨਤਾ ਦਿੰਦੀ ਹੈ ਅਤੇ ਪੂਰੀ ਕੌਮ ਨੂੰ ਬੇਨਤੀ ਕਰਦੀ ਹੈ ਕਿ ਸਾਰੇ ਇਤਿਹਾਸਿਕ ਦਿਹਾੜਿਆਂ ਅਤੇ ਗੁਰਪੁਰਬਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ ਹੀ ਮਨਾਉਣ।

ਕਾਨਫ਼ਰੰਸ ਦੀ ਸਮਾਪਤੀ 'ਤੇ ਗਰਮਖਿਆਲੀ ਅਫੇਅਰਜ਼ ਸੈਂਟਰ ਦੇ ਡਾਇਰੈਕਟਰ ਅਤੇ ਟੀ ਵੀ 84 ਦੇ ਭਾਈ ਅਮਰਜੀਤ ਸਿੰਘ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।

# ਡੋਨਾਲਡ ਟਰੰਪ ਨੇ ਰਾਸ਼ਟਰਪਤੀ ਅਹੁਦੇ ਦੀ ਬਹਿਸ ਦੇ ਪ੍ਰਸਤਾਵ ਨੂੰ ਰੱਦ ਕੀਤਾ



ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਕਤੂਬਰ ਦੇ ਅਖੀਰ ਵਿੱਚ ਫੌਕਸ ਨਿਊਜ਼ ਦੁਆਰਾ ਪ੍ਰਸਤਾਵਿਤ ਰਾਸ਼ਟਰਪਤੀ ਅਹੁਦੇ ਦੀ ਬਹਿਸ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਦਾਅਵਾ ਕੀਤਾ ਹੈ ਕਿ ਮੌਜੂਦਾ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਾਈਡੇਨ ਅਤੇ ਉਨ੍ਹਾਂ ਦੀ ਵਰਕਰ ਕਮਲਾ ਹੈਰਿਸ ਖ਼ਿਲਾਫ਼ ਆਖਰੀ ਦੋ ਬਹਿਸਾਂ ਤੋਂ ਬਾਅਦ ਬਹਿਸ ਕਰਨ ਲਈ ਕੁਝ ਨਹੀਂ ਬਚਿਆ ਹੈ।

ਟਰੰਪ ਨੇ ਬੁੱਧਵਾਰ ਨੂੰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ, ਰਾਹੀਂ ਕਿਹਾ, "ਮੈਂ ਪਿਛਲੀਆਂ ਦੋ ਬਹਿਸਾਂ ਜਿੱਤੀਆਂ... ਪ੍ਰਕਿਰਿਆ ਵਿੱਚ ਬਹੁਤ ਦੇਰ ਹੋ ਚੁੱਕੀ ਹੈ, ਵੋਟਿੰਗ ਸ਼ੁਰੂ ਹੋ ਚੁੱਕੀ ਹੈ ਅਤੇ ਇਹ ਦੁਬਾਰਾ ਨਹੀਂ ਹੋਵੇਗਾ।" ਇਸ ਦੇ ਨਾਲ, ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਮਲਾ ਹੈਰਿਸ, ਜੋ ਕਿ ਜੋਅ ਬਾਈਡੇਨ ਨਾਲ ਮਿਲੇ ਹਨ, ਬਹਿਸ ਕਰਨ ਦੀ ਯੋਗਤਾ ਨਹੀਂ ਰੱਖਦੀਆਂ।

ਇਹ ਘਟਨਾ ਦੇਖਦਿਆਂ, ਟਰੰਪ ਦੇ ਫੈਸਲੇ ਨੇ ਰਾਸ਼ਟਰਪਤੀ ਚੋਣਾਂ ਦੇ ਸੰਦਰਭ ਵਿੱਚ ਬਹਿਸ ਅਤੇ ਚੋਣ ਪ੍ਰਕਿਰਿਆ ਦੀ ਗੰਭੀਰਤਾ ਨੂੰ ਉਜਾਗਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਮੁੱਖ ਵੋਟਿੰਗ 5 ਨਵੰਬਰ 2024 ਨੂੰ ਹੋਵੇਗੀ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861

Keep Smiling Denture Clinic
Complete Denture · Implant Denture · Partial Denture
Care Home Mobile Service
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

# 'ਤੇ ਹੁਣ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਨਹੀਂ ਰਿਹਾ

**ਲਿਖਤ : ਇੰਜੀਨੀਅਰ ਭੁਪਿੰਦਰ ਸਿੰਘ**

ਮੌਜੂਦਾ ਹਾਲਾਤ ਵਿਚ ਅੱਜ ਕੋਈ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋਵੇਗਾ ਕਿ ਪੰਜਾਬ ਇੱਕ ਬਿਜਲੀ ਦੀ ਘਾਟ ਵਾਲਾ ਸੂਬਾ ਹੈ।

ਇਸ ਦਾ ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ. ਦੀ ਮੈਨੇਜਮੈਂਟ ਨੇ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਹੋਇਆ ਹੈ ਕਿ ਪੰਜਾਬ ਕੋਲ ਵਾਧੂ ਬਿਜਲੀ ਉਪਲੱਬਧ ਹੈ ਅਤੇ ਕਿਸੇ ਵੀ ਵਰਗ ਨੂੰ ਪਾਵਰ ਕੱਟਾਂ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਦੂਜੇ ਪਾਸੇ, ਪੰਜਾਬ ਸਰਕਾਰ ਤਕਰੀਬਨ 90 ਪ੍ਰਤੀਸ਼ਤ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਪ੍ਰਦਾਨ ਕਰ ਰਹੀ ਹੈ, ਇਸ ਲਈ ਆਮ ਤੌਰ ਤੇ ਲੋਕ ਬਿਜਲੀ ਦੇ ਸੰਬੰਧ ਵਿਚ ਸੰਤੁਸ਼ਟ ਲੱਗਦੇ ਹਨ। ਮੀਡੀਆ ਵਿਚ ਵੀ ਕੋਈ ਵੱਡੇ ਪੱਧਰ 'ਤੇ ਬਿਜਲੀ ਸੰਬੰਧੀ ਮੁਸ਼ਕਿਲਾਂ ਬਾਰੇ ਜ਼ਿਕਰ ਨਹੀਂ ਆਉਂਦਾ। ਅਜਿਹੇ ਬਿਆਨ ਵੀ ਸਾਹਮਣੇ ਆਏ ਹਨ ਕਿ ਪੀ.ਐਸ.ਪੀ.ਸੀ.ਐਲ. ਮੁਨਾਫੇ ਵਿਚ ਚੱਲ ਰਿਹਾ ਹੈ। ਸਮੁੱਚੇ ਤੌਰ 'ਤੇ ਇਹ ਪੇਸ਼ ਕੀਤਾ ਜਾ ਰਿਹਾ ਹੈ ਕਿ ਬਿਜਲੀ ਦੇ ਖੇਤਰ ਵਿਚ ਪੰਜਾਬ ਠੀਕ-ਠਾਕ ਹੈ।

ਲੇਖਕ ਕਾਫੀ ਸਮੇਂ ਤੋਂ ਇਹ ਦਲੀਲ ਪੇਸ਼ ਕਰ ਰਹੇ ਹਨ ਕਿ ਪੰਜਾਬ ਬਿਜਲੀ ਦੀ ਕਮੀ ਵਾਲਾ ਸੂਬਾ ਬਣ ਗਿਆ ਹੈ ਅਤੇ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਇਸ ਨੂੰ ਮੰਡੀ (ਬਿਜਲੀ ਦੀ ਮੰਡੀ) ਤੋਂ ਸਮੇਂ-ਸਮੇਂ 'ਤੇ ਲੋੜ ਮੁਤਾਬਕ ਮਹਿੰਗੀ ਬਿਜਲੀ ਖਰੀਦਣੀ ਪੈਂਦੀ ਹੈ। ਇਸ ਦਾ ਮੰਦਾ ਪ੍ਰਭਾਵ ਪੀ.ਐੱਸ.ਪੀ.ਸੀ.ਐੱਲ. ਦੇ ਵਿੱਤੀ ਹਾਲਾਤ 'ਤੇ ਪੈ ਰਿਹਾ ਹੈ। ਇਸ ਲੇਖ ਰਾਹੀਂ ਇਸ ਗੱਲ ਨੂੰ ਤੱਥਾਂ ਨਾਲ ਘੋਖਿਆ ਜਾਵੇਗਾ ਕਿ ਕੀ ਪੰਜਾਬ ਸਹੀ ਮਾਇਨਿਆਂ ਵਿਚ ਬਿਜਲੀ ਦੀ ਕਮੀ ਵਾਲਾ ਸੂਬਾ ਹੈ ਅਤੇ ਕੀ ਪੀ.ਐਸ.ਪੀ.ਸੀ.ਐਲ. ਮਹਿੰਗੀ ਬਿਜਲੀ ਦੀ ਖਰੀਦ ਕਰ ਰਿਹਾ ਹੈ?

ਕੀ ਮਹਿੰਗੀ ਬਿਜਲੀ ਕਾਰਨ ਪੀ.ਐੱਸ.ਪੀ.ਸੀ.ਐੱਲ. 'ਤੇ ਵਾਧੂ ਵਿੱਤੀ ਬੋਝ ਪੈ ਰਿਹਾ ਹੈ ਜਿਸ ਨਾਲ ਖਪਤਕਾਰਾਂ ਲਈ ਮਹਿੰਗੀ ਬਿਜਲੀ ਖਰੀਦਣ 'ਤੇ ਪੰਜਾਬ ਸਰਕਾਰ ਦਾ ਸਬਸਿਡੀ ਦਾ ਬਿੱਲ ਵੀ ਵਧ ਰਿਹਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਮਿਤੀ 14.06.2024 ਨੂੰ ਜਾਰੀ ਕੀਤਾ ਟੈਰਿਫ ਆਰਡਰ ਆਧਾਰ ਬਣਾ ਕੇ ਘੋਖਣ ਦੀ ਲੋੜ ਹੈ। ਇਸ ਆਰਡਰ ਨਾਲ ਸਾਲ 2024-25 (1 ਅਪ੍ਰੈਲ 2024 ਤੋਂ 31 ਮਾਰਚ, 2025) ਦੌਰਾਨ ਬਿਜਲੀ ਦੀਆਂ ਦਰਾਂ ਘੋਸ਼ਿਤ ਕੀਤੀਆਂ ਗਈਆਂ ਸਨ। ਇਸ ਟੈਰਿਫ ਆਰਡਰ ਦੇ ਦੋ ਪ੍ਰਮੁੱਖ ਅੰਗ ਹਨ। ਇੱਕ 2022-23 ਦੇ ਆਡਿਟ ਕੀਤੇ ਗਏ ਅਤੇ ਪੀ.ਐੱਸ.ਪੀ.ਸੀ.ਐੱਲ. ਵਲੋਂ ਪੇਸ਼ ਕੀਤੇ ਅਸਲ ਆਮਦਨ ਅਤੇ ਖਰਚਿਆਂ ਦੀ ਪ੍ਰਵਾਨਗੀ ਅਤੇ ਦੂਸਰਾ ਸਾਲ 2024-25 ਲਈ ਬਿਜਲੀ ਦਰਾਂ ਦਾ ਕੀਤਾ ਗਿਆ ਐਲਾਨ। ਕੀ ਪੰਜਾਬ ਵਿਚ ਬਿਜਲੀ ਦੀ ਘਾਟ ਹੈ, ਇਸ ਸਵਾਲ ਦਾ ਜਵਾਬ ਇਨ੍ਹਾਂ ਦੋਵਾਂ ਅੰਗਾਂ ਨੂੰ ਘੋਖਣ ਤੋਂ ਕਾਫੀ ਸਪੱਸ਼ਟ ਹੋ ਜਾਂਦਾ ਹੈ।

## ਆਮਦਨ ਅਤੇ ਖਰਚੇ

ਵਰਨਣਯੋਗ ਹੈ ਕਿ ਮਿਤੀ 31.03.2022 ਨੂੰ ਰੈਗੂਲੇਟਰ ਨੇ ਅਨੁਮਾਨਾਂ ਦੇ ਆਧਾਰ ਅਤੇ ਪੀ.ਐਸ.ਪੀ.ਸੀ.ਐਲ. ਵਲੋਂ ਪੇਸ਼ ਕੀਤੇ ਗਏ ਖਰਚਿਆਂ ਦੀ ਸਾਰਣੀ ਨੂੰ ਮੁੱਖ ਰੱਖਦੇ ਹੋਏ ਸਾਲ 2022-23 ਦੀਆਂ ਬਿਜਲੀ ਦਰਾਂ ਘੋਸ਼ਿਤ ਕੀਤੀਆਂ ਸਨ। ਇਸ ਟੈਰਿਫ ਆਰਡਰ ਦੇ ਟੇਬਲ ਨੰ:7.1 ਮੁਤਾਬਕ ਪੀ.ਐਸ.ਪੀ.ਸੀ.ਐਲ. ਨੂੰ ਕੁੱਲ 36237 ਕਰੋੜ ਰੁਪਏ ਦੇ ਖਰਚਿਆਂ ਦੀ ਪ੍ਰਵਾਨਗੀ ਦਿੱਤੀ ਸੀ, ਜਿਸ ਨਾਲ ਔਸਤਨ ਦਰ 648 ਪੈਸੇ ਪ੍ਰਤੀ ਯੂਨਿਟ ਬਣਦੀ ਹੈ। ਇਸ ਔਸਤਨ ਬਿਜਲੀ ਦਰ ਮੁਤਾਬਿਕ ਹੀ ਖਪਤਕਾਰਾਂ ਦੇ ਵੱਖਰੇ-ਵੱਖਰੇ ਵਰਗਾਂ ਦੇ ਬਿਜਲੀ ਦੇ ਰੇਟ ਅਤੇ ਪੰਜਾਬ ਸਰਕਾਰ ਤੋਂ ਬਿਜਲੀ ਸਬਸਿਡੀ ਦੀ ਰਕਮ ਤੈਅ ਹੁੰਦੀ ਹੈ। ਸਾਲ 2022-23 ਖਤਮ ਹੋਣ ਤੋਂ ਬਾਅਦ,



> *"ਭਾਰਤ ਸਰਕਾਰ ਨੇ ਆਪਣੇ ਕਰਨਾਟਕ ਪ੍ਰਦੇਸ਼ ਵਿਚ ਸਥਿਤ ਕੁਡਗੀ ਤਾਪ ਘਰ ਤੋਂ ਪੰਜਾਬ ਨੂੰ 500-1300 ਮੈਗਾਵਾਟ ਬਿਜਲੀ ਦੀ ਸਪਲਾਈ ਦੀ ਪ੍ਰਵਾਨਗੀ ਦਿੱਤੀ। ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ. ਵਲੋਂ ਮੰਡੀ ਤੋਂ 20 ਰੁਪਏ ਪ੍ਰਤੀ ਯੂਨਿਟ ਤੱਕ ਬਿਜਲੀ ਦੀ ਖਰੀਦ ਕੀਤੀ ਗਈ। ਮਹਿੰਗੀ ਬਿਜਲੀ ਦੀ ਖਰੀਦ ਕਾਰਨ ਬਿਜਲੀ ਖਰੀਦ ਦਾ ਪ੍ਰਤੀ ਯੂਨਿਟ ਰੇਟ ਨਿਰਧਾਰਤ 4.44 ਰੁਪਏ ਤੋਂ ਵਧ ਕੇ 5.04 ਰੁਪਏ ਹੋ ਗਿਆ। ਜਿਸ ਨਾਲ ਬਿਜਲੀ ਖਰੀਦ ਦਾ ਖਰਚਾ 23,258 ਕਰੋੜ ਰੁਪਏ ਤੋਂ ਵਧ ਕੇ 27,567 ਕਰੋੜ ਰੁਪਏ ਹੋ ਗਿਆ। ਇਹ ਸਾਲ 2022-23 ਦੇ ਘਾਟੇ ਦਾ ਮੁੱਖ ਕਾਰਨ ਬਣਿਆ।*
>
> *ਰੈਗੂਲੇਟਰ ਨੇ ਮਹਿੰਗੀ ਬਿਜਲੀ ਖਰੀਦਣ 'ਤੇ ਆਪਣੀ ਨਰਾਜ਼ਗੀ ਜ਼ਾਹਿਰ ਕੀਤੀ ਅਤੇ ਪੰਨਾ 62 'ਤੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੂੰ ਆਪਣੀ ਗਲਤ ਪਲਾਨਿੰਗ ਦੇ ਕਾਰਨ ਮਹਿੰਗੀ ਬਿਜਲੀ ਖਰੀਦ ਕਰਨੀ ਪੈ ਰਹੀ ਹੈ। ਪੀ.ਐਸ.ਪੀ.ਸੀ.ਐਲ. ਨੇ ਕੁਡਗੀ ਪਲਾਂਟ ਤੋਂ 138 ਕਰੋੜ ਯੂਨਿਟਾਂ ਪ੍ਰਤੀ ਯੂਨਿਟ 8 ਰੁਪਏ 51 ਪੈਸੇ ਨਾਲ ਬਿਜਲੀ ਖਰੀਦੀ। ਰੈਗੂਲੇਟਰ ਨੇ ਇੰਨੀ ਮਹਿੰਗੀ ਬਿਜਲੀ ਦਾ ਬੋਝ ਖਪਤਕਾਰਾਂ 'ਤੇ ਪਾਉਣਾ ਵਾਜਿਬ ਨਹੀਂ ਸਮਝਿਆ। ਇਸ ਨੂੰ ਮੁੱਖ ਰੱਖਦੇ ਹੋਏ ਰੈਗੂਲੇਟਰ ਨੇ ਕੁਡਗੀ ਤਾਪ ਘਰ ਤੋਂ ਮਹਿੰਗੀ ਬਿਜਲੀ ਖਰੀਦਣ ਲਈ 262 ਕਰੋੜ ਰੁਪਏ), ਨੈੱਟ ਬੈਂਕਿੰਗ 'ਤੇ 122 ਕਰੋੜ ਰੁਪਏ ਅਤੇ ਟੀ ਐਂਡ ਡੀ ਲਾਸਿਸ ਦੇ ਟੀਚੇ ਨਾ ਪੂਰੇ ਹੋਣ ਦੇ ਕਾਰਨ 385 ਕਰੋੜ ਰੁਪਏ ਦਾ ਜੁਰਮਾਨਾ ਲਾਇਆ। ਜੇਕਰ ਪੰਜਾਬ ਕੋਲ ਆਪਣੀ ਬਿਜਲੀ ਪੂਰੀ ਹੁੰਦੀ ਤਾਂ ਮਹਿੰਗੀ ਬਿਜਲੀ ਖਰੀਦਣ 'ਤੇ ਖਰਚਾ ਨਾ ਕਰਨਾ ਪੈਂਦਾ।"*

ਪੀ.ਐੱਸ.ਪੀ.ਸੀ.ਐੱਲ. ਨੇ ਅਸਲ ਦੇ ਆਧਾਰ 'ਤੇ ਅਤੇ ਆਡਿਟ ਤੋਂ ਪ੍ਰਵਾਨਗੀ ਤੋਂ ਬਾਅਦ ਆਪਣੇ ਆਮਦਨ ਅਤੇ ਖਰਚੇ ਰੈਗੂਲੇਟਰ ਨੂੰ ਪੇਸ਼ ਕੀਤੇ। ਪੀ.ਐਸ.ਪੀ.ਸੀ.ਐੱਲ. ਮੁਤਾਬਿਕ 36,237 ਕਰੋੜ ਰੁਪਏ ਦੇ ਮੁਕਾਬਲੇ 44,158 ਕਰੋੜ ਰੁਪਏ ਦਾ ਖਰਚਾ ਹੋਇਆ। ਮਤਲਬ ਇਹ ਬਣਿਆ ਕਿ ਰੈਗੂਲੇਟਰ ਵਲੋਂ ਮਨਜ਼ੂਰ 36,237 ਕਰੋੜ ਦੇ ਮੁਕਾਬਲੇ 7,921 ਕਰੋੜ ਵਾਧੂ ਖਰਚਾ (22 ਪ੍ਰਤੀਸ਼ਤ) ਕੀਤਾ ਗਿਆ ਜਿਸ ਨਾਲ ਪੀ.ਐੱਸ.ਪੀ.ਸੀ.ਐੱਲ. ਨੂੰ 6,837 ਕਰੋੜ ਰੁਪਏ ਘਾਟਾ ਪਿਆ। ਰੈਗੂਲੇਟਰ ਨੇ ਪੀ.ਐੱਸ.ਪੀ.ਸੀ.ਐੱਲ. ਵਲੋਂ ਕੀਤੇ ਗਏ ਖਰਚਿਆਂ ਵਿਚ ਆਪਣੇ ਸਿਧਾਂਤਾਂ ਅਤੇ ਨਿਯਮਾਂ ਮੁਤਾਬਿਕ 42,067 ਕਰੋੜ ਰੁਪਏ ਮਨਜ਼ੂਰ ਕੀਤੇ ਅਤੇ ਇਸ ਆਧਾਰ 'ਤੇ ਪੀ.ਐੱਸ.ਪੀ.ਸੀ.ਐੱਲ. ਨੂੰ ਸਾਲ 2022-23 ਦਾ ਘਾਟਾ ਪੂਰਾ ਕਰਨ ਲਈ 4,202 ਕਰੋੜ ਰੁਪਏ ਦਾ ਹੱਕਦਾਰ ਕਰਾਰ ਕੀਤਾ।

## ਪੀ.ਐੱਸ.ਪੀ.ਸੀ.ਐੱਲ. ਨੇ ਬਿਜਲੀ ਦੀ ਘਾਟ ਨੂੰ ਸਵੀਕਾਰਿਆ

ਇਸ ਟੈਰਿਫ ਆਰਡਰ ਦੇ ਪੰਨਾ ਨੰ:55 ਦੇ ਕੰਮ ਨੰ:(ਣ)) 'ਤੇ ਪੀ.ਐਸ.ਪੀ.ਸੀ.ਐਲ. ਵਲੋਂ ਗੰਭੀਰ ਬਿਜਲੀ ਘਾਟ ਬਾਰੇ ਸਵੀਕਾਰਿਆ ਗਿਆ ਹੈ। ਸਾਲ 2022-23 ਦੌਰਾਨ ਬਿਜਲੀ ਦੀ ਮੰਗ 14311 ਮੈਗਾਵਾਟ ਰਿਕਾਰਡ ਕੀਤੀ ਗਈ ਹੈ। ਬਿਜਲੀ ਦੀ ਘਾਟ ਕਾਰਨ ਇਸ ਮੰਗ ਨੂੰ ਪੂਰਾ ਕਰਨ ਲਈ ਪੀ.ਐੱਸ.ਪੀ.ਸੀ.ਐੱਲ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਤੋਂ ਫੌਰੀ ਤੌਰ 'ਤੇ ਬਿਜਲੀ ਦੀ ਮੰਗ ਕਰਨ। ਪੀ.ਐੱਸ.ਪੀ.ਸੀ.ਐੱਲ. ਦੇ ਕਹਿਣ 'ਤੇ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਤੋਂ 1500-2000 ਮੈਗਾਵਾਟ ਵਾਧੂ ਬਿਜਲੀ ਦੀ ਮੰਗ ਕੀਤੀ। ਭਾਰਤ ਸਰਕਾਰ ਨੇ ਆਪਣੇ ਕਰਨਾਟਕ ਪ੍ਰਦੇਸ਼ ਵਿਚ ਸਥਿਤ ਕੁਡਗੀ ਤਾਪ ਘਰ ਤੋਂ ਪੰਜਾਬ ਨੂੰ 500-1300 ਮੈਗਾਵਾਟ ਬਿਜਲੀ ਦੀ ਸਪਲਾਈ ਦੀ ਪ੍ਰਵਾਨਗੀ ਦਿੱਤੀ। ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ. ਵਲੋਂ ਮੰਡੀ ਤੋਂ 20 ਰੁਪਏ ਪ੍ਰਤੀ ਯੂਨਿਟ ਤੱਕ ਬਿਜਲੀ ਦੀ ਖਰੀਦ ਕੀਤੀ ਗਈ। ਮਹਿੰਗੀ ਬਿਜਲੀ ਦੀ ਖਰੀਦ ਕਾਰਨ ਬਿਜਲੀ ਖਰੀਦ ਦਾ ਪ੍ਰਤੀ ਯੂਨਿਟ ਰੇਟ ਨਿਰਧਾਰਤ 4.44 ਰੁਪਏ ਤੋਂ ਵਧ ਕੇ 5.04 ਰੁਪਏ ਹੋ ਗਿਆ। ਜਿਸ ਨਾਲ ਬਿਜਲੀ ਖਰੀਦ ਦਾ ਖਰਚਾ 23,258 ਕਰੋੜ ਰੁਪਏ ਤੋਂ ਵਧ ਕੇ 27,567 ਕਰੋੜ ਰੁਪਏ ਹੋ ਗਿਆ। ਇਹ ਸਾਲ 2022-23 ਦੇ ਘਾਟੇ ਦਾ ਮੁੱਖ ਕਾਰਨ ਬਣਿਆ।

ਰੈਗੂਲੇਟਰ ਨੇ ਮਹਿੰਗੀ ਬਿਜਲੀ ਖਰੀਦਣ 'ਤੇ ਆਪਣੀ ਨਰਾਜ਼ਗੀ ਜ਼ਾਹਿਰ ਕੀਤੀ ਅਤੇ ਪੰਨਾ 62 'ਤੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੂੰ ਆਪਣੀ ਗਲਤ ਪਲਾਨਿੰਗ ਦੇ ਕਾਰਨ ਮਹਿੰਗੀ ਬਿਜਲੀ ਖਰੀਦ ਕਰਨੀ ਪੈ ਰਹੀ ਹੈ। ਪੀ.ਐਸ.ਪੀ.ਸੀ.ਐਲ. ਨੇ ਕੁਡਗੀ ਪਲਾਂਟ ਤੋਂ 138 ਕਰੋੜ ਯੂਨਿਟਾਂ ਪ੍ਰਤੀ ਯੂਨਿਟ 8 ਰੁਪਏ 51 ਪੈਸੇ ਨਾਲ ਬਿਜਲੀ ਖਰੀਦੀ। ਰੈਗੂਲੇਟਰ ਨੇ ਇੰਨੀ ਮਹਿੰਗੀ ਬਿਜਲੀ ਦਾ ਬੋਝ ਖਪਤਕਾਰਾਂ 'ਤੇ ਪਾਉਣਾ ਵਾਜਿਬ ਨਹੀਂ ਸਮਝਿਆ। ਇਸ ਨੂੰ ਮੁੱਖ ਰੱਖਦੇ ਹੋਏ ਰੈਗੂਲੇਟਰ ਨੇ ਕੁਡਗੀ ਤਾਪ ਘਰ ਤੋਂ ਮਹਿੰਗੀ ਬਿਜਲੀ ਖਰੀਦਣ ਲਈ 262 ਕਰੋੜ ਰੁਪਏ), ਨੈੱਟ ਬੈਂਕਿੰਗ 'ਤੇ 122 ਕਰੋੜ ਰੁਪਏ ਅਤੇ ਟੀ ਐਂਡ ਡੀ ਲਾਸਿਸ ਦੇ ਟੀਚੇ ਨਾ ਪੂਰੇ ਹੋਣ ਦੇ ਕਾਰਨ 385 ਕਰੋੜ ਰੁਪਏ ਦਾ ਜੁਰਮਾਨਾ ਲਾਇਆ। ਜੇਕਰ ਪੰਜਾਬ ਕੋਲ ਆਪਣੀ ਬਿਜਲੀ ਪੂਰੀ ਹੁੰਦੀ ਤਾਂ ਮਹਿੰਗੀ ਬਿਜਲੀ ਖਰੀਦਣ 'ਤੇ ਖਰਚਾ ਨਾ ਕਰਨਾ ਪੈਂਦਾ।

## ਖਪਤਕਾਰਾਂ 'ਤੇ ਮੰਦਾ ਪ੍ਰਭਾਵ

ਵਰਨਣਯੋਗ ਹੈ ਕਿ ਮੁੱਖ ਤੌਰ 'ਤੇ ਮਹਿੰਗੀ ਬਿਜਲੀ ਖਰੀਦ ਦੇ ਕਾਰਨ ਸਾਲ 2022-23 ਦੌਰਾਨ ਪੀ.ਐੱਸ.ਪੀ.ਸੀ.ਐੱਲ. ਨੂੰ ਵਿੱਤੀ ਘਾਟਾ ਸਹਿਣਾ ਪਿਆ। ਇਸ ਘਾਟੇ ਕਾਰਨ ਸਾਲ 2024-25 ਦੌਰਾਨ ਬਿਜਲੀ ਦੀਆਂ ਦਰਾਂ 'ਤੇ ਮਾੜਾ ਅਸਰ ਪਿਆ ਹੈ। ਸਾਲ 2024-25 ਲਈ ਬਿਜਲੀ ਦੇ ਦਰ ਨਿਰਧਾਰਿਤ ਕਰਨ ਲਈ 44,239 ਕਰੋੜ ਰੁਪਏ ਖਰਚਾ ਅਨੁਮਾਨਿਤ ਕੀਤਾ ਗਿਆ, ਜਿਸ ਨਾਲ ਇਸ ਸਾਲ ਬਿਜਲੀ ਦੀ ਔਸਤਨ ਦਰ 653 ਪੈਸੇ ਪ੍ਰਤੀ ਯੂਨਿਟ ਬਣਦੀ ਹੈ ਪਰ ਰੈਗੂਲੇਟਰ ਨੇ ਸਾਲ 2022-23 ਦਾ ਪਿਛਲਾ 4,228 ਕਰੋੜ ਬਕਾਇਆ ਮਿਲਾ ਕੇ ਕੁੱਲ ਖਰਚਾ 48,467 ਕਰੋੜ ਰੁਪਏ ਅਨੁਮਾਨਿਤ ਕੀਤਾ ਹੈ, ਜਿਸ ਨਾਲ ਸਾਲ 2024-25 ਦੌਰਾਨ ਬਿਜਲੀ ਦੇ ਦਰ 715 ਪੈਸੇ ਨਿਰਧਾਰਿਤ ਕੀਤੇ ਗਏ ਹਨ।

ਮਤਲਬ ਇਹ ਹੈ ਕਿ ਸਾਲ 2024-25 ਦੌਰਾਨ ਸਾਲ 2022-23 ਦੇ ਘਾਟਿਆਂ ਨੂੰ ਪੂਰਾ ਕਰਨ ਲਈ ਪ੍ਰਤੀ ਯੂਨਿਟ ਬਿਜਲੀ 62 ਪੈਸੇ ਪ੍ਰਤੀ ਯੂਨਿਟ ਮਹਿੰਗੀ ਹੋ ਗਈ ਹੈ। ਜੇਕਰ ਬਿਜਲੀ ਦੀ ਘਾਟ ਨਾ ਹੁੰਦੀ ਤਾਂ ਪੰਜਾਬ ਨੂੰ ਮਹਿੰਗੀ ਬਿਜਲੀ ਖਰੀਦ ਨਾ ਕਰਨੀ ਪੈਂਦੀ ਅਤੇ ਸਾਲ 2024-25 ਦੌਰਾਨ ਬਿਜਲੀ ਦੇ ਰੇਟ ਘੱਟ ਤੈਅ ਹੁੰਦੇ। ਇਸ ਦਾ ਲਾਭ ਖਪਤਕਾਰਾਂ ਅਤੇ ਪੰਜਾਬ ਸਰਕਾਰ ਦੋਹਾਂ ਨੂੰ ਮਿਲਦਾ।

## ਮਹਿੰਗੀ ਬਿਜਲੀ ਖਰੀਦ ਦਾ ਕਾਰਨ


ਘੋਖਣ ਅਤੇ ਵਿਚਾਰਨ ਦੀ ਲੋੜ ਹੈ ਕਿ ਪੰਜਾਬ ਨੂੰ ਖੜ੍ਹੇ ਪੈਰ ਮਹਿੰਗੀ ਬਿਜਲੀ ਕਿਉਂ ਖਰੀਦਣੀ ਪੈਂਦੀ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਕੋਲ ਕੁੱਲ ਤਕਰੀਬਨ 14,700 ਮੈਗਾਵਾਟ ਬਿਜਲੀ ਉਤਪਾਦਨ ਦੀ ਸਮਰੱਥਾ ਹੈ ਜਿਸ ਤੋਂ 12,000-12,500 ਮੈਗਾਵਾਟ ਦੀ ਮੰਗ ਹੀ ਪੂਰੀ ਕੀਤੀ ਜਾ ਸਕਦੀ ਹੈ। ਇਸ ਸਮਰੱਥਾ ਵਿਚ ਪਿਛਲੇ ਕਈ ਸਾਲਾਂ ਤੋਂ ਖਾਸ ਵਾਧਾ ਨਹੀਂ ਕੀਤਾ ਗਿਆ ਪਰ ਇਸ ਦੇ ਮੁਕਾਬਲੇ ਬਿਜਲੀ ਦੀ ਮੰਗ ਹਰ ਸਾਲ ਵਧ ਰਹੀ ਹੈ ਜਿਸ ਨਾਲ ਮੰਗ ਅਤੇ ਸਪਲਾਈ ਦਾ ਪਾੜਾ ਵਧ ਰਿਹਾ ਹੈ। ਵੱਧ ਮੰਗ ਪੂਰੀ ਕਰਨ ਲਈ ਪੀ.ਐਸ.ਪੀ.ਸੀ.ਐਲ. ਨੂੰ ਮੰਡੀ ਤੋਂ ਚਲਦੇ ਰੇਟਾਂ 'ਤੇ ਬਿਜਲੀ ਖਰੀਦਣੀ ਪੈਂਦੀ ਹੈ। ਇਸ ਸਾਲ ਮੰਗ 16000 ਮੈਗਾਵਾਟ ਦੇ ਕਰੀਬ ਰਹੀ ਇਸ ਲਈ 2500-3000 ਮੈਗਾਵਾਟ ਬਿਜਲੀ ਦਾ ਪ੍ਰਬੰਧ ਬਿਜਲੀ ਮੰਡੀ ਤੋਂ ਕਰਨਾ ਪਿਆ। ਇਸ ਲਈ ਲੋੜ ਹੈ ਕਿ ਬਿਜਲੀ ਉਤਪਾਦਨ ਸਮਰੱਥਾ ਵਿਚ ਵਾਧਾ ਕੀਤਾ ਜਾਵੇ। ਪੰਜਾਬ ਨੇ ਪਿਛਲੇ 10-15 ਸਾਲਾਂ ਤੋਂ ਆਪਣਾ ਕੋਈ ਵੀ ਥਰਮਲ ਪਲਾਂਟ ਨਹੀਂ ਲਗਾਇਆ। ਪੀ.ਐਸ.ਪੀ.ਸੀ.ਐਲ. ਦੀ ਮੈਨੇਜਮੈਂਟ ਨੇ ਪਿਛਲੇ 8 ਸਾਲਾਂ ਦੌਰਾਨ ਰੋਪੜ ਵਿਖੇ ਸਟੇਟ ਸੈਕਟਰ ਅਧੀਨ 3000 ਮੈਗਾਵਾਟ ਦਾ ਸੁਪਰਕ੍ਰੀਟੀਕਲ ਤਕਨਾਲੋਜੀ ਦਾ ਥਰਮਲ ਪਲਾਂਟ ਸਥਾਪਿਤ ਕਰਨ ਲਈ ਵੀ ਕੋਈ ਕਦਮ ਨਹੀਂ ਚੁੱਕਿਆ।

ਤਕਨੀਕੀ ਮੈਨੇਜਮੈਂਟ ਤੋਂ ਇਹ ਆਸ ਨਹੀਂ ਸੀ। ਪੰਜਾਬ ਨੂੰ ਆਪਣੇ ਗੁਆਂਢੀ ਸੂਬਿਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਹਰਿਆਣਾ ਯਮੁਨਾਨਗਰ ਵਿਖੇ ਸਟੇਟ ਸੈਕਟਰ ਅਧੀਨ 800 ਮੈਗਾਵਾਟ ਦਾ ਯੂਨਿਟ ਸਥਾਪਿਤ ਕਰ ਰਿਹਾ ਹੈ। ਇਸ ਸਾਲ ਵੀ ਐਨ.ਆਰ.ਐੱਲ.ਡੀ.ਸੀ. ਦੇ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਨੇ ਹਰਿਆਣਾ ਅਤੇ ਯੂ.ਪੀ. ਦੇ ਮੁਕਾਬਲੇ ਵੱਧ ਮਾਤਰਾ ਅਤੇ ਵੱਧ ਰੇਟਾਂ ਤੇ ਬਿਜਲੀ ਦੀ ਖਰੀਦ ਕੀਤੀ ਹੈ। ਬਿਜਲੀ ਦੀ ਘਾਟ ਕਾਰਨ ਪੰਜਾਬ ਨੂੰ ਆਉਣ ਵਾਲੇ ਭਵਿੱਖ ਵਿਚ ਵੀ ਵਧੇਰੇ ਮਾਤਰਾ ਵਿਚ ਮਹਿੰਗੀ ਬਿਜਲੀ ਖਰੀਦਣੀ ਪੈ ਸਕਦੀ ਹੈ। ਇਸ ਲਈ ਆਪਣੀ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਲਈ ਪੁਖਤਾ ਕਦਮ ਚੁੱਕੇ ਜਾਣ ਦੀ ਸਖ਼ਤ ਜ਼ਰੂਰਤ ਹੈ।

# ਕੋਚਿੰਗ ਸੈਂਟਰਾਂ ਨੂੰ ਮਾਫੀਆ ਕਹਿ ਕੇ ਪਾਬੰਦੀ ਲਗਾਉਣ ਦੀ ਲੋੜ

**ਲਿਖਤ : ਪ੍ਰਿਅੰਕਾ ਸੌਰਭ, ਮੋ : 70153-75570**

ਅੱਜਕੱਲ੍ਹ, ਅਸੀਂ ਹਰ ਰੋਜ਼ ਪ੍ਰੀਖਿਆਵਾਂ ਲਈ ਕੋਚਿੰਗ ਲੈ ਰਹੇ ਵਿਦਿਆਰਥੀਆਂ ਦੁਆਰਾ ਖੁਦਕੁਸ਼ੀ ਦੇ ਵੱਧਦੇ ਕੇਸਾਂ ਨੂੰ ਸੁਣਦੇ ਹਾਂ, ਜਿਵੇਂ-ਜਿਵੇਂ ਵਿਦਿਆਰਥੀ ਖੁਦਕੁਸ਼ੀਆਂ ਵਧਦੇ ਹਨ, ਸਾਡੀਆਂ ਸਰਕਾਰਾਂ ਸਿੱਖਿਆ ਕਰਜ਼ਿਆਂ ਦੇ ਬੋਝ ਲਈ ਕੋਚਿੰਗ ਮਾਫੀਆ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਮਾਪਿਆਂ ’ਤੇ ਵਿਦਿਅਕ ਕਰਜ਼ਿਆਂ ਦਾ ਬੋਝ ਵਿਦਿਆਰਥੀਆਂ ਵਿਚ ਤਣਾਅ ਦਾ ਇਕ ਕਾਰਨ ਹੈ ਅਤੇ ਇਸ ਦੇ ਲਈ ਕੇਂਦਰ ਨੂੰ ਇੱਕ ਨੀਤੀ ਬਣਾਉਣੀ ਚਾਹੀਦੀ ਹੈ, ਤਾਂ ਜੋ ਮਾਪਿਆਂ ਨੂੰ ਸਿੱਖਿਆ ਲਈ ਪੈਸਾ ਉਧਾਰ ਨਾ ਲੈਣਾ ਪਵੇ। ਕੋਚਿੰਗ ਸੰਸਥਾਵਾਂ ਸਸਤੀਆਂ ਨਹੀਂ ਹਨ ਅਤੇ ਉਨ੍ਹਾਂ ਦੀਆਂ ਫੀਸਾਂ ਮਾਪਿਆਂ ’ਤੇ ਕਾਫ਼ੀ ਵਿੱਤੀ ਬੋਝ ਹੋ ਸਕਦੀਆਂ ਹਨ, ਖਾਸ ਕਰਕੇ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ। ਫੀਸਾਂ ਤੋਂ ਇਲਾਵਾ, ਅਧਿਐਨ ਸਮੱਗਰੀ, ਆਵਾਜਾਈ ਅਤੇ ਰਿਹਾਇਸ਼ ਲਈ ਭਾਰੀ ਵਾਧੂ ਖਰਚੇ ਹੋ ਸਕਦੇ ਹਨ। ਕੋਚਿੰਗ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਮਾਪੇ ਵੀ ਕਰਜ਼ੇ ਲੈਣ ਲਈ ਮਜਬੂਰ ਹਨ। ਇਹ ਵਿੱਤੀ ਬੋਝ ਤਣਾਅ ਅਤੇ ਚਿੰਤਾ ਪੈਦਾ ਕਰ ਸਕਦਾ ਹੈ ਅਤੇ ਬਹੁਤ ਸਾਰੇ ਪਰਿਵਾਰਾਂ ਲਈ ਵਾਸਤਵਿਕ ਨਹੀਂ ਹੋ ਸਕਦਾ ਹੈ। ਕੋਚਿੰਗ ਸੰਸਥਾਵਾਂ ਸਿਰਫ਼ ਪੈਸਾ ਇਕੱਠਾ ਕਰਨ ਵਿਚ ਦਿਲਚਸਪੀ ਰੱਖਦੀਆਂ ਹਨ। ਇਸ ਲਈ ਸਰਕਾਰ ਨੂੰ ਕੋਚਿੰਗ ਸੈਂਟਰਾਂ ਨੂੰ ਮਾਫੀਆ ਕਰਾਰ ਦੇ ਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਨੀ ਪਵੇਗੀ। ਜਦੋਂ ਅਸੀਂ ਬੱਚੇ ਸੀ, ਤਾਂ ਕੋਈ ਕੋਚਿੰਗ ਨਹੀਂ ਸੀ। ਕੀ ਉਦੋਂ ਵਿਦਿਆਰਥੀ ਆਈ.ਏ.ਐਸ. ਅਤੇ ਆਈ.ਪੀ.ਐਸ. ਨਹੀਂ ਬਣ ਰਹੇ ਸਨ? ਅੱਜਕੱਲ੍ਹ ਕੋਚਿੰਗ ਦੇ ਨਾਂ ’ਤੇ ਮਾਫੀਆ ਪੈਦਾ ਹੋ ਗਿਆ ਹੈ ਅਤੇ ਸਰਕਾਰ ਨੂੰ ਇਨ੍ਹਾਂ ਖਿਲਾਫ ਸਖਤ ਕਾਰਵਾਈ ਕਰਨੀ ਪਵੇਗੀ। ਜੇਕਰ ਡੂੰਘਾਈ ਨਾਲ ਅਤੇ ਵਿਸ਼ਲੇਸ਼ਣਾਤਮਕ ਤੌਰ ’ਤੇ ਦੇਖਿਆ ਜਾਵੇ, ਤਾਂ ਇਹ ਰਾਸ਼ਟਰੀ ਸਰੋਤਾਂ ਦੀ ਸ਼ੁੱਧ ਦੁਰਵਰਤੋਂ ਬਣ ਕੇ ਰਹਿ ਗਿਆ ਹੈ। ਜਿਹੜੇ ਵਿਦਿਆਰਥੀ ਅਕਾਦਮਿਕ ਪ੍ਰਾਪਤੀ ਲਈ ਪੂਰੀ ਤਰ੍ਹਾਂ ਕੋਚਿੰਗ ਕੇਂਦਰਾਂ ’ਤੇ ਨਿਰਭਰ ਕਰਦੇ ਹਨ, ਉਹ ਲੰਬੇ ਸਮੇਂ ਵਿਚ ਸਫਲ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਨੂੰ ਬਣਾਉਣ ਵਿਚ ਅਸਫਲ ਹੋ ਸਕਦੇ ਹਨ। ਉਹ ਕੋਚਿੰਗ ਸੈਂਟਰ ਦੁਆਰਾ ਨਿਯੰਤਰਿਤ ਸਿੱਖਣ ਦੇ ਮਾਹੌਲ ਅਤੇ ਨਿੱਜੀ ਧਿਆਨ ’ਤੇ ਬਹੁਤ ਜ਼ਿਆਦਾ ਨਿਰਭਰ ਹੋ ਸਕਦੇ ਹਨ, ਜਿਸ ਨਾਲ ਆਤਮ-ਵਿਸ਼ਵਾਸ ਅਤੇ ਪਹਿਲਕਦਮੀ ਦੀ ਘਾਟ ਹੋ ਸਕਦੀ ਹੈ। ਕਿਉਂਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਕੋਚਿੰਗ ਦੇ ਦੱਸੇ ਗਏ ਮੂਲ ਉਦੇਸ਼ ਵਧੀਆ ਉਮੀਦਵਾਰਾਂ ਦੀ ਚੋਣ ਨਹੀਂ ਕਰਦੇ ਹਨ। ਕੋਚਿੰਗ ਸੈਂਟਰ ਨਾ ਹੋਣ ’ਤੇ ਵੀ ਵਧੀਆ ਵਿਦਿਆਰਥੀ ਚੁਣੇ ਜਾਣਗੇ। ਅਸਲ ਵਿਚ, ਕੋਚਿੰਗ ਕੇਂਦਰਾਂ ਦੀ ਅਣਹੋਂਦ ਵਿਚ ਵਧੀਆ ਵਿਦਿਆਰਥੀਆਂ ਦੀ ਚੋਣ ਵਧੇਰੇ ਯਥਾਰਥਵਾਦੀ ਹੋਵੇਗੀ। ਕਿਉਂਕਿ ਇਹ ਸਵੈ-ਅਧਿਐਨ ਅਤੇ ਕੱਚੀ ਪ੍ਰਤਿਭਾ ’ਤੇ ਆਧਾਰਿਤ ਹੋਵੇਗਾ। ਕੋਚਿੰਗ ਸੈਂਟਰ ਅੰਸ਼ਕ ਤੌਰ ’ਤੇ ਦੇਸ਼ ਵਿਚ ਸਿੱਖਿਆ ਦੇ ਸਮਾਜ ਵਿਰੋਧੀ ਪੈਟਰਨ ਦੀ ਉਪਜ ਹਨ। ਕੋਚਿੰਗ ਸੈਂਟਰ ਅਕਸਰ ਰੱਟ ਸਿੱਖਣ ਅਤੇ ਯਾਦ ਕਰਨ ’ਤੇ ਜ਼ਿਆਦਾ ਜ਼ੋਰ ਦਿੰਦੇ ਹਨ, ਜੋ ਵਿਦਿਆਰਥੀ ਦੇ ਲੰਬੇ ਸਮੇਂ ਦੇ ਅਕਾਦਮਿਕ ਵਿਕਾਸ ਲਈ ਨੁਕਸਾਨਦੇਹ ਹੋ ਸਕਦਾ ਹੈ। ਇਮਤਿਹਾਨ-ਮੁਖੀ ਸਿਖਲਾਈ ਅਤੇ ਨਿਰੰਤਰ ਟੈਸਟਿੰਗ ’ਤੇ ਜ਼ੋਰ ਦੇਣ ਨਾਲ ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਦੀ ਅਣਦੇਖੀ ਹੋ ਸਕਦੀ ਹੈ। ਉਹ ਵਿਦਿਆਰਥੀ ਜੋ ਮੁੱਖ ਤੌਰ ’ਤੇ ਕੋਚਿੰਗ ਕੇਂਦਰਾਂ ’ਤੇ ਨਿਰਭਰ ਕਰਦੇ ਹਨ, ਉਨ੍ਹਾਂ ਨੇ ਜੋ ਕੁਝ ਸਿੱਖਿਆ ਹੈ। ਉਸ ਦਾ ਵਿਸ਼ਲੇਸ਼ਣ ਕਰਨ, ਮੁਲਾਂਕਣ ਕਰਨ ਅਤੇ ਅਸਲ ਜੀਵਨ ਵਿਚ ਲਾਗੂ ਕਰਨ ਲਈ ਹੁਨਰ ਹਾਸਲ ਨਹੀਂ ਕਰਦੇ ਹਨ। ਦੂਜੇ ਪਾਸੇ ਉਨ੍ਹਾਂ ਦਾ ਬਾਹਰੀ ਖਰਚ ਅਕਸਰ ਉਨ੍ਹਾਂ ਗਰੀਬ ਪਰਿਵਾਰਾਂ ਦਾ ਲੱਕ ਤੋੜ ਦਿੰਦਾ ਹੈ, ਜਿਨ੍ਹਾਂ ਨੂੰ ਡਰ ਦੀ ਇਸ ਦੌੜ ਵਿਚ ਹਿੱਸਾ ਲੈਣਾ ਪੈਂਦਾ ਹੈ। ਸੰਸਥਾਵਾਂ ਵਿਚ ਸੀਮਤ ਸੀਟਾਂ ਅਤੇ ਵਧਦੀ ਆਬਾਦੀ ਹਰ ਸਾਲ ਮੁਕਾਬਲੇ ਨੂੰ ਹੋਰ ਸਖ਼ਤ ਬਣਾਉਂਦੀ ਹੈ। ਇਸ ਕਾਰਨ ਵਿਦਿਆਰਥੀ ਸਰੀਰਕ ਅਤੇ ਮਾਨਸਿਕ ਤੌਰ ’ਤੇ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਬਦਕਿਸਮਤੀ ਨਾਲ ਇਸ ਵੱਡੇ ਤਣਾਅ ਨਾਲ ਨਜਿੱਠਣ ਵਿਚ ਅਸਫਲ ਰਹਿੰਦੇ ਹਨ ਅਤੇ ਆਪਣੀ ਕੀਮਤੀ ਜ਼ਿੰਦਗੀ ਨੂੰ ਖਤਮ ਕਰਦੇ ਹਨ। ਭਾਰਤ ਵਿਚ ਕੋਚਿੰਗ ਉਦਯੋਗ ਸਾਡੇ ਵਿਦਿਆਰਥੀ ਭਾਈਚਾਰੇ ਅਤੇ ਵੱਡੇ ਪੱਧਰ ’ਤੇ ਸਮਾਜ ਨੂੰ ਕੋਈ ਸ਼ੁੱਧ ਮੁੱਲ ਵਾਧਾ ਪ੍ਰਦਾਨ ਨਹੀਂ ਕਰ ਰਿਹਾ ਹੈ। ਸਾਨੂੰ ਸਥਾਪਿਤ ਰਸਮੀ ਸਕੂਲਾਂ ਅਤੇ ਵਿਦਿਅਕ ਸੰਸਥਾਵਾਂ ’ਤੇ ਕੋਚਿੰਗ ਸੈਂਟਰਾਂ ਦੇ ਮਾੜੇ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਹੋਵੇਗਾ। ਉਹ ਦੁਖੀ ਹਨ ਕਿਉਂਕਿ ਉਨ੍ਹਾਂ ਦੇ ਬਹੁਤ ਸਾਰੇ ਰੈਗੂਲਰ ਅਧਿਆਪਕ ਆਪਣੀਆਂ ਨੌਕਰੀਆਂ ਛੱਡ ਕੇ ਪਾਰਟ-ਟਾਈਮ ਪ੍ਰਾਈਵੇਟ ਟਿਊਸ਼ਨ ਲੈਂਦੇ ਹਨ। ਜੋ ਵਿਦਿਆਰਥੀਆਂ ਨੂੰ ਕੋਚਿੰਗ ਸੈਂਟਰ ਦੀ ਤਿਆਰੀ ਲਈ ਤਿਆਰ ਕਰਦਾ ਹੈ। ਕੋਚਿੰਗ ਸੈਂਟਰਾਂ ਦੇ ਵਾਧੇ ਦੇ ਨਤੀਜੇ ਵਜੋਂ ਮੁਕਾਬਲਾ ਵਧਿਆ ਹੈ, ਜੋ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਚੋਟੀ ਦੇ ਗ੍ਰੇਡਾਂ ਅਤੇ ਸਭ ਤੋਂ ਵਧੀਆ ਸਕੂਲਾਂ ਵਿਚ ਦਾਖਲੇ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਨ ਲਈ ਉਤਸ਼ਾਹਿਤ ਕਰਦੇ ਹਨ। ਇਸਦੇ ਕਾਰਨ, ਬਹੁਤ ਸਾਰੇ ਵਿਦਿਆਰਥੀਆਂ ਨੇ ‘‘ਚੂਹਾ ਨਸਲ ਦੀ ਮਾਨਸਿਕਤਾ’’ ਵਿਕਸਿਤ ਕੀਤੀ ਹੈ, ਜਿਸ ਵਿਚ ਉਹ ਸਫਲ ਹੋਣ ਲਈ ਆਪਣੇ ਨੈਤਿਕਤਾ ਅਤੇ ਸਿਧਾਂਤਾਂ ਨੂੰ ਕੁਰਬਾਨ ਕਰਨ ਲਈ ਤਿਆਰ ਹਨ। ਅਕਾਦਮਿਕ ਬੇਈਮਾਨੀ, ਧੋਖਾਧੜੀ ਅਤੇ ਸਾਹਿਤਕ ਚੋਰੀ ਸਮੇਤ, ਪ੍ਰਦਰਸ਼ਨ ਦੀਆਂ ਮੰਗਾਂ ਵਧਣ ਦੇ ਨਾਲ ਵਧੀ ਹੈ। ਸਾਡਾ ਸਿੱਖਿਆ ਉਦਯੋਗ ਸਮਾਜ ਦੇ ਸਾਰੇ ਵਰਗਾਂ ਲਈ ਲਾਭਕਾਰੀ, ਰਚਨਾਤਮਕ, ਨਵੀਨਤਾਕਾਰੀ ਅਤੇ ਪ੍ਰਗਤੀਸ਼ੀਲ ਹੋਣਾ ਚਾਹੀਦਾ ਹੈ। ਮੌਜੂਦਾ ਸਥਾਪਿਤ ਸੰਸਥਾਵਾਂ ਦੇ ਸਮਾਨਾਂਤਰ ਚੱਲਣ ਵਾਲੇ ਉਦਯੋਗ ਉਨ੍ਹਾਂ ਲਈ ਨੁਕਸਾਨਦੇਹ ਹਨ। ਜੋ ਕਿ ਸਮੁੱਚੇ ਸਮਾਜ ਅਤੇ ਕੌਮ ਲਈ ਸਰਾਪ ਹੈ। ਕੋਚਿੰਗ ਉਦਯੋਗ ਇਕ ਅਜਿਹਾ ਉਦਯੋਗ ਹੈ, ਜਿਸ ਨੇ ਮੌਜੂਦਾ ਸੈਕਟਰ ਸੰਸਥਾਵਾਂ ਨੂੰ ਅਣਗਿਣਤ ਨੁਕਸਾਨ ਪਹੁੰਚਾਇਆ ਹੈ ਅਤੇ ਅਜਿਹੇ ਬੇਕਾਰ ਮੁਕਾਬਲੇ ਪੈਦਾ ਕਰਕੇ ਸਮਾਜ ’ਤੇ ਆਰਥਿਕ ਬੋਝ ਪਾਇਆ ਹੈ। ਜੋ ਨਿਰਾਸ਼ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਵਰਗੇ ਲੱਛਣਾਂ ਵਿਚ ਪ੍ਰਗਟ ਹੋ ਰਿਹਾ ਹੈ। ਮੁਨਾਫੇ ਲਈ ਸਿੱਖਿਆ ਉਦਯੋਗ ਦੇ ਉਭਾਰ ਦੇ ਨਾਲ, ਕੁਝ ਸੰਸਥਾਵਾਂ ਨੇ ਆਪਣੀਆਂ ਕੋਚਿੰਗ ਸੇਵਾਵਾਂ ਲਈ ਬਹੁਤ ਜ਼ਿਆਦਾ ਦਰਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨਾਲ ਸਿੱਖਿਆ ਦਾ ਵਪਾਰੀਕਰਨ ਹੋਇਆ ਹੈ, ਜਿੱਥੇ ਵਿਦਿਆਰਥੀਆਂ ਦੀ ਭਲਾਈ ਨਾਲੋਂ ਮੁਨਾਫੇ ਨੂੰ ਪਹਿਲ ਦਿੱਤੀ ਜਾਂਦੀ ਹੈ। ਜਿਵੇਂ ਕਿ ਸਿੱਖਿਆ ਵਧੇਰੇ ਬਾਜ਼ਾਰੀ ਬਣ ਗਈ ਹੈ, ਘਟੀਆ ਕੋਚਿੰਗ ਸੈਂਟਰ ਵੀ ਫੈਲ ਗਏ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸਿਖਿਆਰਥੀਆਂ ਨੂੰ ਚੰਗੇ ਦੀ ਬਜਾਏ ਨੁਕਸਾਨ ਪਹੁੰਚਾਉਂਦੇ ਹਨ। ਸਾਡੀ ਸਰਕਾਰ ਨੂੰ ਇਸ ਕੌੜੇ ਸੱਚ ਨੂੰ ਸਮਝਣਾ ਚਾਹੀਦਾ ਹੈ ਅਤੇ ਕੋਚਿੰਗ ਮਾਫੀਆ ਦੇ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ, ਜੋ ਸਾਡੇ ਸਮਾਜ ਨਾਲ ਖੇਡ ਰਿਹਾ ਹੈ। ਸਾਡੇ ਸਮਾਜ ਨੇ ਰਵਾਇਤੀ ਤੌਰ ’ਤੇ ਸਹਿਯੋਗ ਅਤੇ ਸੰਤੁਲਿਤ ਮੁਕਾਬਲੇ ਦਾ ਆਰਥਿਕ ਮਾਹੌਲ ਕਾਇਮ ਰੱਖਿਆ ਹੈ। ਪਰ ਇਨ੍ਹਾਂ ਕੋਚਿੰਗ ਸੈਂਟਰਾਂ ਨੇ ਸਿਰਫ ਇੱਕ ਭਿਆਨਕ ਗੈਰਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕੀਤਾ ਹੈ, ਜੋ ਹੌਲੀ-ਹੌਲੀ ਅਤੇ ਯਕੀਨੀ ਤੌਰ ’ਤੇ ਪ੍ਰਭਾਵਿਤ ਵਿਦਿਆਰਥੀਆਂ ਦੀ ਵੱਡੀ ਗਿਣਤੀ ਵਿਚ ਰਚਨਾਤਮਕ ਅਤੇ ਉਦਮੀ ਭਾਵਨਾ ਨੂੰ ਖਤਮ ਕਰ ਰਿਹਾ ਹੈ। ਸਾਡੇ ਕੁਲੀਨ ਵਰਗ ਨੂੰ ਅਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਰਕਾਰ ’ਤੇ ਦਬਾਅ ਬਣਾਉਣਾ ਚਾਹੀਦਾ ਹੈ। ਜਿਸ ਨਾਲ ਦੇਸ਼ ਦੇ ਸਾਰੇ ਕੋਚਿੰਗ ਸੈਂਟਰ ਖਤਮ ਹੋ ਜਾਣਗੇ। ਇਹ ਕਹਿਣ ਦੀ ਲੋੜ ਨਹੀਂ ਕਿ ਵਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਚੰਗੇ ਮਿਆਰੀ ਜਨਤਕ ਅਦਾਰੇ ਸਥਾਪਤ ਕਰਨੇ ਚਾਹੀਦੇ ਹਨ। ਵੱਡੇ ਪੈਮਾਨੇ ’ਤੇ ਸਟਾਰਟਅੱਪ ਅਤੇ ਉਦਮੀ ਨੂੰ ਉਤਸ਼ਾਹਿਤ ਕਰਨਾ ਵਿਦਿਅਕ ਸੰਸਥਾਵਾਂ ਵਿਚ ਸੀਮਤ ਸੀਟਾਂ ਅਤੇ ਸਰਕਾਰੀ ਸੰਸਥਾਵਾਂ ਵਿਚ ਸੀਮਤ ਪੈਸਾ ਅਤੇ ਅਸਾਮੀਆਂ ਕਾਰਨ ਪੈਦਾ ਹੋਣ ਵਾਲੇ ਵਿਸ਼ਾਲ ਮੁਕਾਬਲੇ ਨੂੰ ਵੀ ਘਟਾਏਗਾ। ਕੋਚਿੰਗ ਸੈਂਟਰ ਪੂਰੀ ਤਰ੍ਹਾਂ ਗੈਰ-ਉਤਪਾਦਕ ਹਨ ਅਤੇ ਸਖ਼ਤ ਕਾਰਵਾਈ ਕਰਕੇ ਜਲਦੀ ਤੋਂ ਜਲਦੀ ਖ਼ਤਮ ਕੀਤੇ ਜਾਣੇ ਚਾਹੀਦੇ ਹਨ। ਭਾਰਤ ਵਿਚ ਸਾਰੇ ਕੋਚਿੰਗ ਸੈਂਟਰਾਂ ’ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।



# ਸੋਸ਼ਲ ਮੀਡੀਆ ਤੇ ਮਾਨਸਿਕ ਸਿਹਤ: ਇੱਕ ਖਤਰਨਾਕ ਜੰਗ

**ਲਿਖਤ : ਹਰਕੀਰਤ ਕੌਰ**
**ਸੰਪਰਕ :** 9779118066

ਅਸੀਂ ਜਿਸ ਸਮੇਂ ਦੇ ਪ੍ਰਵਾਹ ਵਿਚੋਂ ਗੁਜ਼ਰ ਰਹੇ ਹਾਂ ਇਹ ਉਹ ਸਮਾਂ ਹੈ ਜਿੱਥੇ ਜਿਆਦਾਤਰ ਲੋਕਾਂ ਦੇ ਦਿਨ ਦੀ ਸ਼ੁਰੂਆਤ ਅਤੇ ਸਮਾਪਤੀ ਮੋਬਾਇਲ ਫੋਨ ਤੋਂ ਹੀ ਹੁੰਦੀ ਹੈ। ਦੇਰ ਰਾਤ ਤੱਕ ਫੋਨ ਦੇਖਦੇ ਬੰਦੇ ਨੂੰ ਸਵੇਰੇ ਉੱਠਦੇ ਸਾਰ ਇਹ ਵੇਖਣ ਦੀ ਕਾਹਲ ਹੁੰਦੀ ਹੈ ਕਿ ਨੀਂਦ ਵਿੱਚ ਬਿਤਾਏ ਛੇ ਸੱਤ ਘੰਟਿਆਂ ਵਿੱਚ ਕਿਹੜੇ ਨਵੇਂ ਸੁਨੇਹੇ ਆਏ , ਕਿਹੜੀਆਂ ਕਿਹੜੀਆਂ ਐਪਸ ਤੋਂ ਨੋਟੀਫਿਕੇਸ਼ਨਾਂ ਆਈਆਂ, ਉਸ ਦੁਆਰਾ ਪੋਸਟ ਕੀਤੀ ਵੀਡੀਓ, ਫੋਟੋ ਉੱਪਰ ਕਿੰਨੇ ਲਾਈਕ ਤੇ ਕੁਮੈਂਟ ਆਏ। ਸੋਸ਼ਲ ਮੀਡੀਆ ਦੀ ਵਰਤੋਂ ਹਰ ਰੋਜ਼ ਵਧ ਰਹੀ ਹੈ ਅਤੇ ਇਸ ਦੇ ਨਾਲ ਹੀ ਵੱਧ ਰਹੀਆਂ ਹਨ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ! ਇਹ ਇੱਕ ਚਿੰਤਾਜਨਕ ਸਥਿਤੀ ਹੈ ਜਿਸ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ।

ਅੱਜ ਸ਼ੋਸ਼ਲ ਮੀਡੀਆ ਇੱਕ ਦਲਦਲ ਬਣ ਚੁੱਕਾ ਹੈ, ਜਿਸ ਵਿੱਚ ਉਮਰ ਦੇ ਹਰ ਵਰਗ ਦੇ ਲੋਕ ਸ਼ਾਮਿਲ ਹਨ, ਕੀ ਬਜ਼ੁਰਗ, ਕੀ ਬੱਚੇ , ਕੀ ਜਵਾਨ ਹਰ ਕੋਈ ਸ਼ੋਸ਼ਲ ਮੀਡੀਆ ਦੀਆਂ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ, ਏਦਾਂ ਲੱਗਦਾ ਹੈ ਮਨੁੱਖ ਮੋਬਾਇਲ ਫੋਨ ਨੂੰ ਨਹੀਂ ਚਲਾ ਰਿਹਾ ਬਲਕਿ ਮੋਬਾਇਲ ਫੋਨ ਮਨੁੱਖ ਨੂੰ ਚਲਾ ਰਿਹਾ ਹੈ। ਦੁਨੀਆਂ ਵਿੱਚ ਜਿਹੜੀ ਵੀ ਕਾਢ ਕੱਢੀ ਜਾਂਦੀ ਹੈ ਉਸਦਾ ਮਕਸਦ ਮਨੁੱਖ ਨੂੰ ਸਹੂਲਤਾਂ ਪ੍ਰਦਾਨ ਕਰਨਾ ਹੁੰਦਾ ਹੈ, ਪਰੰਤੂ ਇਹ ਸਹੂਲਤਾਂ ਅੱਜ ਮਨੁੱਖ ਲਈ ਮੁਸੀਬਤਾਂ ਸਾਬਿਤ ਹੋ ਰਹੀਆਂ ਹਨ। ਇੰਟਰਨੈੱਟ, ਸ਼ੋਸ਼ਲ ਮੀਡੀਆ ਐਪਸ ਵੀ ਮਨੁੱਖੀ ਸੰਚਾਰ ਨੂੰ ਹੋਰ ਬਿਹਤਰ ਅਤੇ ਆਸਾਨ ਬਣਾਉਣ ਲਈ ਤਿਆਰ ਕੀਤੀਆਂ ਗਈਆਂ ਸਨ , ਤਾਂ ਜੋ ਮਨੁੱਖ ਆਪਣੇ ਨਜ਼ਦੀਕੀਆਂ ਨਾਲ ਬਿਹਤਰ ਰਾਬਤਾ ਬਣਾ ਸਕੇ, ਪਰ ਜੋ ਸਿੱਟੇ ਨਿਕਲ ਕੇ ਸਾਹਮਣੇ ਆਏ ਉਹ ਭਿਆਨਕ ਹਨ,



ਪਰਿਵਾਰ ਦੇ ਮੈਂਬਰ ਇੱਕ ਦੂਸਰੇ ਕੋਲੋਂ ਦੂਰ ਹੋ ਰਹੇ ਹਨ ਅਤੇ ਅਣਜਾਣ ਲੋਕਾਂ ਦੇ ਨਜ਼ਦੀਕ ਆ ਰਹੇ ਹਨ । ਪਰਿਵਾਰ ਦਾ ਹਰ ਮੈਂਬਰ ਆਪਣੇ ਆਪਣੇ ਕਮਰਿਆਂ ਵਿੱਚ ਆਪਣੇ ਆਪਣੇ ਫੋਨਾਂ ਨਾਲ ਵਿਆਸਥ ਰਹਿੰਦੇ ਹਨ, ਕਿਸੇ ਕੋਲ ਆਪਣਿਆਂ ਨਾਲ ਬੈਠਣ ਦਾ ਸਮਾਂ ਨਹੀਂ ਹੈ, ਮਾਪੇ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ , ਛੋਟੇ ਬੱਚੇ ਮਾਪਿਆਂ ਦੇ ਸਾਥ ਤੋਂ ਵਾਂਝੇ ਰਹਿ ਰਹੇ ਹਨ। ਜਿਸ ਕਾਰਣ ਹਰ ਇੱਕ ਦੀ ਮਾਨਸਿਕ ਸਿਹਤ ਉੱਪਰ ਬੁਰਾ ਪਭ਼ਭਾਵ ਪੈ ਰਿਹਾ ਹੈ।

ਸ਼ੋਸ਼ਲ ਮੀਡੀਆ ਦਾ ਦੂਸਰਾ ਘਾਤਕ ਰੂਪ ਇਹ ਹੈ ਕਿ ਇਹ ਮਨੁੱਖ ਵਿੱਚ ਪਰਾਈ ਤਾਤ ਅਤੇ ਅਸੰਤੁਸ਼ਟੀ ਪੈਦਾ ਕਰ ਰਿਹਾ ਹੈ, ਸੋਸ਼ਲ ਮੀਡੀਆ ਦੀ ਵਰਤੋਂ ਨਾਲ ਲੋਕਾਂ ਵਿੱਚ ਤੁਲਨਾ ਦੀ ਭਾਵਨਾ ਪੈਦਾ ਹੁੰਦੀ ਹੈ, ਜੋ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਦੀ ਵਰਤੋਂ ਨਾਲ ਲੋਕ ਆਪਣੇ ਜੀਵਨ ਨੂੰ ਝੂਠੇ ਰੰਗਾਂ ਵਿੱਚ ਪੇਸ਼ ਕਰਦੇ ਹਨ, ਜੋ ਹੋਰਨਾਂ ਨੂੰ ਨਿਰਾਸ਼ ਕਰਦਾ ਹੈ । ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸ਼ੋਸ਼ਲ ਮੀਡੀਆ ਉੱਪਰ ਸਿਰਫ਼ ਓਹੀ ਦਿਖਾਇਆ ਜਾ ਰਿਹਾ ਹੈ, ਜੋ ਉਹ ਦਿਖਾਉਣਾ ਚਾਹੁੰਦੇ ਹਨ ਅਤੇ ਜਿਸ ਨਾਲ ਵੱਧ ਵਿਊਜ, ਲਾਈਕ ਤੇ ਕੁਮੈਂਟ ਆਉਂਦੇ ਹਨ। ਇਹਨਾਂ ਵੀਡੀਓਜ਼ ਪਿਛਲੀ ਹਕੀਕਤ, ਸੱਚਾਈ ਸਾਡੇ ਤੋਂ ਕੋਹਾਂ ਦੂਰ ਹੁੰਦੀ ਹੈ ।

ਏਨਾਂ ਹੀ ਨਹੀਂ ਜਦੋਂ ਤੋਂ ਸੋਸ਼ਲ ਮੀਡੀਆ ਦੀ ਵਰਤੋਂ ਵਧੀ ਹੈ, ਉਦੋਂ ਤੋਂ ਮਨੁੱਖ ਸੰਜੀਦਾ ਜਾਣਕਾਰੀ ਦੇ ਸਰੋਤ ਅਖਬਾਰਾਂ, ਕਿਤਾਬਾਂ, ਰਸਾਲਿਆਂ ਨਾਲੋਂ ਟੁੱਟ ਗਿਆ ਹੈ। ਹੱਦ ਤੋਂ ਵੱਧ ਅਤੇ ਬੇਲੋੜੀ ਜਾਣਕਾਰੀ ਮਨੁੱਖ ਦੇ ਦਿਮਾਗ ਉੱਪਰ ਬੋਝ ਬਣ ਰਹੀ ਹੈ। ਜਿਸ ਕਾਰਣ ਸਾਰਾ ਦਿਨ ਤਣਾਅ ਵਿੱਚ ਰਹਿਣਾ, ਨੀਂਦ ਨਾ ਆਉਣਾ, ਯਾਦਦਾਸ਼ਤ ਦਾ ਕਮਜ਼ੋਰ ਹੋਣਾ, ਅੱਖਾਂ ਦੀ ਰੋਸ਼ਨੀ ਘੱਟਣਾ ਆਦਿ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿੱਚ ਜਾਗਰੂਕ ਅਤੇ ਬਹੁਤ ਪੜ੍ਹੇ ਲਿਖੇ ਵਿਅਕਤੀ ਦੱਸਦੇ ਹਨ ਕਿ ਉਹ ਸ਼ੋਸ਼ਲ ਮੀਡੀਆ ਦੀ ਦੁਨੀਆਂ ਤੋਂ ਬਿਲਕੁਲ ਦੂਰ ਹਨ, ਉਹਨਾਂ ਦਾ ਕਹਿਣਾ ਹੈ ਕਿ ਸ਼ੋਸ਼ਲ ਮੀਡੀਆ ਕੇਵਲ ਸਮੇਂ ਦੀ ਬਰਬਾਦੀ ਹੀ ਨਹੀਂ ਕਰਦਾ ਬਲਕਿ ਇਸ ਦੀ ਲੰਬੀ ਵਰਤੋਂ ਤੋਂ ਬਾਅਦ ਕਿਸੇ ਵੀ ਚੰਗੇ ਕੰਮ ਜਿਵੇਂ ਕਿ ਪੜ੍ਹਾਈ, ਦਫ਼ਤਰ ਦੇ ਕੰਮ ਵਿੱਚ ਧਿਆਨ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ । ਇਸ ਦੀ ਵਧੇਰੇ ਵਰਤੋਂ ਦਿਮਾਗ ਨੂੰ ਥਕਾ ਦਿੰਦੀ ਹੈ ਜਿਸ ਨਾਲ ਮਨੁੱਖ ਦੀ ਸੋਚਣ ਸ਼ਕਤੀ ਅਤੇ ਚੇਤਨਤਾ ਭੰਗ ਹੁੰਦੀ ਹੈ।

"ਸੋਸ਼ਲ ਮੀਡੀਆ ਅਤੇ ਮਾਨਸਿਕ ਸਿਹਤ ਦੇ ਵਿਚਕਾਰ ਇਕ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਿਤ ਰੱਖਣਾ ਅਤੇ ਇਸ ਦੇ ਪ੍ਰਭਾਵਾਂ ਨੂੰ ਸਮਝਣਾ ਅੱਜ ਸਮੇਂ ਦੀ ਪਹਿਲੀ ਮੰਗ ਹੈ। ਆਪਣੀ ਮਾਨਸਿਕ ਸਿਹਤ ਨੂੰ ਬਚਾਉਣ ਲਈ ਸਾਨੂੰ ਇਹ ਸਮਝਣਾ ਹੋਵੇਗਾ ਕਿ ਸ਼ੋਸ਼ਲ ਮੀਡੀਆ ਐਪਸ ਦੀ ਵਰਤੋਂ ਸਾਨੂੰ ਸੰਜਮ ਨਾਲ ਕਰਨੀ ਚਾਹੀਦੀ ਹੈ। ਹਰ ਚੀਜ਼ ਦੀ ਵਰਤੋਂ ਇੱਕ ਹੱਦ ਵਿੱਚ ਹੀ ਸਹੀ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਇਹ ਯੰਤਰ ਮਨੁੱਖਾਂ ਨੂੰ ਪੂਰੀ ਤਰ੍ਹਾਂ ਆਪਣੇ ਨਿਯੰਤਰਣ ਵਿੱਚ ਲੈ ਲੈਣਗੇ ਅਤੇ ਮਨੁੱਖ ਕੋਲ ਬਚੇਗੀ ਕੇਵਲ ਸਰੀਰਕ ਅਤੇ ਮਾਨਸਿਕ ਗੁਲਾਮੀ। ਜੇਕਰ ਅਸੀਂ ਅੱਜ ਸ਼ੋਸ਼ਲ ਮੀਡੀਆ ਦੀ ਵਰਤੋਂ ਸਾਰਥਕ ਦਿਸ਼ਾ ਵਿੱਚ ਨਹੀਂ ਕਰਦੇ ਤਾਂ ਵਿਗਿਆਨ ਅਤੇ ਅਧੁਨਿਕਤਾ ਦੀ ਇਸ ਜੰਗ ਵਿੱਚ ਮਨੁੱਖ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਹਾਰ ਜਾਵੇਗਾ, ਮਨੁੱਖ ਪੱਲੇ ਬਚੇਗੀ ਤਾਂ ਸਿਰਫ਼ ਨਾਮੋਸ਼ੀ।

# ਪੰਜਾਬੀ ਸਾਹਿਤ ਪੜ੍ਹਨ ਦਾ ਘਟ ਰਿਹਾ ਰੁਝਾਨ – ਇੱਕ ਚਿੰਤਾ ਦਾ ਵਿਸ਼ਾ

**ਲਿਖਤ : ਕੁਲਦੀਪ ਸਿੰਘ ਢਿੱਲੋਂ**
**ਸੰਪਰਕ :** 98559-64276

ਕਿਤਾਬਾਂ ਸਾਡੀ ਜਿੰਦਗੀ ਵਿੱਚ ਬਹੁਤ ਅਹਿਮ ਥਾਂ ਰੱਖਦੀਆਂ ਹਨ। ਇਹ ਮਨੁੱਖ ਦੇ ਜੀਵਨ ਵਿੱਚ ਬਹੁਤ ਵੱਢੀਆਂ ਤਬਦੀਲੀਆਂ ਲਿਆ ਸਕਦੀਆਂ ਹਨ। ਜੇਕਰ ਕਿਸੇ ਵਿਗੜੇ ਹੋਏ ਬੰਦੇ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਣ ਤਾਂ ਉਹ ਬਹੁਤ ਤੇਜ਼ੀ ਨਾਲ ਉਹਨਾਂ ਦੇ ਪ੍ਰਭਾਵ ਹੇਠ ਆ ਕੇ ਸੁਧਰ ਸਕਦਾ ਹੈ। ਅੱਜ ਅਸੀਂ ਆਧੁਨਿਕਤਾ ਦੀ ਨਵੀਂ ਦੋੜ ਵਿੱਚ ਅੱਗੇ ਵੱਲ ਤਾਂ ਵੱਧਦੇ ਜਾ ਰਹੇ ਹਾਂ। ਪਰ ਪਿਛਲਾ ਸਭ ਕੁਝ ਵਿਸਾਰ ਰਹੇਂ ਹਾਂ। ਸਾਡਾ ਸੱਭਿਆਚਾਰ,ਸਾਡਾ ਰਹਿਣ-ਸਹਿਣ, ਗੱਲ ਕੀ ਹਰ ਚੀਜ਼ ਬਦਲ ਗਈ ਹੈ। 'ਅੱਗਾ ਦੋੜ,ਪਿੱਛਾ ਚੋੜ' ਵਾਲੀ ਕਹਾਵਤ ਇੱਥੇ ਲਾਗੂ ਹੁੰਦੀ ਹੈ।

ਪੰਜਾਬੀ ਸਾਡੇ ਪੰਜਾਬ ਦੀ ਮਾਂ-ਬੋਲੀ ਹੈ ਪਰ ਦਿਨੋ ਦਿਨ ਅਸੀਂ ਇਸ ਤੋਂ ਦੂਰ ਹੁੰਦੇ ਜਾ ਰਹੇ ਹਾਂ ਅੱਜ ਸਮਾਂ ਇਹ ਆ ਗਿਆ ਹੈ ਕਿ ਅਸੀਂ ਆਪਣੀ ਹੀ 'ਮਾਂ' ਨੂੰ ਅੱਖੋਂ ਪਰੋਖੇ ਕਰਦੇ ਜਾ ਰਹੇਂ ਹਾਂ। ਪੰਜਾਬੀ ਨੇ ਸਾਡੀ ਜੁਬਾਨ 'ਚੋਂ' ਤਾਂ ਗਾਇਬ ਹੋਣਾ ਹੀ ਸੀ, ਕਿਓਂ ਸਕੂਲਾਂ,ਕਾਲਜਾਂ 'ਚੋਂ' ਵੀ ਗਾਇਬ ਹੋ ਰਹੀ ਹੈ।ਪੰਜਾਬੀ ਭਾਸ਼ਾ ਨੂੰ ਦਿਨੋਂ ਦਿਨ ਅਸੀਂ ਖਤਮ ਕਰਦੇ ਜਾ ਰਹੇਂ ਹਾਂ। ਪੰਜਾਬੀ ਭਾਸ਼ਾ ਵਿੱਚ ਪਾਠਕਾਂ ਵਿੱਚ ਕਿਤਾਬਾਂ ਪੜ੍ਹਣ ਦੀ ਰੁਚੀ ਬਹੁਤ ਘੱਟ ਰਹੀ ਹੈ। ਇਹ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਪੜ੍ਹਨ ਦੀ ਰੁਚੀ ਬਚਪਨ ਵਿੱਚ ਹੀ ਪੈ ਜਾਵੇ ਤਾਂ ਬੜੀ ਚੰਗੀ ਗੱਲ ਹੈ,ਨਹੀਂ ਤਾਂ ਮੁੜ ਪੈਦਾ ਨਹੀਂ ਹੁੰਦੀ। ਇਸ ਵਾਸਤੇ ਮਾਪਿਆਂ ਤੇ ਅਧਿਆਪਕਾਂ ਨੂੰ ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਮੇਰੇ ਖਿਆਲ ਵਿੱਚ ਜੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦੇ ਲਾਭ ਦੱਸੇ ਜਾਣ ਤਾਂ ਉਹਨਾਂ ਦੀ ਰੁਚੀ ਕਿਤਾਬਾਂ ਪੜ੍ਹਨ ਵੱਲ ਹੋ ਜਾਵੇਗੀ ਜੇ ਨਾਂ ਦੱਸੇ ਜਾਣ ਤਾਂ ਕਦੀ ਵੀ ਨਹੀਂ ਹੁੰਦੀ। ਸਕੂਲ ਦੇ ਪਾਠਕ੍ਰਮ ਵਿੱਚ ਵੀ ਹੁਣ ਕਿਤਾਬਾਂ ਦੀ ਘਾਟ ਹੈ। ਭਾਵੇਂ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਲਈ ਹਰੇਕ ਵਿਸ਼ੇ ਦੀਆਂ ਪਾਠ-ਪੁਸਤਕਾਂ ਤਾਂ ਦਿੱਤੀਆਂ ਜਾਂਦੀਆਂ ਹਨ, ਪਰ ਬੱਚਿਆਂ ਨੂੰ ਨਹੀਂ ਮਿਲ ਪਾਉਂਦੀਆਂ। ਕਈਆਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪਾਠ-ਪੁਸਤਕਾਂ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਤੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਉਹਨਾਂ ਦੇ ਅਧਿਆਪਕਾਂ ਨੇ ਵੀ ਉਹਨਾਂ ਨੂੰ (ਗਾਈਡਾਂ) ਪਾਠ ਪੁਸਤਕਾਂ ਜਾਂ ਪਾਠ-ਕੁੰਜੀਆਂ ਜਮਾਤਾਂ ਵਿੱਚ ਲਗਵਾ ਰੱਖੀਆਂ ਹੁੰਦੀਆਂ ਨੇ। ਗੱਲ ਕੀ,ਜਦੋਂ 'ਮੁੱਢ' ਨੂੰ ਹੀ ਸ਼ੌਂਕ ਨਹੀਂ ਕਿਤਾਬਾਂ ਦਾ ਤਾਂ ਬੱਚਿਆਂ ਦਾ ਕਿ ਦੋਸ਼ ਹੈ?

ਯੁਵਕਾਂ ਵਿੱਚ ਮਾਪਿਆਂ ਤੇ ਅਧਿਆਪਕਾਂ ਦਾ ਪ੍ਰਭਾਵ ਗ੍ਰਹਿਣ ਕਰਨ ਦੀ ਉਮਰ 11 ਤੋਂ 18 ਸਾਲ ਦੀ ਮੰਨੀ ਜਾਂਦੀ ਹੈ। ਇਸੇ ਉਮਰ ਵਿੱਚ ਉਹਨਾਂ ਵਿੱਚ ਮੁਕਾਬਲੇ ਦੀ ਭਾਵਨਾ ਹੁੰਦੀ ਹੈ। ਚੰਗੀਆਂ ਕਿਤਾਬਾਂ ਦੀ ਹੋਂਦ ਹੋਰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਦੀ ਹੈ। ਇਹ ਗੱਲਾਂ ਵਿਕਸਿਤ ਦੇਸ਼ਾਂ ਵਿੱਚ ਵੱਧ ਹਨ ਪ੍ਰੰਤੂ ਇਹਦੇ ਉਲਟ ਵਿਕਾਸ ਕਰ ਰਹੇ ਦੇਸ਼ਾਂ ਦੇ ਵਿਦਿਆਰਥੀ ਵਧੇਰੇ ਕਰਕੇ ਇਮਤਿਹਾਨ ਪਾਸ ਕਰਨ ਲਈ ਹੀ ਪੜ੍ਹਦੇ ਹਨ। 2003 ਦੇ ਇੱਕ ਅੰਤਰਰਾਸ਼ਟਰੀ ਸਰਵੇਖਣ ਅਨੁਸਾਰ ਜੇ ਬਰਤਾਨੀਆਂ ਦੇ ਬਹੁਤੇ ਨੌਜੁਆਨ ਮੋਜ ਮਸਤੀ ਲਈ ਪੜ੍ਹਦੇ ਸਨ ਤਾਂ ਵਿਕਾਸ ਕਰ ਰਹੇ ਦੇਸ਼ਾਂ ਦੇ ਵਿਦਿਆਰਥੀ ਕੇਵਲ ਇਮਤਿਹਾਨ ਵਿੱਚ ਚੰਗੇ ਨੰਬਰ ਲੈਣ ਲਈ। ਪ੍ਰੰਤੂ ਸਾਨੂੰ ਵਿਕਸਿਤ ਦੇਸ਼ਾਂ ਦੇ ਰਾਹ ਤੁਰਨ ਦੀ ਲੋੜ ਹੈ। ਮਾਪੇ ਅਤੇ ਅਧਿਆਪਕ ਪੰਜਾਬੀ ਪੁਸਤਕਾਂ ਜਾਂ ਪੰਜਾਬੀ ਸਾਹਿਤ ਪੜ੍ਹਨ ਵਿੱਚ ਬਹੁਤ ਬੱਚਿਆਂ ਦੀ ਬਹੁਤ ਮਦਦ ਕਰ ਸਕਦੇ ਹਨ। ਜਿੰਨਾਂ ਘਰਾਂ ਤੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਪ੍ਰੇਰਨਾਦਾਇਕ ਪੁਸਤਕਾਂ ਦਾ ਭੰਡਾਰ ਅਮੀਰ ਹੁੰਦਾ ਹੈ ਉਹਨਾਂ ਦੇ ਬੱਚੇ ਤੇ ਵਿਦਿਆਰਥੀ ਸਾਹਿਤ ਸਿਰਜਣਾ ਨਾਲ ਸੰਬੰਧਿਤ ਅਮਲਾਂ ਵਿੱਚ ਸਭ ਤੋਂ ਅੱਗੇ ਹੁੰਦੇ ਹਨ। ਅਸਲ ਵਿੱਚ ਪੜ੍ਹਨ ਦੀ ਆਦਤ ਘਰਦਿਆਂ ਦੀ ਪਾਈ ਜਾਦੀਂ ਹੈ ਤੇ ਸਕੂਲ ਵਿੱਚ ਜਾ ਕੇ ਪੱਕਦੀ ਐ ਬਾਕੀ ਦੇ ਜੀਵਨ ਵਿੱਚ ਲਾਭ ਦਿੰਦੀ ਹੈ। ਪੜੇ-ਲਿਖੇ ਪੰਜਾਬੀਆਂ ਨੂੰ ਇਹ ਗੱਲ ਗ੍ਰਹਿਣ ਕਰਨ ਦੀ ਲੋੜ ਹੈ ਕਿ ਪੜ੍ਹਨਾ-ਪੜ੍ਹਾਉਣਾ ਤੇ ਇਸਦੇ ਲਾਭਾਂ ਨੂੰ ਗ੍ਰਹਿਣ ਕਰਨਾ ਆਪਣੇ ਆਪ ਵਿੱਚ ਉੱਤਮ ਅਮਲ ਹੈ। ਇਹੀ ਪੁਸਤਕ ਸੱਭਿਆਚਾਰ ਹੈ।

ਦੁੱਖ ਦੀ ਗੱਲ ਇਹ ਹੈ ਕਿ ਸਾਰੀ ਦੁਨੀਆਂ ਵਿੱਚ ਹੀ ਰੁਝੇਵੇਂ ਵੱਧ ਹੋਣ ਕਾਰਨ ਕਿਤਾਬਾਂ ਪੜ੍ਹਨ ਦੀ ਆਦਤ ਦਿਨ-ਬ-ਦਿਨ ਘੱਟ ਰਹੀ ਹੈ। ਖਾਸ ਕਰਕੇ 22 ਤੋਂ 35 ਸਾਲ ਦੀ ਉਮਰ ਦੇ ਲੋਕਾਂ ਵਿੱਚ ਜਿਹੜੇ ਇਸਦੇ ਥੰਮ ਹੁੰਦੇ ਹਨ। ਇਸ ਘਾਟ ਦਾ ਜਿੰਮੇਵਾਰ ਬਿਜਲਈ ਮੀਡੀਆ ਤੇ ਇੱਕ ਦੂਜੇ ਨੂੰ ਪਛਾੜਨ ਵਿੱਚ ਲੱਗੀ ਹੋੜ ਦਾ ਹੋਣਾ ਹੈ। ਜਿਹੜਾ ਕਿ ਪੜ੍ਹਨ ਲਈ ਕੋਈ ਸਮਾਂ ਹੀ ਨਹੀਂ ਛੱਡਦਾ। ਇੱਕ ਗੱਲ ਇਹ ਵੀ ਹੈ ਕਿ ਮੌਜ ਮੇਲੇ ਲਈ ਪੰਜਾਬੀ ਦੀਆਂ ਕਿਤਾਬਾਂ ਹੀ ਕੰਮ ਆਉਂਦੀਆਂ ਨੇ ਤੇ ਦੂਜਿਆਂ ਭਾਸ਼ਾਵਾਂ ਦੀਆਂ ਕਿਤਾਬਾਂ ਦੀ ਵਾਰੀ ਬਾਅਦ 'ਚ' ਆਉਂਦੀ ਹੈ। ਪੰਜਾਬੀਆਂ ਦੀ ਦੂਜੀ ਪਸੰਦ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਹੈ। ਪ੍ਰੰਤੂ ਪੰਜਾਬੀ ਦੇ ਪਾਠਕਾਂ ਦੀ ਗਿਣਤੀ ਦਾ ਘਟਣਾ ਇੱਕ ਗੰਭੀਰ ਵਿਸ਼ਾ ਹੈ।

ਵਿਚਾਰੀ ਸਾਡੀ ਮਾਂ ਬੋਲੀ ਪੰਜਾਬੀ ਨੂੰ ਪਹਿਲੀ ਮਾਰ ਪੰਜਾਬ ਦਾ ਦਾਇਰਾ ਛੋਟਾ ਹੋਣ ਕਾਰਨ ਪਈ ਤੇ ਦੂਜੀ ਪੰਜਾਬੀ ਪ੍ਰਤੀ ਪੈਦਾ ਹੋਈ ਨਿਰਮੋਹੀ ਬਿਰਤੀ ਸਦਕਾ। ਜਦੋਂ ਦੇਸ਼ ਵੰਡ ਬਾਅਦ ਏਧਰਲਾ ਪੰਜਾਬ, ਹਰਿਆਣਾ, ਪੰਜਾਬ ਤੇ ਹਿਮਾਚਲ ਪ੍ਰਦੇਸ਼ ਤਿੰਨ ਰਾਜਾਂ ਵਿੱਚ ਵੰਡਿਆਂ ਗਿਆ। ਜਿਹੜੀ ਪੰਜਾਬੀ 1966 ਤੱਕ ਤਿੰਨ ਦੇ ਤਿੰਨ ਰਾਜਾਂ ਵਿੱਚ ਪੜ੍ਹੀ ਜਾਂਦੀ ਸੀ ਉਹ ਅਜੋਕੇ ਪੰਜਾਬ ਤੱਕ ਸੀਮਤ ਹੋ ਕੇ ਰਹੀ ਗਈ। ਪੰਜਾਬ ਤੋਂ ਬਾਹਰ ਦੇ ਰਾਜਾਂ ਵਿੱਚ ਵੱਧ ਰਹੀ ਅਣਗਹਿਲੀ ਤਾਂ ਸਮਝ ਆਉਂਦੀ ਹੈ ਪਰ ਪੰਜਾਬ ਦੇ ਆਪਣੇ ਸ਼ਹਿਰਾਂ ਦੀ ਸਥਿਤੀ ਵੀ ਚੰਗੀ ਨਹੀਂ। ਜਦੋਂ ਆਪਣੇ ਹੀ ਪੰਜਾਬੀ ਦੀ ਕਦਰ ਨਹੀਂ ਕਰਦੇ ਤਾਂ 'ਬੇਗਾਨੇ' ਕਿਉਂ ਕਰਨ। ਸਾਲ 2011, 26 ਫਰਵਰੀ ਨੂੰ ਪੰਜਾਬੀ ਭਵਨ 'ਦਿੱਲੀ' ਵਿਖੇ ਇਸ ਵਿਸ਼ੇ ਤੇ ਹੋਏ ਸੈਮੀਨਾਰ ਵਿੱਚ ਵੀ ਹਰੀਸ਼ ਚੰਦਰ ਜੀ ਜੋ ਕਿ ਬਹੁਤ ਉੱਘੇ ਪੰਜਾਬੀ ਪਾਠ-ਪੁਸਤਕਾਂ ਦੇ ਪ੍ਰਕਾਸ਼ਕ ਵੀ ਨੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਸੀ ਕਿ ਮਾਲਵਾ ਦੇ ਰਾਮਪੁਰਾ ਫੂਲ ਅਤੇ ਅਮ੍ਰਿਤਸਰ ਦੇ ਮਾਈ ਸੇਵਾਂ ਬਜ਼ਾਰ ਵਿੱਚ ਵੀ ਹੁਣ ਉਤਸ਼ਾਹ ਨਹੀਂ ਰਿਹਾ, ਜੋ ਕਿ ਆਪਣੇ ਸਮੇਂ ਵਿੱਚ ਸਿਖਰਾਂ ਤੇ ਹੁੰਦਾ ਸੀ। ਇਸ ਉਤਸ਼ਾਹ ਦੇ ਘਟਣ ਦਾ ਇੱਕ ਵੱਡਾ ਕਾਰਨ ਨੌਜੁਆਨ ਮੁੰਡੇ-ਕੁੜੀਆਂ ਦਾ ਟੀ.ਵੀ, ਮੋਬਾਇਲ ਕੰਪਿਊਟਰ ਵਰਗੇ ਹੋਰ ਮਨੋਰੰਜਨ ਦੇ ਸਾਧਨਾਂ ਵੱਲ ਖਿੱਚੇ ਜਾਣਾ ਹੈ। ਸੱਚ ਪੁੱਛੋ ਤਾਂ 21ਵੀਂ ਸਦੀ ਦਾ ਆਰੰਭ ਪੁਸਤਕ ਤੇ ਪੜ੍ਹਨ ਸੱਭਿਆਚਾਰ ਲਈ ਉਹਨਾਂ ਹੀ ਮਾੜਾ ਸਿੱਧ ਹੋਇਆ ਹੈ ਜਿੰਨਾਂ 20ਵੀਂ ਸਦੀ ਦਾ ਆਰੰਭ ਚੰਗਾ ਸੀ। ਉਦੋਂ ਆਜ਼ਾਦੀ ਦੀ ਲੜਾਈ ਨੇ ਲੋਕ-ਮਨਾਂ ਵਿੱਚ ਨਵੀਂ ਜਾਗ੍ਰਿਤੀ ਤੇ ਚੇਤਨਾਂ ਨੂੰ ਜਨਮ ਦਿੱਤਾ ਸੀ। ਅਖਬਾਰਾਂ ਵੀ ਜਾਗ੍ਰਿਤ ਕਰਨ ਵਾਲੀਆਂ ਸਨ। ਸਾਨਫਰਾਂ ਸਿਸਕੋ ਤੋਂ ਨਿਕਲਣ ਵਾਲੇ 'ਗਦਰ' ਅਖਬਾਰ ਤੋਂ ਲੈ ਕੇ 1933 ਵਿੱਚ ਅਕਾਲੀ ਫੂਲਾ ਸਿੰਘ ਸਮਾਧ ਨੌਸ਼ਹਿਰਾ ਤੋਂ ਕੱਢੀ ਪ੍ਰੀਤਲੜੀ ਤੱਕ ਪਾਠਕਾਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਸਨ। ਇਹ ਕਿਰਤ 1947 ਤੱਕ ਜਿਓਂਦੀ ਰਹੀ। ਇਸ ਸਮੇਂ ਨੂੰ ਅਸੀਂ ਜੇ ਪੁਸਤਕਾਂ ਦਾ 'ਸੁਨਹਿਰੀ ਕੱਲ' ਕਹਿ ਦੇਈਏ ਤਾਂ ਗਲਤ ਨਹੀਂ ਹੋਵੇਗਾ ਜਿਸ ਵਿੱਚ ਦਵਿੰਦਰ ਸਤਿਆਰਥੀ ਵਲੋਂ ਇੱਕਠੇ ਕੀਤੇ ਲੋਕ ਗੀਤ ਵੇ ਧਾਰਮਿਕ ਗੁਟਕੇ ਪੜ੍ਹਨ ਵਾਲੀ ਭਾਵਨਾ ਨਾਲ ਪੜ੍ਹੇ ਜਾਂਦੇ ਸਨ। ਫਿਰ 21ਵੀਂ ਸਦੀ ਇਸਦੇ ਉਲਟ ਚੱਲ ਪਈ। ਹੁਣ ਤਾਂ ਲਿਖੀ ਜਾਣ ਵਾਲੀ ਭਾਸ਼ਾ ਵੀ ਉਹ ਨਹੀਂ ਰਹੀ, ਜਿਹੜੀ ਲੋਕ ਮੂੰਹੋਂ ਬੋਲਦੇ ਹਨ। ਇੱਕ ਗੱਲ ਹੋਰ ਕਿ ਸ਼ਹਿਰੀਆਂ ਦੀ ਥਾਂ ਪੇਂਡੂਆਂ ਵਿੱਚ ਕੁਝ ਹੱਦ ਤੱਕ ਅਜੇ ਵੀ ਪੰਜਾਬੀ ਪੜ੍ਹਨ ਦੀ ਰੀਝ ਬਾਕੀ ਹੈ।

ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਵਿੱਚ ਪੜ੍ਹਾਈ ਦਾ ਯੋਗਦਾਨ ਬਹੁਤ ਮਹੱਤਵ ਰੱਖਦਾ ਹੈ ਇਸ ਬਾਰੇ ਸ਼ਿਕਾਗੋ ਵਿੱਚ 2005 ਵਿੱਚ ਹੋਈ ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਸਮੇਂ ਰਾਸ਼ਟਰਪਤੀ ਬੈਰਾਕ ਉਬਾਮਾ ਨੇ ਕਿਹਾ "ਪੜ੍ਹਨਾ ਪ੍ਰਤਿਭਾ ਦੇ ਸਮੁੱਚੇ ਵਿਕਾਸ ਦਾ ਮੁੱਖ ਦੁਆਰ ਹੈ। ਇਹ ਦੁਨੀਆਂ ਦੇ ਗੁੰਝਲਦਾਰ ਮਸਲਿਆਂ ਤੇ ਵਿਗਿਆਨਿਕ ਪ੍ਰਗਤੀ ਦੇ ਸੰਦਰਭ ਵਿੱਚ ਅਪਣਾਈ ਜਾਣ ਵਾਲੀ ਇਤਿਹਾਸਿਕ ਪਹੁੰਚ ਦੀ ਕੁੰਜੀ ਹੈ ਜੋ ਕਿਸੇ ਵੀ ਖਿੱਤੇ ਦੇ ਸਮੁੱਚੇ ਵਿਕਾਸ ਦਾ ਆਧਾਰ ਬਣਦੀ ਹੈ।" ਇਸ ਕਰਕੇ ਅੱਜ ਪੰਜਾਬੀ ਸਾਹਿਤ ਦੇ ਡਿੱਗ ਰਹੇ ਮਿਆਰ ਦਾ ਅਸਲ ਕਾਰਨ ਪੰਜਾਬੀ ਵਿੱਚ ਪਾਠਕਾਂ ਦੀ ਘਟ ਰਹੀ ਗਿਣਤੀ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਜੇਕਰ ਪੰਜਾਬੀ ਭਾਸ਼ਾ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣਾ ਹੈ ਤਾਂ ਪੰਜਾਬੀ ਪੁਸਤਕਾਂ ਪੜ੍ਹਨ ਲਈ ਸਮਾਂ ਕੱਢਣਾ ਪਵੇਗਾ ਅਤੇ ਅੱਜ ਦੀ ਪੰਜਾਬੀ ਸਾਹਿਤ ਨਾਲੋਂ ਟੁੱਟ ਰਹੀ ਨੌਜੁਆਨ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਣ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਅੱਗੇ ਆਉਣਾ ਹੀ ਪਵੇਗਾ। ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਭਾਸ਼ਾ ਨੂੰ ਜਿਉਂਦਾ ਰੱਖਿਆ ਜਾ ਸਕੇ ਨਹੀਂ ਤਾਂ ਦੁਨੀਆਂ ਦੀਆਂ 6 ਹਜ਼ਾਰ ਭਸ਼ਾਵਾਂ ਵਿੱਚੋਂ 11 ਵੇਂ ਥਾਂ ਤੇ ਆਉਣ ਵਾਲੀ ਸਾਡੀ ਮਾਂ ਬੋਲੀ ਕਿਤੇ ਖਤਮ ਨਾਂ ਹੋ ਜਾਵੇ।

# ਮੈਂ ਜਾਤੀਵਾਦੀ ਸਮਾਜ ਵਿਚ ਮਰਨਾ ਨਹੀਂ ਚਾਹੁੰਦੀ...

**ਲਿਖਤ : ਮੋਨੀਕਾ ਕੁਮਾਰ,**
**ਸੰਪਰਕ : 94175-32822**

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਸਿਰਫ਼ ਸਕੂਲ, ਕਾਲਜ, ਯੂਨੀਵਰਸਿਟੀ 'ਚ ਪੜ੍ਹ ਕੇ ਨਹੀਂ ਅਕਲ ਆ ਜਾਂਦੀ, ਜ਼ਿੰਦਗੀ ਦੇ ਸਕੂਲ 'ਚ ਪੜ੍ਹਿਆਂ ਪਤਾ ਲੱਗਦਾ ਕੀ ਭਾਅ ਵਿਕਦੀ ਹੈ। ਪਰ ਇਸ ਦੇਸ਼ ਦੀ ਲੋਕ ਬਾਣੀ ਵਿਚ ਇਕ ਗੱਲ ਹੋਰ ਜੋੜਨੀ ਚਾਹੀਦੀ ਹੈ ਕਿ ਇੱਥੇ ਜ਼ਿੰਦਗੀ ਦੇ ਸਕੂਲ ਯਾਨੀ ਸਮਾਜ ਵਿਚ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਸਾਰਾ ਦਿਨ ਕੇਵਲ ਆਪਣਾ ਸੁਆਰਥ ਸਾਧ ਕੇ ਵੀ 'ਸਰਬਤ ਦਾ ਭਲਾ' ਤੇ 'ਸਰਵੇ ਭਵੰਤੂ ਸੁਖੀਨਾ' ਦੀ ਅਰਦਾਸ ਕੀਤੀ ਜਾ ਸਕਦੀ ਹੈ। ਕੋਟ ਬ੍ਰਹਮੰਡਾਂ ਤੇ ਅੰਤਰਿਕਸ਼ ਤਕ ਦੀ ਸ਼ਾਂਤੀ ਲਈ ਹੱਥ ਜੋੜਦਿਆਂ ਬੜੇ ਆਰਾਮ ਨਾਲ ਜ਼ਾਤ ਦੇ ਆਧਾਰ 'ਤੇ ਆਪਣੇ ਵਰਗੇ ਦੂਜੇ ਮਨੁੱਖਾਂ ਦਾ ਸ਼ੋਸ਼ਣ ਕਰਕੇ ਚੰਗੇ ਮਨੁੱਖ ਹੋਣ ਦਾ ਭਰਮ ਵੀ ਪਾਲ਼ਿਆ ਜਾ ਸਕਦਾ ਹੈ। ਇਹ ਸਭ ਇੱਕੋ ਵੇਲੇ ਕਰਨ ਦੀ ਸਹਿਜ ਵਿਧੀ ਜੋ ਭਾਰਤੀ ਸਮਾਜ ਦੇ ਉੱਚ ਜਾਤੀਆਂ ਦੇ ਲੋਕਾਂ ਨੇ ਆਪਣੇ ਧਰਮ ਗ੍ਰੰਥਾਂ ਤੇ ਧਰਮ ਗੁਰੂਆਂ ਦੀ ਵਿਆਖਿਆ ਦੇ ਹਵਾਲੇ ਤੋਂ ਜਾਂ ਆਪਣੇ ਜੀਵਨ ਅਨੁਭਵ ਨਾਲ ਵਿਕਸਿਤ ਕੀਤੀ ਹੈ, ਸਭਿਅਤਾ ਦੇ ਵਿਕਾਸ ਵਿਚ ਇਹੀ ਉਨ੍ਹਾਂ ਦੀ ਸਭ ਤੋਂ ਚਤੁਰ ਉਪਲੱਬਧੀ ਹੈ।

ਮੈਨੂੰ ਲੱਗਦਾ ਹੈ ਗੱਲ ਸਿਰਫ਼ ਧਰਮ ਗ੍ਰੰਥਾਂ ਦੇ ਹਵਾਲੇ ਦੀ ਨਹੀਂ ਕਿਉਂਕਿ ਪਿਛਲੇ ਸਾਲਾਂ ਵਿਚ ਲੋਕਾਂ ਨੇ ਆਧੁਨਿਕ ਚਿੰਤਨ ਦੇ ਪ੍ਰਭਾਵ ਹੇਠ ਧਰਮ ਪਾਲਣਾ ਦੀਆਂ ਔਖੀਆਂ ਗੱਲਾਂ - ਜਿਵੇਂ ਸਰੀਰ ਤੇ ਮਨ ਦੀ ਤੰਦਰੁਸਤੀ ਲਈ ਕਠੋਰ ਵਰਤ-ਉਪਵਾਸ ਕਰਨਾ, ਦਸਵੰਧ ਕੱਢਣਾ, ਸੁਵਖਤੇ ਉੱਠਣਾ, ਸਦਾਚਾਰੀ ਹੋਣਾ ਆਦਿ ਆਦਤਾਂ ਛੱਡੀਆਂ ਵੀ ਨੇ, ਪਰ ਜੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਲੱਗ ਜਾਓ ਤਾਂ ਤਰਥੱਲੀ ਮਚ ਜਾਵੇਗੀ। ਕਿਉਂਕਿ ਫੇਰ ਚਾਰ-ਪੰਜ ਸੌ ਰੁਪਏ ਦੀ ਦਿਹਾੜੀ 'ਤੇ ਕਿਸੇ ਮਜ਼ਦੂਰ ਕੋਲੋਂ ਸਾਰਾ ਦਿਨ ਏਨਾ ਭਾਰਾ ਕੰਮ ਕਰਾਉਣ ਔਖਾ ਹੋ ਜਾਏਗਾ। ਹਜ਼ਾਰ-ਪੰਦਰਾਂ ਸੌ ਰੁਪਏ ਮਹੀਨੇ 'ਤੇ ਦਸ ਮਰਲੇ ਦੀ ਕੋਠੀ 'ਚ ਝਾੜੂ ਪੋਚਾ ਕਰਾਉਣਾ ਚੰਗਾ ਨਹੀਂ ਲੱਗੇਗਾ, ਬਿਨਾਂ ਗੱਲੋਂ ਤੁਰੇ ਜਾਂਦੇ ਕਿਸੇ ਪਰਵਾਸੀ ਦਲਿਤ ਰਿਕਸ਼ੇ ਵਾਲੇ ਨੂੰ ਦੇਖ ਕੇ ਕੋਈ ਕਿਵੇਂ ਕਹੇਗਾ ਕਿ ਇਨ੍ਹਾਂ ਨੇ ਗੰਦ ਪਾ ਛੱਡਿਆ ਸਾਰੇ ਸ਼ਹਿਰ ਵਿਚ ਤੇ ਕਿਸੇ ਦਲਿਤ ਔਰਤ ਨੂੰ ਅਸ਼ਲੀਲ ਇਸ਼ਾਰੇ ਕੋਈ ਕਿਵੇਂ ਕਰ ਸਕੇਗਾ ਤੇ ਜਿਹੜਾ ਹਰ ਬਾਰਾਂ ਮਿੰਟ ਵਿਚ ਇਸ ਦੇਸ਼ 'ਚ ਦਲਿਤ ਔਰਤ ਨਾਲ ਬਲਾਤਕਾਰ ਹੁੰਦਾ ਹੈ, ਉਹ ਰੁਕ ਜਾਏਗਾ। ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਅੱਜ ਵੀ ਇਸ ਦੇਸ਼ ਵਿਚ ਘਰਾਂ, ਸੜਕਾਂ ਤੋਂ ਲੈ ਕੇ ਗਟਰ ਸਾਫ਼ ਕਰਨ ਦੀ ਜਾਂ ਘੱਟ ਪੈਸਿਆਂ 'ਤੇ ਔਖੇ ਸਰੀਰਕ ਕੰਮ ਕਰਨ ਦੀ ਜ਼ਿੰਮੇਵਾਰੀ ਕਿਸ ਵਰਗ ਦੇ ਲੋਕਾਂ ਦੀ ਹੈ। ਪਰ ਅਫ਼ਵਾਹ ਜ਼ਰੂਰ ਫੈਲੀ ਹੋਈ ਹੈ ਕਿ ਜ਼ਾਤਪਾਤ ਹੁਣ ਕਿੱਥੇ ਰਹੀ। ਪਰ ਅਸਲੀਅਤ ਇਹ ਹੈ ਕਿ ਜ਼ਾਤ ਤੇ ਗ਼ਰੀਬੀ ਦਾ ਰਿਸ਼ਤਾ ਅੱਜ ਵੀ ਟੁੱਟਿਆ ਨਹੀਂ ਹੈ। ਆਜ਼ਾਦੀ ਤੋਂ ਬਾਅਦ ਜਿਸ ਤਰ੍ਹਾਂ ਦਾ ਸ਼ਹਿਰੀਕਰਨ ਹੋਇਆ ਹੈ, ਬੇਸ਼ੱਕ ਸ਼ਹਿਰਾਂ ਵਿਚ ਦਲਿਤਾਂ ਦੇ ਵੱਖਰੇ ਮੁਹੱਲੇ ਉਸ ਤਰ੍ਹਾਂ ਨਹੀਂ ਦਿਸਦੇ, ਜਦੋਂਕਿ ਪਿੰਡਾਂ ਵਿਚ ਤਾਂ ਅਜੇ ਵੀ ਉਸੇ ਤਰ੍ਹਾਂ ਦੀ ਵਿਵਸਥਾ ਅੱਜ ਵੀ ਮੌਜੂਦ ਹੈ। ਸ਼ਹਿਰਾਂ ਦੀਆਂ ਜਰਜਰ ਬਸਤੀਆਂ ਵਿਚ ਕੌਣ ਲੋਕ ਰਹਿੰਦੇ ਨੇ, ਇਸ ਗੱਲ ਦੀ ਤਫ਼ਤੀਸ਼ ਇਹ ਭਰਮ ਦੂਰ ਕਰ ਦਏਗੀ ਕਿ ਜ਼ਾਤਪਾਤ ਹੁਣ ਰਹੀ ਕਿੱਥੇ ਹੈ।

ਭਾਰਤੀ ਸਮਾਜ ਵਿਚ ਇਹ ਸ਼ੁਗਲ ਆਮ ਚੱਲਦਾ ਏ ਕਿ ਦੇਖੋ ਨੀਵੀਂ ਜ਼ਾਤ ਦੇ ਲੋਕ ਜਿਹੜਾ ਮਰਜ਼ੀ ਕੰਮ ਕਰ ਰਹੇ ਨੇ, ਜਿਧਰ ਮਰਜ਼ੀ ਜਾ ਆ ਰਹੇ, ਜ਼ਮੀਨਾਂ ਖ਼ਰੀਦ ਰਹੇ, ਹੁਣ ਕੋਈ ਘਰਾਂ 'ਚ ਇਨ੍ਹਾਂ ਦੇ ਭਾਂਡੇ ਨਹੀਂ ਛੇਕ ਰਿਹਾ। ਹੋਰ ਕੀ ਚਾਹੀਦਾ ਇਨ੍ਹਾਂ ਨੂੰ? ਥੋੜ੍ਹੇ ਦਿਨ ਪਹਿਲਾਂ ਹੀ ਮਹੀਨੇ ਦੇ ਲੱਖ ਰੁਪਏ ਕਮਾਉਣ ਵਾਲੀ ਆਪਣੀ ਕੁਲੀਗ ਨੂੰ ਮਜ਼ਦੂਰ ਦੀ ਪੰਜ ਸੌ ਰੁਪਏ ਦਿਹਾੜੀ 'ਤੇ ਹੈਰਾਨ ਹੁੰਦਿਆਂ ਵੇਖਿਆ। ਮੋਚੀ ਵੀ ਹੁਣ ਦਸ ਰੁਪਏ ਤੋਂ ਘੱਟ ਨਹੀਂ ਲੈਂਦਾ- ਇਸ ਗੱਲ 'ਤੇ ਲੋਕਾਂ ਦੀ ਹੈਰਾਨੀ ਦੇਖੀ। ਕਾਲਜ, ਯੂਨੀਵਰਸਿਟੀ ਵਿਚ ਰਿਜ਼ਰਵ ਕੋਟੇ 'ਚੋਂ ਭਰਤੀ ਹੋਏ ਪ੍ਰੋਫ਼ੈਸਰਾਂ ਪ੍ਰਤੀ ਉੱਚੀ ਜ਼ਾਤ ਦੇ ਕਰਮਚਾਰੀਆਂ ਦਾ ਮਿੰਨਾ-ਮਿੰਨਾ ਰੋਸ ਦੇਖਿਆ। ਆਪਣੇ ਇਕ ਜਾਣਕਾਰ ਨੂੰ ਅਛੂਤ ਅਫ਼ਸਰ ਦੀ ਹਜ਼ੂਰੀ ਕਰਦਿਆਂ ਬੜਾ ਔਖਾ ਹੁੰਦਾ ਵੇਖਿਆ। ਗਿਲਾ ਇਹ ਸੀ ਕਿ ਅਛੂਤ ਵੀ ਏ ਤੇ ਉੱਤੋਂ ਰੋਹਬ ਵੀ ਪਾਉਂਦਾ ਏ, ਕਿਉਂਕਿ



ਅਫ਼ਸਰ ਬਣਨ ਤੇ ਰੋਹਬ ਪਾਉਣ ਦਾ ਅਧਿਕਾਰ ਉੱਚ ਜ਼ਾਤ ਦੇ ਲੋਕਾਂ ਦਾ ਰਾਖਵਾਂ ਹੈ ਤੇ ਭ੍ਰਿਸ਼ਟ ਤਾਂ ਉਹਨੂੰ ਬਿਲਕੁਲ ਹੀ ਨਹੀਂ ਹੋਣਾ ਚਾਹੀਦਾ ਕਿਉਂਕਿ ਅਛੂਤ ਅਫ਼ਸਰ ਦਾ ਭ੍ਰਿਸ਼ਟ ਹੋਣਾ ਬਹੁਤ ਵੱਡਾ ਨੈਤਿਕ ਘਾਣ ਹੈ। ਪਰ ਉੱਚ ਜ਼ਾਤ ਦਾ ਅਫ਼ਸਰ ਬੜੇ ਮਾਣ ਨਾਲ ਭ੍ਰਿਸ਼ਟ ਹੋ ਸਕਦਾ ਏ। ਮੈਂ ਯੂਨੀਵਰਸਿਟੀ ਪੜ੍ਹਨ ਗਈ ਤਾਂ ਦੇਖ ਕੇ ਹੈਰਾਨ ਹੋ ਗਈ ਕਿ ਮੇਰੀ ਸਹੇਲੀ ਦੀ ਮੰਮੀ ਆਨੇ-ਬਹਾਨੇ ਦਾਖ਼ਲਾ ਕਰਾਉਂਦੀਆਂ ਹੋਰਨਾਂ ਕੁੜੀਆਂ ਦੀ ਜ਼ਾਤ ਵੀ ਪੁੱਛ ਰਹੀ ਸੀ ਤੇ ਜ਼ਾਤ ਦੇ ਗੁਣਾਂ ਦੇ ਆਧਾਰ 'ਤੇ ਆਪਣੀ ਬੇਟੀ ਨੂੰ ਸਿਖਾ ਰਹੀ ਸੀ ਕਿ ਉਹਨੂੰ ਕਿਹਨਾਂ ਕੁੜੀਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਮੁਤਾਬਿਕ ਕੇਵਲ ਜੱਟ ਸਿੱਖ ਸਭ ਤੋਂ ਲਾਇਕ ਤੇ ਬਹਾਦਰ 'ਕੌਮ' ਏ। ਹਿੰਦੂਆਂ ਵਿਚ ਉਨ੍ਹਾਂ ਨੂੰ ਬਾਹਮਣਾਂ ਨਾਲ ਉੱਠਣਾ-ਬੈਠਣਾ ਵੱਧ ਪਸੰਦ ਸੀ। ਪੜ੍ਹੇ-ਲਿਖੇ ਲੋਕ ਕਿਵੇਂ ਵਿੱਦਿਅਕ ਅਦਾਰਿਆਂ ਤੇ ਹੋਸਟਲਾਂ ਵਿਚ ਜ਼ਾਤਪਾਤ ਕਾਇਮ ਰੱਖਦੇ ਨੇ, ਇਹ ਅਨੁਭਵ ਇਹਦੀ ਮਿਸਾਲ ਰਿਹਾ। ਮੇਰੇ ਆਪਣੇ ਪਿਤਾ- ਜਿਨ੍ਹਾਂ ਮੇਰੀ ਸਿੱਖਿਆ ਤੇ ਤਰੱਕੀ ਲਈ ਆਮ ਪਿਤਾ ਤੋਂ ਵਧ ਕੇ ਮੇਰਾ ਸਾਥ ਦਿੱਤਾ- ਇਕ ਦਿਨ ਮੈਨੂੰ ਗੱਲਾਂ-ਗੱਲਾਂ 'ਚ ਪਤਾ ਲੱਗਿਆ ਕਿ ਉਹ ਵੀ ਦਲਿਤਾਂ ਨੂੰ ਸੰਵਿਧਾਨ ਦੀਆਂ ਮਿਲਦੀਆਂ ਸਹੂਲਤਾਂ ਨੂੰ ਦੇਖ ਕੇ ਉੱਚ ਵਰਗ ਦੇ ਨੌਜਵਾਨਾਂ ਦੇ ਭਵਿੱਖ ਲਈ ਸ਼ੰਕਾ ਕਰ ਰਹੇ ਨੇ। ਉਸ ਦਿਨ ਮੈਨੂੰ ਇਹ ਪਤਾ ਲੱਗਾ ਕਿ ਸਾਡੇ ਸਭ ਦੇ ਅੰਦਰ ਜਾਤੀਵਾਦੀ ਲੁਕਿਆ ਬੈਠਾ ਏ। ਇਹਨੂੰ ਫੋਲ ਕੇ ਦੇਖੋ ਤਾਂ ਆਪਣੀ ਸੱਚਾਈ ਪਤਾ ਲੱਗਦੀ ਹੈ। ਦਲਿਤਾਂ ਪ੍ਰਤੀ ਇਸ ਦੇਸ਼ ਵਿਚ ਅਪਰਾਧ ਦੇ ਅੰਕੜਿਆਂ ਦੀ ਤਾਂ ਅਜੇ ਮੈਂ ਗੱਲ ਹੀ ਨਹੀਂ ਕੀਤੀ, ਇਹ ਸਭ ਬਿਲਕੁਲ ਆਮ ਦਿਨ ਦੀਆਂ ਆਮ ਉਦਾਹਰਣਾਂ ਨੇ।

ਭਾਰਤ ਦੀ ਜ਼ਾਤ ਵਿਵਸਥਾ ਬਾਰੇ ਮੈਨੂੰ ਬਚਪਨ 'ਚ ਖ਼ਾਸ ਜਾਣਕਾਰੀ ਨਹੀਂ ਮਿਲੀ। ਬਸ ਇਹ ਪ੍ਰਭਾਵ ਮਿਲਿਆ ਕਿ ਨੀਵੀਂ ਜ਼ਾਤ ਦੇ ਲੋਕ ਨੀਵੇਂ ਕੰਮ ਕਰਦੇ ਨੇ ਤੇ ਇਹੀ ਉਨ੍ਹਾਂ ਦੇ ਭਾਗ ਨੇ। ਇਕ ਜਮਾਦਾਰਨੀ ਯਾਦ ਹੈ ਜੋ ਸਾਡੇ ਘਰਾਂ ਦਾ ਮੈਲ਼ਾ ਢੋਂਦੀ ਟੁਰੀ ਜਾਂਦੀ ਵੀ ਸਾਨੂੰ ਬੁਕ-ਬੁਕ ਅਸੀਸਾਂ ਦਿੰਦੀ ਸੀ। ਉਹ ਸਾਡਾ ਮੈਲ਼ਾ ਢੋਣ ਕਰਕੇ ਅਪਵਿੱਤਰ ਸੀ ਜੋ ਘਰ ਦੀ ਡਿਓਢੀ 'ਚ ਬਹਿ ਕੇ ਛੇਕ ਕੇ ਰੱਖੇ ਗਲਾਸ ਵਿਚ ਚਾਹ ਪੀਂਦੀ ਸੀ ਤੇ ਅਸੀਂ ਆਪਣਾ ਮੈਲ਼ਾ ਬਹੁਤ ਘੱਟ ਪੈਸਿਆਂ 'ਤੇ ਉਸ ਤੋਂ ਚੁਕਾ ਕੇ ਵੀ ਪਵਿੱਤਰ ਤੇ ਇੱਜ਼ਤਦਾਰ ਸਾਂ। ਇਹ ਸਵਾਲ ਤਾਂ ਕੁਝ ਚਿਰ ਪਹਿਲਾਂ ਹੀ ਅਹੁੜਿਆ ਹੈ ਕਿ ਉਹੀ ਕਿਉਂ ਸਾਨੂੰ ਅਸੀਸ ਦਿੱਤੀ ਜਾਂਦੀ ਸੀ, ਜਦੋਂਕਿ ਸਭ ਮਨੁੱਖਾਂ ਦੀ ਤਰ੍ਹਾਂ ਜੀਵਨ ਦੇ ਸੁਖ-ਦੁਖ ਹੰਢਾਉਂਦੀ ਉਸ ਬਾਲ ਬੱਚੇਦਾਰ ਔਰਤ ਨੂੰ ਤਾਂ ਪਰਤ ਕੇ ਕਿਸੇ ਦੂਜੀ ਔਰਤ ਵੀ ਅਸੀਸ ਨਹੀਂ ਦਿੱਤੀ।

ਮੈਂ ਨੌਵੀਂ ਜਮਾਤ ਵਿਚ ਚੜ੍ਹਨਾ ਸੀ ਤਾਂ ਮੇਰੇ ਪਿਤਾ ਜੀ ਨੇ ਮੈਨੂੰ ਨਕੋਦਰ ਦੇ ਸਰਕਾਰੀ ਕੰਨਿਆ ਹਾਈ ਸਕੂਲ ਵਿਚ ਦਾਖ਼ਲ ਕਰਾ ਛੱਡਿਆ। ਉੱਥੇ ਦੀ ਮੈਡਮ ਨੇ ਆਪਣੀ ਮਦਦ ਵਾਸਤੇ ਕਲਾਸ ਦੇ ਹਾਜ਼ਰੀ ਰਜਿਸਟਰ ਦੇ ਕੰਮ ਵਿਚ ਮੈਨੂੰ ਵੀ ਲਾ ਲਿਆ। ਰਜਿਸਟਰ ਵਿਚ ਹਰ ਵਿਦਿਆਰਥੀ ਦੇ ਨਾਂ ਨਾਲ ਉਹਦੀ ਜ਼ਾਤ ਲਿਖੀ ਹੁੰਦੀ ਸੀ ਤਾਂ ਜੋ ਫ਼ੀਸ ਮੁਆਫ਼ੀ ਤੇ ਵਜ਼ੀਫ਼ੇ ਆਦਿ ਦੀ ਲਿਸਟ ਸੌਖੀ ਬਣਾਈ ਜਾ ਸਕੇ। ਮੈਨੂੰ ਛੇਤੀ ਹੀ ਸਭ ਜਾਤਾਂ ਦੇ ਨਾਂ ਯਾਦ ਹੋ ਗਏ, ਪਰ ਸਮਝ ਕੁਝ ਨਹੀਂ ਆਇਆ। ਸਰਕਾਰੀ ਸਕੂਲ 'ਚ ਬਹੁਤਾ ਕੁਝ ਆਈ-ਚਲਾਈ ਸੀ, ਪਰ ਫੇਰ ਵੀ ਸਕੂਲ ਦੇ ਪ੍ਰਬੰਧਨ ਵੱਲੋਂ ਸਕੂਲ ਦਾ ਨਕਲੀ ਪ੍ਰਭਾਵ ਉਸਾਰਣ ਵਾਸਤੇ ਕੋਈ ਕੱਜਣ ਨਹੀਂ ਤਿਆਰ ਕੀਤਾ ਗਿਆ ਸੀ। ਇਸ ਲਈ ਸਕੂਲ ਵਿਚ ਸੱਚਾਈ ਦੀ ਕੁਝ ਚਮਕ ਉਪਲੱਬਧ ਸੀ। ਇੱਥੇ ਮੈਨੂੰ ਪਹਿਲੀ ਵਾਰ ਦਲਿਤ ਪਰਿਵਾਰਾਂ ਦੀਆਂ ਕੁੜੀਆਂ ਨਾਲ ਰਹਿਣ ਦਾ ਮੌਕਾ ਮਿਲਿਆ। ਮੈਂ ਦੇਖਿਆ ਕਿ ਇਹ ਬਿਲਕੁਲ ਮੇਰੇ ਵਰਗੀਆਂ ਸਨ ਸਗੋਂ ਸ਼ਾਨਦਾਰ ਕੁੜੀਆਂ ਸਨ। ਸਿਆਲ ਦੀਆਂ ਧੁੰਦਾਂ ਵਿਚ ਆਪਣੇ ਪਿੰਡੋਂ ਦਸ-ਦਸ ਮੀਲ ਪੈਡਲ ਮਾਰ ਕੇ ਪੜ੍ਹਨ ਆਉਂਦੀਆਂ ਸਨ। ਮੇਰੀਆਂ ਸਹੇਲੀਆਂ ਦੀ ਅਕਾਦਮਿਕ ਯੋਗਤਾ ਤੇ ਜੀਵਨ ਪ੍ਰਤੀ ਸਮਝ ਦੇਖ ਕੇ ਮੈਂ ਹੈਰਾਨ ਹੋਈ ਕਿਉਂਕਿ ਆਪਣੇ ਆਲ਼ੇ-ਦੁਆਲ਼ੇ ਤੋਂ ਮੈਨੂੰ ਇਹੀ ਅਕਲ ਮਿਲੀ ਸੀ ਕਿ ਨੀਵੀਆਂ ਜਾਤਾਂ ਦੇ ਲੋਕ ਪੜ੍ਹਨ-ਲਿਖਣ ਵਰਗੇ ਔਖੇ ਕੰਮ ਨਹੀਂ ਕਰ ਸਕਦੇ। ਉਨ੍ਹਾਂ ਵਿੱਚੋਂ ਬਹੁਤੀਆਂ ਸਹੇਲੀਆਂ ਦੇ ਪਿਤਾ ਮਜ਼ਦੂਰੀ ਕਰਦੇ ਸਨ। ਸਾਧਨ ਦੀ ਤੋਟ ਵਿਚ ਉੱਦਮ ਨੂੰ ਕਿਵੇਂ ਉੱਚਾ ਰੱਖੀਦਾ- ਇਹਦਾ ਮੈਨੂੰ ਬਿਲਕੁਲ ਨਵਾਂ ਅਨੁਭਵ ਹੋਇਆ। ਸਗੋਂ ਉਨ੍ਹਾਂ ਵਿੱਚੋਂ ਇਕ ਬੜੀ ਜਾਗਰੂਕ ਸਹੇਲੀ ਸੀ ਜਿਹਨੇ ਮੈਨੂੰ ਵਾਰ-ਵਾਰ ਅੰਗਰੇਜ਼ੀ ਸ਼ਬਦ ਬੋਲਣ ਤੋਂ ਵਰਜਿਆ ਤਾਂ ਜੋ ਮੈਂ ਅੰਗਰੇਜ਼ੀ ਬੋਲ ਕੇ ਉਨ੍ਹਾਂ 'ਤੇ ਰੋਹਬ ਨਾ ਪਾ ਸਕਾਂ। ਇਸ ਸਕੂਲ 'ਚ ਆਉਣ ਤੋਂ ਪਹਿਲਾਂ ਮੈਂ ਮੱਧ ਵਰਗ ਦੀ ਖਪਤ ਵਾਸਤੇ ਬਣਾਏ ਗਏ ਅੰਗਰੇਜ਼ੀ ਮੀਡੀਅਮ ਪ੍ਰਾਈਵੇਟ ਸਕੂਲ 'ਚ ਪੜ੍ਹਦੀ ਸੀ, ਜਿੱਥੇ ਬੰਦਾ ਇੰਗਲਿਸ਼, ਹਿੰਦੀ, ਪੰਜਾਬੀ, ਗਣਿਤ ਤੇ ਇਤਿਹਾਸ ਦਾ ਰੱਟਾ ਤਾਂ ਚਾੜ੍ਹ ਸਕਦਾ ਹੈ; ਪਰ ਬੰਦਾ ਬੰਦਾ ਬਣ ਜਾਏ, ਇਹਦੀ ਸੰਭਾਵਨਾ ਘੱਟ ਹੁੰਦੀ ਏ। ਕਿਉਂਕਿ ਸਮਾਜ ਦੀਆਂ ਬੁਰਾਈਆਂ ਨਾਲ ਲੜਨ ਵਾਸਤੇ ਸੁਚੱਜੇ ਨਾਗਰਿਕ ਤਿਆਰ ਕਰਨਾ ਇਨ੍ਹਾਂ ਸਕੂਲਾਂ ਦੀ ਵਿਚਾਰਧਾਰਾ ਦਾ ਹਿੱਸਾ ਨਹੀਂ ਹੁੰਦਾ। ਵੀਹ ਸਾਲ ਦੇ ਰਸਮੀ ਵਿੱਦਿਆ ਪ੍ਰਾਪਤ ਕਰਨ ਦੇ ਲੰਮੇ ਦੌਰ ਵਿਚ ਕਿਸੇ ਵਿਦਿਅਕ ਅਦਾਰੇ ਵਿਚ ਕਿਸੇ ਅਧਿਆਪਕ ਨੂੰ ਮੈਂ ਸਫ਼ਾਈ ਨਾਲ ਜ਼ਾਤਪਾਤ ਦਾ ਖੰਡਨ ਕਰਦਿਆਂ ਨਹੀਂ ਦੇਖਿਆ। ਪੱਛਮੀ ਗਿਆਨ ਪਰੰਪਰਾ ਦੇ ਕੋਰੇ ਪ੍ਰਭਾਵ ਵਿਚ ਅਬੂਝ ਭਾਸ਼ਾ ਵਿਚ ਉਤਰ-ਬਸਤੀਵਾਦ, ਉਤਰ-ਆਧੁਨਿਕਤਾਵਾਦ, ਉਤਰ-ਮਾਰਕਸਵਾਦ ਦੀ ਸ਼ਬਦਾਵਲੀ ਦਾ ਬੌਧਿਕ ਠਰਕ ਤਾਂ ਇੱਥੇ ਨਿੱਤ ਭੁਰਦਾ ਹੈ, ਪਰ ਇਸ ਸਮਾਜ ਨੂੰ ਅੰਦਰੋਂ ਗਾਲ਼ ਰਹੇ ਫੋੜੇ ਦੀ ਸੁਧ ਲੈਣ ਵਾਲੇ ਲੋਕ ਬਹੁਤ ਹੀ ਘੱਟ ਨੇ। ਆਪਣੇ ਸਮਾਜ ਨੂੰ ਸਮਝਣ ਦੀ ਸੁਥਰੀ ਤੇ ਸੰਗਠਿਤ ਸਮਝ ਸਾਨੂੰ ਕਲਾਸਾਂ ਵਿਚ ਨਹੀਂ ਮਿਲਦੀ।

ਬਹੁਤ ਸਾਰੇ ਵਿਚਾਰਾਂ, ਥੀਊਰੀਆਂ, ਟਰਮਾਂ ਨਾਲ ਭਰਿਆ ਬੋਰਾ ਮੈਨੂੰ ਵੀ ਨਸੀਬ ਹੋਇਆ। ਪਰ ਇਸ ਸਾਮਾਨ ਨੂੰ ਘੋਲ ਕੇ ਦ੍ਰਿਸ਼ਟੀ ਦਾ ਰਸਾਇਣ ਬਣਾਉਣ ਦੀ ਵਿਧੀ ਨਹੀਂ ਮਿਲੀ। ਕਿਤਾਬੀ ਗਿਆਨ ਤੇ ਸਮਾਜਿਕ ਯਥਾਰਥ ਦੀ ਗ਼ਾਇਬ ਲੜੀ ਕਿੱਥੋਂ ਲੱਭੀ ਜਾਏ, ਇਸ ਗੱਲੋਂ ਮੈਂ ਖੁੰਝੀ ਰਹੀ।

### ਜਾਤ-ਵਿਰੋਧੀ ਬੌਧਿਕ ਪਰੰਪਰਾ ਦੇ ਮਹਾਨ ਚਿੰਤਕ ਅੰਬੇਡਕਰ :

ਭਾਰਤੀ ਸਮਾਜ ਦੇ ਯਥਾਰਥ ਨੂੰ ਸਮਝਣ ਦੀ ਕੁੰਜੀ ਇਸ ਦੇਸ਼ ਦੀ ਜਾਤ-ਵਿਰੋਧੀ ਬੌਧਿਕ ਪਰੰਪਰਾ ਦੇ ਮਹਾਨ ਚਿੰਤਕ, ਸਮਾਜ ਸੁਧਾਰਕ ਤੇ ਲੋਕ ਨੇਤਾ ਭੀਮਰਾਓ ਅੰਬੇਡਕਰ ਦੀ ਲਿਖਤ ਵਿਚ ਹੈ ਤੇ ਉਨ੍ਹਾਂ ਦੀਆਂ ਲੀਹਾਂ 'ਤੇ ਟੁਰਦਿਆਂ ਪਿਛਲੇ ਵਰ੍ਹਿਆਂ ਵਿਚ ਰਚੇ ਗਏ ਦਲਿਤ ਸਾਹਿਤ ਵਿਚ ਹੈ। ਅੰਬੇਡਕਰ ਦੀ ਨਜ਼ਰ ਤੋਂ ਭਾਰਤ ਦਾ ਇਤਿਹਾਸ ਸੁਣਨਾ ਇਸ ਦੇਸ਼ ਵਿਚ ਨਜ਼ਰ ਸਾਫ਼ ਕਰਨ ਦਾ ਲੌਕਿਕ ਤੇ ਲਾਜ਼ਮੀ ਢੰਗ ਹੈ। ਜਿਸ ਤਰਕਸ਼ੀਲ ਤੇ ਵਿਗਿਆਨਕ ਢੰਗ ਨਾਲ ਅੰਬੇਡਕਰ ਭਾਰਤੀ ਸਮਾਜ ਦੇ ਅਡੰਬਰ ਨੂੰ ਬੇਨਕਾਬ ਕਰਦਾ ਹੈ ਤਾਂ ਸਮਝ ਆਉਂਦੀ ਹੈ ਕਿ ਕਿਵੇਂ ਧਾਰਮਿਕ ਵਿਚਾਰਧਾਰਾ ਦਾ ਹਵਾਲਾ ਲੈ ਕੇ ਅਸੀਂ ਦੂਜਿਆਂ ਪ੍ਰਤੀ ਅੱਤਿਆਚਾਰ ਤੇ ਘ੍ਰਿਣਾ ਭਰੀ ਆਪਣੀ ਦ੍ਰਿਸ਼ਟੀ ਨੂੰ ਵੀ ਜਾਇਜ਼ ਮੰਨ ਸਕਦੇ ਹਾਂ। ਮੈਂ ਇਹ ਸੋਚ ਕੇ ਹੈਰਾਨ ਹੁੰਦੀ ਹਾਂ ਕਿ ਗ਼ੁਲਾਮੀ ਨੂੰ ਮੁਕੱਦਰ ਮੰਨੀ ਬੈਠੀ ਲੋਕਾਈ ਨੂੰ ਜਗਾਉਣਾ ਤੇ ਸਿੱਖਿਅਤ ਕਰਨਾ ਅੰਬੇਡਕਰ ਲਈ ਕਿੱਡੀ ਵੱਡੀ ਚੁਣੌਤੀ ਰਹੀ ਹੋਵੇਗੀ। ਇਨ੍ਹਾਂ ਅਰਥਾਂ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਅੰਬੇਡਕਰ ਤਾਂ ਦੂਹਰੀ ਲੜਾਈ ਲੜ ਰਿਹਾ ਸੀ। ਕਿਉਂਕਿ ਦਲਿਤਾਂ ਨੂੰ ਖ਼ਤਰਾ ਕੇਵਲ ਅੰਗਰੇਜ਼ਾਂ ਤੋਂ ਨਹੀਂ ਸਗੋਂ ਆਪਣੇ ਦੇਸ਼ਵਾਸੀਆਂ ਤੋਂ ਵੀ ਸੀ, ਜਿਨ੍ਹਾਂ ਨੂੰ ਬਚਾਉਣ ਲਈ ਅੰਬੇਡਕਰ ਦੋਹਾਂ ਹੱਥਾਂ ਨਾਲ ਲਿਖਦਾ ਤੇ ਅੰਦੋਲਨ ਕਰਦਿਆਂ ਹਰ ਪਲ ਆਪਣਾ ਜੀਵਨ ਸਮਰਪਿਤ ਕਰਦਾ ਰਿਹਾ। 'ਪ੍ਰਬੁੱਧ ਭਾਰਤ' ਦੀ ਕਲਪਨਾ ਕਰਨ ਵਾਲਾ ਸੁਪਨਸਾਜ਼ ਤੇ ਅਥੱਕ ਕਰਮਯੋਗੀ ਆਧੁਨਿਕ ਭਾਰਤ ਦਾ ਚਮਤਕਾਰ ਹੈ ਜੋ ਕੇਵਲ ਭਾਰਤੀ ਸੰਵਿਧਾਨ ਲਿਖਣ ਵਾਲੀ ਕਮੇਟੀ ਦਾ ਚੇਅਰਮੈਨ ਹੀ ਨਹੀਂ ਸੀ ਸਗੋਂ ਉਹਦੀ ਕੁੱਲ ਲੇਖਣੀ ਤੇ ਸਮਾਜਿਕ ਕਾਰਵਾਈ ਇਕ ਬੇਹੱਦ ਜ਼ਿੰਮੇਵਾਰ, ਜਾਗਰੂਕ ਤੇ ਵਿਲੱਖਣ ਹੌਂਸਲੇ ਵਾਲੀ ਸੱਚੀ ਨਾਗਰਿਕਤਾ ਦਾ ਪ੍ਰਮਾਣ ਵੀ ਏ ਤੇ ਸਾਰੇ ਭਾਰਤੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਇਹ ਇਸ ਦੇਸ਼ ਦੀ ਤ੍ਰਾਸਦੀ ਏ ਕਿ ਆਜ਼ਾਦੀ ਤੋਂ ਬਾਅਦ ਰਾਜਨੀਤੀ ਦੀਆਂ ਸਮੀਕਰਣਾਂ ਵਿਚ ਅੰਬੇਡਕਰ ਕੇਵਲ ਦਲਿਤਾਂ ਦੇ ਨੇਤਾ ਰਹਿ ਗਏ ਜਦੋਂਕਿ ਅੰਬੇਡਕਰ ਨੇ ਸਾਡੀਆਂ ਸਭ ਦੀਆਂ ਅੱਖਾਂ ਖੋਲ੍ਹਣ ਦਾ ਕੰਮ ਕੀਤਾ ਹੈ। ਧੰਨ ਹੈ ਉਸ ਮਨੁੱਖ ਦੀ ਘਾਲਣਾ, ਜਿਸਨੇ ਉਸ ਵੇਲੇ ਦੇ ਹੋਰਨਾਂ ਨੇਤਾਵਾਂ ਦੇ ਵਿਰੋਧ ਦਾ ਸਾਹਮਣਾ ਕਰਕੇ ਇਸ ਦੇਸ਼ ਦੀ ਪੁਰਾਣੀ ਗੰਧਲੀ ਵਿਵਸਥਾ ਨੂੰ ਤੋੜ ਕੇ ਸਮਾਜਿਕ ਬਰਾਬਰੀ ਦੀ ਨੀਂਹ ਰੱਖਣ ਦਾ ਯੁਗਾਂਤਰਕਾਰੀ ਕੰਮ ਕੀਤਾ। ਸਾਡਾ ਕੰਮ ਸੀ ਉਸ ਸੋਚ ਦੀ ਵਿਰਾਸਤ ਨੂੰ ਹੋਰ ਅੱਗੇ ਤੋਰਨਾ ਕਿਉਂਕਿ ਇਹ ਸਮਾਜ ਹੀ ਸਾਡੀ ਸਭ ਦੀ ਅਸਲੀ ਪੂੰਜੀ ਹੈ, ਸਾਡੀ ਅਸਲੀ ਜੜ੍ਹ ਹੈ। ਇਸ ਸਮਾਜ ਵਿਚ ਆਪਣੀ ਸਮਰੱਥਾ ਮੁਤਾਬਿਕ ਕੋਈ ਜਿੰਨੀ ਚਾਹੇ ਮਰਜ਼ੀ ਤਰੱਕੀ ਕਰ ਲਵੇ, ਪਰ ਸਾਮਾਜਿਕ ਤੇ ਆਰਥਿਕ ਮੌਕੇ ਸਭ ਨੂੰ ਬਰਾਬਰ ਮਿਲਣੇ ਚਾਹੀਦੇ ਨੇ। ਸਮਾਜ ਤੋਂ ਮਿਲਦੀ ਹੱਲਾਸ਼ੇਰੀ ਸਾਡੀ ਸਭ ਦੀ ਲੋੜ ਹੈ। ਇਹ ਸਾਨੂੰ ਹੋਰ ਚੰਗਾ ਕਰਨ ਦੀ ਪ੍ਰੇਰਣਾ ਦਿੰਦੀ ਹੈ, ਪਰ ਅਸੀਂ ਜ਼ਾਤ ਜਾਂ ਹੋਰ ਕੋਈ ਵੀ ਆਧਾਰ ਬਣਾ ਕੇ ਕਿਸੇ ਦਾ ਮਨੋਬਲ ਤੋੜਨ ਵਿਚ ਮਿੰਟ ਨਹੀਂ ਲਾਉਂਦੇ। ਜਿਸ ਲੋੜ ਤੋਂ ਵੱਧ ਅਬਾਦੀ ਵਾਲੇ, ਬੇਰੁਜ਼ਗਾਰੀ ਦੇ ਮਾਰੇ ਦੇਸ਼ ਵਿਚ ਮੈਨੂੰ ਸਸਤੀ ਲੇਬਰ ਮਿਲ ਰਹੀ ਹੈ, ਮੇਰੇ ਲਈ ਤਾਂ ਉਹ ਸਮਾਜ ਫੇਰ ਵੀ ਠੀਕ ਹੈ, ਪਰ ਉਸ ਸਸਤੀ ਲੇਬਰ ਦੇਣ ਵਾਲੇ ਨੂੰ ਇਸ ਸਮਾਜ ਤੋਂ ਕੀ ਮਿਲ ਰਿਹਾ ਹੈ- ਇਸ ਸੋਚ 'ਤੇ ਚਗਲ ਨਹੀਂ ਮਾਰਨੀ ਚਾਹੀਦੀ ਸਗੋਂ ਇਸ ਸਵਾਲ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਜ਼ਾਤ-ਵਿਰੋਧੀ ਪਰੰਪਰਾ ਦੇ ਅਮਲ ਵਿਚ ਜਦੋਂ ਆਪਣੇ ਆਲ਼ੇ-ਦੁਆਲ਼ੇ ਨੂੰ ਵੇਖਦੇ ਹਾਂ ਤਾਂ ਹਰ ਦਿਨ ਸਦਮਾ ਲੱਗਦਾ ਏ। ਇਸ ਪ੍ਰਕਿਰਿਆ ਵਿਚ ਬੁੱਤ ਤਾਂ ਟੁੱਟਦੇ ਨੇ, ਪੈਰਾਂ ਹੇਠਲੀ ਜ਼ਮੀਨ ਖਿਸਕ ਜਾਂਦੀ ਏ। ਬੜੀ ਉਲਝਣ ਹੁੰਦੀ ਹੈ। ਆਪਣੇ ਹੀ ਲੋਕਾਂ ਦੀ ਮਾਨਸਿਕਤਾ ਦੇਖ ਕੇ ਧੱਕਾ ਲੱਗਦਾ ਹੈ। ਮੈਂ ਆਪ ਵੀ ਇਸ ਪ੍ਰਕਿਰਿਆ ਵਿੱਚੋਂ ਗੁਜ਼ਰ ਰਹੀ ਹਾਂ। ਕਿਸੇ ਆਮ ਦਿਨ ਆਪਣੇ ਵਰਗੇ ਹੋਰ ਲੋਕਾਂ ਦੇ ਪ੍ਰਤੀ ਹੁੰਦੇ ਅਨਿਆਂ ਦੀਆਂ ਜੋ ਉਦਾਹਰਣਾਂ ਮੈਂ ਦਿੱਤੀਆਂ, ਕਿਤੇ-ਕਿਤੇ ਮੈਂ ਵੀ ਉਨ੍ਹਾਂ ਦਾ ਸਮਰਥਨ ਕੀਤਾ ਸੀ ਤੇ ਬਹੁਤੀ ਵਾਰ ਮੈਨੂੰ ਉਹ ਸਭ ਸਿਰਫ਼ ਅਜੀਬ ਲੱਗਾ ਸੀ, ਬੁਰਾ ਬਹੁਤ ਦੇਰ ਬਾਅਦ ਲੱਗਣਾ ਸ਼ੁਰੂ ਹੋਇਆ ਤੇ ਵਿਰੋਧ ਦਰਜ ਕਰਨਾ ਤਾਂ ਮੈਂ ਅਜੇ ਸ਼ੁਰੂ ਹੀ ਕੀਤਾ ਹੈ। ਪਰ ਮੈਨੂੰ ਤੱਸਲੀ ਹੈ ਕਿ ਖੋਖਲੇ ਹੰਕਾਰ ਨਾਲੋਂ ਸੱਚੀ ਨਮੋਸ਼ੀ ਦਾ ਮੁੱਲ ਵੱਧ ਹੁੰਦਾ ਹੈ। 'ਮੁਰਦਾ ਸ਼ਾਂਤੀ' ਨਾਲੋਂ ਜਿਉਂਦਾ ਰੋਸ ਚੰਗਾ ਹੁੰਦਾ ਹੈ ਤੇ ਝੂਠੀ ਰੌਸ਼ਨੀ ਨਾਲੋਂ ਸੱਚੇ ਅੰਧਕਾਰ ਵਿਚ ਰਹਿਣਾ ਸ਼ੁਭ ਹੁੰਦਾ ਹੈ।

# ਦਾਸਤਾਂ ਦੋ ਸ਼ਹੀਦਾਂ ਦੀ !

ਲਿਖਤ : ਤਰਲੋਚਨ ਸਿੰਘ 'ਦੁਪਾਲਪੁਰ'
ਸੰਪਰਕ : 001-408-915-1268



ਅਣਖ ਤੇ ਸਵੈਮਾਣ ਦੀ ਬਹਾਲੀ ਲਈ ਲਹੂ-ਭਿੱਜਾ ਇਤਿਹਾਸ ਰਚਣ ਵਾਲੇ ਸ਼ਹੀਦ ਸੂਰਮਿਆਂ ਦੀ ਗਾਥਾ ਲਿਖਣ ਲੱਗਿਆਂ ਕਲਮ ਨੂੰ ਵੀ ਦੰਦਲਾਂ ਪੈਂਦੀਆਂ ਹਨ! ਦਿਲ ਕਰਦਾ ਹੈ ਕਿ ਸ਼ਹਾਦਤਾਂ ਦੀ ਇਬਾਰਤ ਲਿਖਣ ਲਈ, ਰਵਾਇਤੀ ਸ਼ਬਦ ਲਾਂਭੇ ਕਰਕੇ, ਸ਼ਹੀਦੀ ਮਾਰਗ ਦੀ ਪਾਵਨ ਧੂੜ ਵਿਚੋਂ ਸੁੱਚੇ ਮੋਤੀਆਂ ਜਿਹੇ ਅਣਛੋਹੇ ਸ਼ਬਦ ਲਿਆ ਕੇ, ਸਿਰਲੱਥ ਯੋਧਿਆਂ ਦ ਦਾਸਤਾਨ ਲਿਖੀ ਜਾਵੇ। ਬੇਸ਼ੱਕ ਸ਼ਹੀਦੀ ਦਾ ਸੰਕਲਪ ਇਸਲਾਮਿਕ ਪਰੰਪਰਾ ਦੀ ਗੋਦ ਵਿਚੋਂ ਆਇਆ ਹੈ ਪਰ ਸਿੱਖ ਧਰਮ ਨੇ ਸ਼ਹਾਦਤਾਂ ਦਾ ਇੱਕ ਅਦੁੱਤੀ ਇਤਿਹਾਸ ਸਿਰਜ ਕੇ ਦਿਖਾਇਆ ਕਿ ਪੱਤਝੜਾਂ ਭਾਵੇਂ ਜਿੰਨੀਆਂ ਮਰਜ਼ੀ ਜ਼ਾਲਮ ਹੋਣ, ਪਰ ਬਗ਼ਾਵਤ ਦੇ ਬੀਜ਼ ਉੱਗ ਹੀ ਪੈਂਦੇ ਨੇ। ਸ਼ਹੀਦ ਇਹ ਅਗਮ-ਨਿਗਮ ਦੀ ਗੱਲ ਜਾਣਦਾ ਹੁੰਦਾ ਹੈ ਕਿ ਪਤਝੜ ਦੇ ਹਰ ਉਦਾਸ ਬੁੱਲੇ ਵਿਚ ਬਹਾਰ ਦਾ ਸੁਨੇਹਾ ਵੀ ਲੁਕਿਆ ਹੁੰਦਾ ਹੈ। ਕਹਿੰਦੇ ਨੇ ਜਾਨ ਦੀ ਬਾਜ਼ੀ ਲਾਉਣ ਲੱਗਿਆਂ ਸ਼ਹੀਦ ਨੂੰ ਵਿਉਂਤਾਂ ਲੱਭਣ ਜਾਂ ਜਿਉਣ ਲਈ ਆਸਰੇ ਭਾਲਣ ਕੋਈ ਲੋੜ ਨਹੀਂ ਹੁੰਦੀ। ਉਹ ਮਿਸ਼ਨ ਪ੍ਰਤੀ ਨੱਕ ਦੇ ਸੇਧੇ ਤੁਰਿਆ ਜਾਂਦਾ ਹੈ।

ਹਥਲੇ ਲੇਖ ਵਿਚ ਵੀਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਗੌਰਵ ਮਈ ਸਥਾਨ ਹਾਸਲ ਕਰਨ ਵਾਲੇ ਕੌਮ ਦੇ ਦੋ ਕੇਸਰੀ ਫੁੱਲਾਂ, ਜਿੰਦਾ-ਸੁੱਖਾ (ਭਾਈ ਹਰਜਿੰਦਰ ਸਿੰਘ ਤੇ ਭਾਰੀ ਸੁਖਦੇਵ ਸਿੰਘ) ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਂ ਬਿਆਨ ਕਰਦਾ ਦਾ ਯਤਨ ਕੀਤਾ ਜਾ ਰਿਹਾ ਹੈ। ਜਿਨ੍ਹਾਂ ਦੀ ਸਾਲਾਨਾ ਬਰਸੀ ਹਰ ਸਾਲ ਨੌਂ ਅਕਤੂਬਰ ਨੂੰ ਮਨਾਈ ਜਾਂਦੀ ਹੈ। ਇਨ੍ਹਾਂ ਦੋਹਾਂ ਸੂਰਬੀਰਾਂ ਨੇ ਪੰਥ ਦੀ ਅਣਖ ਤੇ ਗ਼ੈਰਤ ਨੂੰ ਕਾਇਮ ਰੱਖਦਿਆਂ ਹੋਇਆ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਿਆ। ਪੰਜਾਬ ਤੋਂ ਸੈਂਕੜੇ ਮੀਲ ਦੂਰ ਜਾ ਕੇ ਪੂਨਾ (ਮਹਾਰਾਸ਼ਟਰ) ਵਿਖੇ ਜਨਰਲ ਵੈਦਿਆ ਦੀ ਜਾ ਖ਼ਬਰ ਲਈ। ਇਸੇ ਤਰ੍ਹਾਂ ਨਵੰਬਰ ਚੁਰਾਸੀ ਵਾਲੇ ਦਿੱਤੀ ਕਤਲੇਆਮ ਦੇ ਕੁੱਝ ਦੋਸ਼ੀਆਂ ਨੂੰ ਸੋਧ ਕੇ, ਦਿੱਤੀ ਦਾ ਤਖ਼ਤ ਹਿਲਾ ਕੇ ਰੱਖ ਦਿੱਤਾ ਸੀ। ਬੱਸ ਫਿਰ ਦਿੱਲੀ ਦੇ ਮਾਲਕਾਂ ਨੂੰ ਉਨ੍ਹਾਂ ਚਿਰ ਚੈਨ ਦੀ ਨੀਂਦ ਨਹੀਂ ਆਈ, ਜਿੰਨਾ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਗਲ ਵਿਚ ਫਾਂਸੀ ਦਾ ਫੰਧਾ ਨਹੀਂ ਪੈ ਗਿਆ।

ਸ਼ਹਾਦਤਾਂ ਦੀ ਕੇਸਰੀ ਬਗੀਚੀ ਦੇ ਸੁਨਹਿਰੀ ਫੁੱਲਾਂ ਦੀ ਚਮਕ ਨੂੰ, ਕੁੱਝ ਬਿਪਰਵਾਦੀ ਜਾਂ ਖੱਸੀ ਕਲਮਾਂ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨਾਲ ਨੱਥੀ ਕਰ ਕਰਕੇ ਛੁਟਿਆਉਂਦੀਆਂ ਨੇ। ਪਰ ਭਾਈ ਜਿੰਦੇ -ਸੁੱਖੇ ਦੀ ਕਹਾਣੀ, ਇਹੋ ਜਿਹਾ ਕੂੜ-ਪ੍ਰਚਾਰ ਕਰਨ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਫ਼ਰਵਰੀ 1961 ਵਿਚ ਪਿੰਡ ਗਦਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਨਮੇ ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡੋਂ ਹੀ ਕੀਤੀ। ਗਹਿਰੀ ਮੰਡੀ ਤੋਂ ਮੈਟ੍ਰਿਕ ਅਤੇ ਬਾਰ੍ਹਵੀਂ ਜੰਡਿਆਲਾ ਗੁਰੂ ਤੋਂ ਕਰਨ ਉਪਰੰਤ ਉਦੋਂ ਉਹ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਬੀ. ਏ. (ਦੂਜਾ ਸਾਲ) ਕਰ ਰਹੇ ਸਨ, ਜਦੋਂ ਜੂਨ-ਚੁਰਾਸੀ ਵਾਲਾ ਘੱਲੂਘਾਰਾ ਵਾਪਰ ਗਿਆ। ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਭਾਰਤੀ ਫ਼ੌਜ ਨੇ ਗੋਲੀਆਂ-ਟੈਂਕਾਂ ਨਾਲ ਭੁੰਨ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਨਾਲ-ਨਾਲ ਚਾਲ਼ੀ ਦੇ ਲਗਭਗ ਹੋਰ ਗੁਰਧਾਮਾਂ ਵਿਚ ਕਤਲੇਆਮ ਮਚਾਈ ਅਤੇ ਬੇਹੁਰਮਤੀ ਕੀਤੀ। ਪਿੰਡਾਂ ਵਿਚ ਵੀ ਸਿੱਖ ਗੱਭਰੂਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਗਿਆ। ਤਿੰਨ ਤੋਂ ਦਸ ਜੂਨ (1984) ਦੌਰਾਨ ਵੱਖ ਵੱਖ ਪਿੰਡਾਂ ਥਾਵਾਂ ਤੋਂ ਸਿੰਘਾਂ ਦੇ ਜਥੇ ਗਰੁੱਪਾਂ ਦੀ ਸ਼ਕਲ ਵਿਚ ਸ੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾਉਂਦੇ। ਪਰ ਚੱਪੇ ਚੱਪੇ ਉੱਤੇ ਤਾਇਨਾਤ ਫ਼ੌਜੀ ਜਵਾਨ, ਇਨ੍ਹਾਂ ਜਥਿਆਂ ਉੱਪਰ ਅੰਨ੍ਹੇ ਵਾਹ ਫਾਇਰਿੰਗ ਕਰਕੇ, ਅਜਿਹੇ ਯਤਨਾਂ ਨੂੰ ਨਕਾਰਾ ਕਰ ਦਿੰਦੇ।

ਅਜਿਹੇ ਭੀਹਾਵਲੇ ਮਾਹੌਲ ਵਿਚ ਕਾਲਜ ਪੜ੍ਹਦੇ ਭਾਈ ਜਿੰਦੇ ਦੇ ਖ਼ੂਨ ਨੇ ਉਬਾਲ਼ਾ ਖਾਧਾ। ਪੜ੍ਹਾਈ ਵਿੱਚੇ ਛੱਡ ਕੇ ਇਹ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਜਥਿਆਂ ਵਿਚ ਸ਼ਾਮਲ ਹੁੰਦਾ ਪਰ ਥਾਂ-ਥਾਂ ਲੱਗੇ ਫ਼ੌਜੀ ਨਾਕੇ ਇਨ੍ਹਾਂ ਦੀ ਪੇਸ਼ ਨਾ ਜਾਣ ਦਿੰਦੇ। ਦੁਖੀ ਹਿਰਦਿਆਂ ਨਾਲ ਬੇ-ਵੱਸ ਹੋਏ ਕਚੀਚੀਆਂ ਵਟਦੇ ਘਰੀਂ ਆਣ ਪਰਤਦੇ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਿਓ' ਅਨੁਸਾਰ ਭਾਈ ਜਿੰਦਾ ਘਰ ਨਹੀਂ ਰੁਕਿਆ। ਉਹ ਆਪਣੇ ਨਾਨਕੇ ਪਿੰਡ ਚੱਕ ਬਾਈ ਐਚ. ਸੀ. ਸ੍ਰੀ ਨਗਰ ਚਲਾ ਗਿਆ। ਇੱਥੇ ਹੀ ਦੋਹਾਂ ਨੇ ਸਿੱਖ ਕੌਮ ਦੀ ਹੋਈ ਬੇ ਪਤੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਮਨ ਹੀ ਮਨ ਦੋਹਾਂ ਗੱਭਰੂਆਂ ਨੇ, ਚਮਕੌਰ ਦੀ ਗੜ੍ਹ ਵਿਚ ਬਿਰਾਜਮਾਨ ਕਲਗੀਆਂ ਵਾਲ਼ੇ ਪਾਤਸ਼ਾਹ ਨਾਲ ਕੁੱਝ ਅਜਿਹੀ ਪ੍ਰਤਿਗਿਆ ਕੀਤੀ–

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ 'ਅਜੀਤ-ਜੁਝਾਰ' ਤੇਰੇ
ਟੁੱਭੀ ਮਾਰ ਕੇ ਸਰਸਾ ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ!
'ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।
(ਸੰਤ ਰਾਮ ਉਦਾਸੀ)

ਪੰਥ ਦੀ ਆਨ ਤੇ ਸ਼ਾਨ ਨੂੰ ਮਲੀਆਮੇਟ ਕਰਨ ਲਈ ਚੜ੍ਹੀ ਆ ਰਹੀ ਬਿਪਰਵਾਦ ਦੀ 'ਸਰਸਾ' ਨੂੰ ਠੱਲ੍ਹ ਪਾਉਣ ਲਈ ਭਾਈ ਜਿੰਦੇ ਦਾ ਸਾਥੀ ਬਣਿਆ ਭਾਈ ਸੁੱਖਾ ਰਾਜਸਥਾਨ ਦੇ ਜਿਲ੍ਹਾ ਗੰਗਾ ਨਗਰ (ਚੱਕ ਨੰ: ਗਿਆਰਾਂ) ਵਿਚ ਪੈਦਾ ਹੋਇਆ। ਜੂਨ ਚੁਰਾਸੀ ਦੇ ਘੱਲੂਘਾਰੇ ਵੇਲੇ ਇਹ ਐਮ. ਏ. ਇੰਗਲਿਸ਼ (ਦੂਜਾ ਸਾਲ) ਦਾ ਵਿਦਿਆਰਥੀ ਸੀ। ਦੋਹਾਂ ਦਾ ਮਿਲਾਪ 'ਸੋਨੇ ਤੇ ਸੁਹਾਗੇ' ਵਾਲੀ ਗੱਲ ਹੋ ਨਿੱਬੜਿਆ। ਪੂਰੀ ਯੋਜਨਾਬੰਦੀ ਕਰਕੇ ਇਨ੍ਹਾਂ ਨੇ ਦਿੱਲੀ ਨੂੰ ਆਪਣੀਆਂ 'ਸਰਗਰਮੀਆਂ' ਦਾ ਕੇਂਦਰ ਬਣਾ ਲਿਆ। ਕਿਤੇ 'ਨਿਸ਼ਾਨੇ' ਉੱਤੇ ਮਾਰ ਕਰਨ ਲਈ ਸਕੀਮਾਂ ਬਣਾਉਂਦਿਆਂ ਭਾਈ ਜਿੰਦਾ ਪੁਲਿਸ ਦੇ ਕਾਬੂ ਆ ਗਿਆ। ਪਰ ਸਤਿ-ਗੁਰੂ ਨੇ ਸ਼ਾਇਦ ਇਸ ਤੋਂ ਹਾਲੇ ਹੋਰ 'ਵਡਮੁੱਲੀ ਸੇਵਾ ਲੈਣੀ ਸੀ। ਕਿਸੇ ਜੁਗਤ ਨਾਲ ਇਹ ਜੇਲ੍ਹ 'ਚੋਂ ਫ਼ਰਾਰ ਹੋਣ 'ਚ ਕਾਮਯਾਬ ਹੋ ਗਿਆ।

ਇਸ ਘਟਨਾ ਉਪਰੰਤ ਦੋਹਾਂ ਨੇ ਮਿਲ਼ ਕੇ, ਜੂਨ ਚੁਰਾਸੀ ਵੈਦਿਆ ਨੂੰ ਆਪਣਾ 'ਟਾਰਗੈਟ' ਮਿੱਥ ਲਿਆ। ਇੱਥੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਇਸ ਫ਼ੌਜੀ ਜਰਨੈਲ ਨਾਲ ਸੁੱਖੇ-ਜਿੰਦੇ ਦੀ ਕੋਈ ਜਾਤੀ ਦੁਸ਼ਮਣੀ ਜਾਂ ਕੋਈ ਰੰਜਸ਼ ਨਹੀਂ ਸੀ। ਇਨ੍ਹਾਂ ਨੌਜਵਾਨਾਂ ਨੇ ਸਿਰਫ਼ ਖ਼ਾਲਸਾ ਪੰਥ ਦੀਆਂ ਚੱਲੀਆਂ ਆ ਰਹੀਆਂ ਪੁਰਾਤਨ ਪਰੰਪਰਾਵਾਂ ਦਾ ਪਾਲਣ ਕਰਦਿਆਂ ਜਨਰਲ ਵੈਦਿਆ ਨੂੰ ਨਿਸ਼ਾਨਾ ਬਣਾਇਆ। ਜੋ ਉਸ ਮੌਕੇ ਸੇਵਾ-ਮੁਕਤੀ ਉਪਰੰਤ ਪੂਨੇ ਰਹਿ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਸੁੱਖਾ-ਜਿੰਦਾ ਉਹਦੇ 'ਤੇ ਹਮਲਾਵਰ ਹੋਏ, ਉਸ ਸਮੇਂ ਉਸਦੇ ਅੰਗ-ਰੱਖਿਅਕ ਵੀ ਨਾਲੇ ਸਨ ਅਤੇ ਉਸ ਨੇ ਖ਼ੁਦ ਵੀ 'ਲੋਡਿਡ ਰਿਵਾਲਵਰ' ਪਾਇਆ ਹੋਇਆ ਸੀ। ਪਰ ਤਦ ਵੀ ਭਾਈ ਸੁੱਖਾ-ਜਿੰਦਾ ਆਪਣੇ ਮਿਸ਼ਨ 'ਚ ਕਾਮਯਾਬ ਰਹੇ।

ਅਦਾਲਤੀ ਕਾਰਵਾਈ ਚਲਦਿਆਂ ਆਖ਼ਰ ਇੱਕੀ ਅਕਤੂਬਰ 1989 ਨੂੰ ਪੂਨਾ ਹਾਈ ਕੋਰਟ ਦੇ ਜੱਜ ਮਿਸਟਰ ਵੀ. ਐਲ. ਰੂਈਕਰ ਨੇ, ਇਨ੍ਹਾਂ ਦੋਹਾਂ ਸੂਰਮਿਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਫ਼ੈਸਲਾ ਸੁਣਾਉਣ ਵੇਲੇ ਜੱਜ ਦੀ ਆਵਾਜ਼ ਥਿੜਕ ਰਹੀ ਸੀ। ਪਰ ਅਦਾਲਤੀ ਅਮਲੇ ਮੁਤਾਬਿਕ ਦੋਵੇਂ ਸਿੰਘ ਮੁਸਕਰਾ ਕੇ ਜੱਜ ਨੂੰ ਕਹਿਣ ਲੱਗੇ–

"...ਇਸ ਖ਼ੁਸ਼ੀ ਮੌਕੇ ਅਸੀਂ ਤੁਹਾਨੂੰ
ਪਾਰਟੀ ਦੇਣਾ ਚਾਹੁੰਦੇ ਹਾਂ!"

ਜੱਜ ਦੇ ਕਮਰੇ ਅਤੇ ਅਤੇ ਜੇਲ੍ਹ ਵਿਚ ਜਾ ਕੇ, ਸੱਚਮੁੱਚ ਦੋਹਾਂ ਗੱਭਰੂਆਂ ਨੇ ਸਭ ਦਾ ਮੂੰਹ ਮਿੱਠਾ ਕਰਵਾਇਆ। ਜੇਲ੍ਹ ਦੇ ਹੋਰ ਕੈਦੀ ਫਾਂਸੀ ਸੁਣ ਕੇ ਦੁਖੀ ਅਤੇ ਗ਼ਮਗੀਨ ਹੋ ਗਏ, ਪਰ ਇਹ ਦੋਵੇਂ ਮੌਤ ਨੂੰ ਮਖੌਲ ਕਰ ਰਹੇ ਸਨ। ਕਿਹਾ ਜਾਂਦਾ ਹੈ ਕਿ ਜੱਜ ਰੂਈਕਰ ਨੇ ਪਹਿਲੀ ਵਾਰ ਕਿਸੇ ਕੈਦੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਜੱਜ ਨੇ ਬਾਅਦ ਵਿਚ ਪ੍ਰਾਈਵੇਟ ਤੌਰ 'ਤੇ ਇਹ ਸ਼ਬਦ ਕਹੇ ਸਨ–

"...ਮੈਂ ਇਨ੍ਹਾਂ ਨੌਜਵਾਨਾ ਨੂੰ ਫਾਂਸੀ ਨਹੀਂ ਸੀ ਦੇਣਾ ਚਾਹੁੰਦਾ... ਪਰ ਮੈਂ ਮਜਬੂਰ ਸਾਂ। ਸੁੱਖਾ ਤੇ ਜਿੰਦਾ ਦੋਵੇਂ ਚੰਗੇ ਇਨਸਾਨ ਹਨ ਮੈਂ ਇਨ੍ਹਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ, ਮੈਂ ਅੱਜ ਤੱਕ ਅਜਿਹੇ ਬੰਦੇ ਨਹੀਂ ਦੇਖੇ। ਮੈਂ ਇਨ੍ਹਾਂ ਦੋਹਾਂ ਦੀਆਂ ਫ਼ੋਟੋਆਂ ਆਪਣੇ ਘਰ ਜ਼ਰੂਰ ਲਾਵਾਂਗਾ...!" ਫਾਂਸੀ ਤੋਂ ਕੁੱਝ ਦਿਨ ਪਹਿਲਾਂ ਭਾਈ ਜਿੰਦੇ ਅਤੇ ਭਾਈ ਸੁੱਖੇ ਨੇ ਆਪਣੇ ਘਰਦਿਆਂ ਨੂੰ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਉਹ ਨੌਂ ਅਕਤੂਬਰ (ਫਾਂਸੀ ਦੇਣ ਲਈ ਮੁਕੱਰਰ ਮਿਤੀ) ਦੀ ਸਵੇਰ ਹੋਣ ਤੱਕ, ਰਾਤ 10 ਤੋਂ 12 ਵਜੇ ਤੱਕ ਆਰਾਮ ਕਰਨਗੇ।

☛ ਬਾਕੀ ਸਫ਼ਾ 19 'ਤੇ

## ਫਾਂਸੀ ਤੋਂ ਇੱਕ ਦਿਨ ਪਹਿਲਾਂ...

### ਭਾਈ ਜਿੰਦਾ-ਸੁੱਖਾ ਵੱਲੋਂ ਪੰਥ ਦੇ ਨਾਂ ਲਿਖੀ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅੱਜ ਐਤਵਾਰ ਹੈ। ਰਾਤ ਨੂੰ ਇਹ ਚਿੱਠੀ ਅਸੀਂ ਆਹਮੋ-ਸਾਹਮਣੇ ਬੈਠਕੇ ਲਿਖ ਰਹੇ ਹਾਂ। ਆਪਣੀ ਕੌਮ ਨੂੰ ਯਾਦ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰ ਸਿੱਖ ਅੰਮ੍ਰਿਤਧਾਰੀ ਹੋਵੇ। ਸ਼ਸਤਰਧਾਰੀ ਹੋ ਕੇ ਖਾਲਸਾ ਪੰਥ ਦੀ ਸੇਵਾ ਕਰੇ। ਆਪਣੀ ਸਾਰੀ ਸਰੀਰਕ ਤੇ ਰੂਹਾਨੀ ਸ਼ਕਤੀ ਨੂੰ ਦਿੱਲੀ ਦਰਬਾਰ ਵਿਰੁੱਧ ਕੇਂਦਰਤ ਕਰਕੇ, ਆਪਣੀ ਰਾਜਸੀ ਚੇਤਨਾ ਨੂੰ ਇਕ ਬੁਲੰਦੀ ਤੇ ਪਹੁੰਚਾ ਕੇ, ਸਾਰਾ ਸੰਸਾਰ ਖਾਲਸਾ ਪੰਥ ਅਤੇ ਅਕਾਲ ਤਖਤ ਤੋਂ ਅਗਵਾਈ ਲੈਣ ਲਈ ਬਿਹਲਬਲ ਅਤੇ ਉਤਾਵਲਾ ਹੋ ਉਠੇ। ਜੰਗ-ਏ-ਖਾਲਿਸਤਾਨ ਦੁਨੀਆਂ ਭਰ ਵਿੱਚ ਲੜੀਆਂ ਗਈਆਂ ਅਤੇ ਲੜੀਆਂ ਜਾ ਰਹੀਆਂ ਜੰਗਾਂ ਨਾਲੋਂ ਭਿੰਨ ਹੈ ਕਿਉਂਕਿ ਜਿਥੇ ਦੂਸਰੀਆਂ ਜੱਦੋਜਹਿਦਾਂ ਦਾ ਆਧਾਰ ਦੁਨਿਆਵੀ ਕੀਮਤਾਂ ਹਨ, ਉਥੇ ਸਾਡੀ ਜੰਗ ਦਾ ਆਧਾਰ ਸੱਚ ਅਤੇ ਮਨੁੱਖਤਾ ਦੀ ਬੰਦਖਲਾਸੀ ਹੈ। ਖਾਲਿਸਤਾਨ ਦਾ ਸੰਘਰਸ਼ ਕੋਈ ਨਿਰਾ ਸਿਆਸੀ ਤੇ ਦੁਨਿਆਵੀ ਕਦਰਾਂ-ਕੀਮਤਾਂ ਦਾ ਰਿਣੀ ਨਹੀਂ ਸਗੋਂ ਇਸਦਾ ਸਹੀ ਅਰਥ ਧਰਮਯੁੱਧ ਹੈ। ਅਸੀਂ ਧਰਮ ਵਿੱਚ ਰੰਗ ਰੱਤਕੇ ਹੀ ਮੈਦਾਨੇਜੰਗ ਵਿੱਚ ਜਾਂਦੇ ਹਾਂ ਅਤੇ ਸਾਨੂੰ ਟੇਕ ਸਿਰਫ ਅਕਾਲ ਪੁਰਖ ਦੀ ਹੈ। ਸਾਨੂੰ ਬਹੁਤ ਪਿਆਰੇ ਹਨ, ਉਹ ਸਿੱਖੀ ਸਿਧਾਂਤ, ਜਿਨ੍ਹਾਂ ਕਾਰਣ ਅਸੀਂ ਧਰਮਯੁੱਧ ਆਰੰਭਿਆ ਸੀ। ਅਸੀਂ ਧਰਮ ਨੂੰ ਹਰਾ ਕੇ ਕੋਈ ਵੀ ਦੁਨਿਆਵੀ ਪਾਤਸ਼ਾਹੀ ਹਾਸਲ ਨਹੀਂ ਕਰਨਾ ਚਾਹੁੰਦੇ। ਐਸਾ ਕੋਈ ਵੀ ਖਾਲਿਸਤਾਨ ਸਿੱਖਾਂ ਲਈ ਘਾਤਕ ਹੋਵੇਗਾ, ਜੋ ਧਾਰਮਿਕ ਰੰਗ ਤੋਂ ਸੱਖਣਾ ਹੋਵੇ ਅਤੇ ਜਿਸ ਦੀ ਪ੍ਰਾਪਤੀ ਲਈ ਧਰਮ ਨੂੰ ਵਿਸਾਰਿਆ ਗਿਆ ਹੋਵੇ। ਪਿਛਲੇ 500 ਸਾਲਾਂ ਦੇ ਤਜਰਬੇ ਨੇ ਸਿੱਖਾਂ ਨੂੰ ਮਹਿਸੂਸ ਕਰਾ ਦਿੱਤਾ ਹੈ ਕਿ ਧਾਰਮਿਕ ਰਹਿਣ ਲਈ ਅਤੇ ਧਾਰਮਿਕ ਸਿੱਖਿਆਵਾਂ ਨੂੰ ਫੈਲਾਉਣ ਲਈ ਸਾਨੂੰ ਧਰਤੀ ਦੇ ਇਕ ਅਜਿਹੇ ਹਿੱਸੇ ਦੀ ਜ਼ਰੂਰਤ ਹੈ, ਜਿਥੇ ਸਾਡੀਆਂ ਜੜ੍ਹਾਂ ਫੈਲ ਸਕਣ। ਸਾਰਿਆਂ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਧਰਮਯੁੱਧ ਮੋਰਚੇ ਤੱਕ ਅਸੀਂ ਸ਼ਾਂਤਮਈ ਸੰਘਰਸ਼ ਦੀਆਂ ਉਹ ਸਿਖਰਾਂ ਛੂਹੀਆਂ ਹਨ, ਜੋ ਸਮੁੱਚੀ ਮਾਨਵਤਾ ਦੀਆਂ ਕਦਰਾਂ-ਕੀਮਤਾਂ ਦੇ ਇਤਿਹਾਸ ਦਾ ਸੁਨਹਿਰੀ ਅੰਗ ਹਨ। ਪਰ ਜਦੋਂ ਕੋਈ ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ, ਉਸ ਵਕਤ ਸੰਘਰਸ਼ ਜ਼ਰੂਰੀ ਅਤੇ ਪਵਿੱਤਰ ਹੋ ਜਾਂਦਾ ਹੈ। ਖਾਲਸਾ ਸੰਘਰਸ਼ ਉਦੋਂ ਹੀ ਕਰਦਾ ਹੈ, ਜਦੋਂ ਹੋਰ ਹੀਲੇ ਨਿਸਫਲ ਹੋ ਜਾਂਦੇ ਹਨ। ਜਿਵੇਂ ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥

ਅੱਜ ਖਾਲਸਾ ਪੰਥ ਦੇ ਸਾਹਮਣੇ ਵਿਚਾਰ ਦਾ ਨੁਕਤਾ ਇਹ ਨਹੀਂ ਕਿ ਖਾੜਕੂ ਸੰਘਰਸ਼ ਲੜਿਆ ਜਾਵੇ ਤਾਂ ਸ਼ਾਂਤਮਈ? ਸਾਡੀ ਵਿਚਾਰਸ਼ਕਤੀ ਇਸ ਨੁਕਤੇ 'ਤੇ ਕੇਂਦਰਤ ਹੋਣੀ ਚਾਹੀਦੀ ਹੈ ਕਿ ਖਾੜਕੂ ਸੰਘਰਸ਼ ਵੱਡੇ ਅਸੂਲਾਂ ਅਤੇ ਇਲਾਹੀ ਕਦਰਾਂ-ਕੀਮਤਾਂ ਅਧੀਨ ਹੀ ਲੜੇ ਜਾਣ ਅਤੇ ਤਲਵਾਰ ਦੁੱਖ ਦੇਣ ਲਈ ਨਹੀਂ ਸਗੋਂ ਸੁੱਖ ਲਿਆਉਣ ਲਈ ਉਠਾਉਣੀ ਚਾਹੀਦੀ ਹੈ। ਬੰਦੂਕ ਸਦਾ ਹੀ ਫਲਸਫੇ ਦੇ ਅਧੀਨ ਚਾਹੀਦੀ ਹੈ। ਜੰਗਾਂ ਅਤੇ ਸ਼ਸਤਰਾਂ ਦਾ ਸਿੱਖਾਂ ਨਾਲ ਗਹਿਰਾ ਰਿਸ਼ਤਾ ਹੈ। ਜੰਗ ਅਤੇ ਸ਼ਸਤਰ ਤੋਂ ਮੁਨਕਰ ਹੋਣ ਵਾਲਾ ਸਿੱਖ ਭਟਕ ਚੁੱਕਿਆ ਹੈ।

ਮਨੁੱਖਾਂ ਦੀਆਂ ਸਮੂਹ ਕੌਮਾਂ ਅਤੇ ਜਾਤਾਂ ਨੂੰ ਇਹ ਧਰਮਯੁੱਧ ਸੱਚੋ-ਸੱਚ ਦਾ ਹੋਕਾ ਦੇਂਦਾ ਹੈ ਅਤੇ ਉਨ੍ਹਾਂ ਦੀ ਆਤਮਾ ਨੂੰ ਵੰਗਾਰਦਾ ਹੈ, ਤਾਂ ਜੋ ਮਨੁੱਖਤਾ ਆਪਣਾ ਮਾਰਗ ਪਛਾਣੇ। ਆਓ ਆਪਾਂ ਉਨ੍ਹਾਂ ਮਾਰਗਾਂ ਵੱਲ ਵਧੀਏ, ਜਿਨ੍ਹਾਂ ਬਾਰੇ ਗੁਰਾਂ ਨੇ ਫੁਰਮਾਇਆ ਹੈ -

ਚਰਨ ਚਲਉ ਮਾਰਗਿ ਗੋਬਿੰਦ॥
ਮਿਟਹਿ ਪਾਪ ਜਪੀਐ ਹਰਿਬਿੰਦ॥


ਕਿੰਨੇ ਫਖਰ ਵਾਲੀ ਗੱਲ ਹੈ ਕਿ ਸਾਨੂੰ ਮਨੁੱਖਾ ਜਨਮ ਨਸੀਬ ਹੋਇਆ, ਉਹ ਵੀ ਗੁਰੂਆਂ ਜੀ ਦੀ ਧਰਤੀ 'ਤੇ। ਕਿੱਡੇ ਵਡਭਾਗੇ ਹਾਂ ਕਿ ਸਾਡੀ ਮਾਂ ਬੋਲੀ ਗੁਰਬਾਣੀ ਹੈ, ਜਿਸ ਰਾਹੀਂ ਗੁਰੂਆਂ ਨੇ ਮਨੁੱਖਤਾ ਨੂੰ ਉਪਦੇਸ਼ ਦਿੱਤਾ। ਜਦੋਂ ਸਿੱਖ ਆਪਣੇ ਵਿਰਸੇ ਤੇ ਧਰਮ ਨੂੰ ਥੋੜ੍ਹਾ ਜਿੰਨਾਂ ਵੀ ਸਮਝ ਲਵੇਗਾ, ਉਸ ਵਕਤ ਉਸਦੇ ਮਸਲੇ ਹੱਲ ਹੋ ਜਾਣਗੇ। ਅਸੀਂ ਜੁਝਾਰੂ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਸਹੀ ਰਾਹ ਨੂੰ ਪਛਾਣਨ ਅਤੇ ਭੂਤਕਾਲ ਦਾ ਮੁਲਾਂਕਣ ਕਰਕੇ ਸੁਨਹਿਰੀ ਭਵਿੱਖ ਦੀ ਉਸਾਰੀ ਲਈ ਹੋਰ ਸਰਗਰਮ ਹੋਣ। ਅਸੀਂ ਅਸੂਲਾਂ ਲਈ ਉੱਚੇ ਇਖਲਾਕ ਦੀ ਲੜਾਈ ਲੜਨੀ ਹੈ। ਇਸ ਸਫਰ ਦੇ ਪਾਂਧੀਆਂ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦਾ ਕਿਰਦਾਰ ਬਹੁਤ ਉੱਚਾ ਹੋਵੇ। ਕਿਸੇ ਦੁਸ਼ਟ ਦੋਖੀ ਨੂੰ ਸੋਧਣ ਦਾ ਹੱਕ ਉਸ ਗੁਰਮੁਖ ਨੂੰ ਹੀ ਹੈ, ਜਿਸਦਾ ਆਪਣਾ ਜੀਵਨ ਇਖਲਾਕ ਉਸ ਦੁਸ਼ਟ ਤੋਂ ਬਹੁਤ ਉੱਚਾ ਹੋਵੇ। ਇਨ੍ਹਾਂ ਲੀਹਾਂ 'ਤੇ ਤੁਰਦਿਆਂ ਹੀ ਸਤਿਗੁਰਾਂ ਸਾਡੇ 'ਤੇ ਮਿਹਰ ਕਰਨੀ ਹੈ।

-ਹਰਜਿੰਦਰ ਸਿੰਘ,
ਸੁਖਦੇਵ ਸਿੰਘ ਪੂਨਾ ਜੇਲ੍ਹ

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ - 42



ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

7. ਲਾਹੌਰ ਦਰਬਾਰ ਦੀ ਫ਼ੌਜ 20 ਹਜ਼ਾਰ ਪੈਦਲ ਤੇ 12 ਹਜ਼ਾਰ ਅਸਵਾਰ ਤੋਂ ਵੱਧ ਨਹੀਂ ਹੋਵੇਗੀ। ਇਹ ਗਿਣਤੀ, ਕਿਸੇ ਸਮੇਂ ਵੀ ਸਰਕਾਰ ਅੰਗਰੇਜ਼ੀ ਦੀ ਆਗਿਆ ਬਿਨਾਂ ਨਹੀਂ ਵਧੇਗੀ। ਜੇ ਕਿਸੇ ਵੇਲੇ ਕਿਸੇ ਖ਼ਾਸ ਕਾਰਨ ਕਰਕੇ ਫ਼ੌਜ ਵਧਾਉਣ ਦੀ ਲੋੜ ਪਵੇ, ਤਾਂ ਉਹ ਕਾਰਨ ਸਰਕਾਰ ਅੰਗਰੇਜ਼ੀ ਨੂੰ ਦਸਣਾ ਪਵੇਗਾ ਤੇ ਲੋੜ ਦਾ ਸਮਾਂ ਲੰਘ ਜਾਣੋ ਤੇ ਫ਼ੌਜ ਦੀ ਗਿਣਤੀ ਫੇਰ ਓਹਾ ਰੱਖੀ ਜਾਵੇਗੀ, ਜੋ ਇਸ ਸ਼ਰਤ ਵਿਚ ਪੱਕੀ ਕੀਤੀ ਗਈ ਹੈ।

8. ਮਹਾਰਾਜਾ, ਉਹ 6 ਤੋਪਾਂ, ਜੋ ਦਰਿਆ ਸਤਲੁਜ ਦੇ ਸੱਜੇ ਹੱਥ ਬੀੜੀਆਂ ਗਈਆਂ ਸਨ ਤੇ ਅੰਗਰੇਜ਼ੀ ਫ਼ੌਜ ਦੇ ਵਿਰੁੱਧ ਵਰਤੀਆਂ ਗਈਆਂ ਸਨ , ਜੋ ਸਭਰਾਵਾਂ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਕਾਬੂ ਨਹੀਂ ਆਈਆਂ, ਅੰਗਰੇਜ਼ਾਂ ਦੇ ਹਵਾਲੇ ਕਰੇਗਾ।

9. ਦਰਿਆ ਸਤਲੁਜ ਤੇ ਬਿਆਸ, ਮਿਠਨ ਕੋਟ ਤਕ ਤੇ ਦਰਿਆ ਸਿੰਧ ਮਿਠਨ ਕੋਟ ਤੋਂ ਬਲੋਚਸਤਾਨ ਦੀ ਹੱਦ ਤਕ, ਅੰਗਰੇਜ਼ੀ ਸਰਕਾਰ ਦੇ ਕਬਜ਼ੇ ਵਿਚ ਰਹਿਣਗੇ। ਜਹਾਜ਼ਹਾਨੀ ਤੇ ਮਸੂਲ ਆਦਿ ਉੱਤੇ ਅੰਗਰੇਜ਼ੀ ਸਰਕਾਰ ਦਾ ਹੀ ਅਧਿਕਾਰ ਹੋਵੇਗਾ। ਲਾਹੌਰ ਦਰਬਾਰ ਦੀਆਂ ਬੇੜੀਆਂ, ਜੋ ਇਹਨਾਂ ਦਰਿਆਵਾਂ ਵਿਚ ਪਰਜਾ ਤੇ ਸਰਕਾਰ ਦੇ ਲਾਭ ਵਾਸਤੇ ਵਰਤੀਆਂ ਜਾਂਦੀਆਂ ਹਨ, ਏਸ ਸ਼ਰਤ ਤੋਂ ਬਰੀ ਹੋਣਗੀਆਂ। ਦੋਹਾਂ ਮੁਲਕਾਂ ਵਿਚ ਜਹਾਜ਼ਰਾਨੀ ਤੋਂ ਲਾਭ ਵਾਸਤੇ ਪੱਕਾ ਹੁੰਦਾ ਹੈ, ਕਿ ਅੰਗਰੇਜ਼ੀ ਸਰਕਾਰ, ਬੇੜੀਆਂ ਨੂੰ ਠੀਕ ਰਖਣ ਦੇ ਖ਼ਰਚ ਕਢ ਕੇ, ਬਾਕੀ ਬੱਚਤ ਵਿਚੋਂ ਅੱਧ ਲਾਹੌਰ ਦਰਬਾਰ ਨੂੰ ਦੇਵੇਗੀ, ਪਰ ਇਹ ਸ਼ਰਤ ਉਹਨਾਂ ਬੇੜੀਆਂ ਉੱਤੇ, ਜੋ ਲਾਹੌਰ ਤੇ ਬਹਾਵਲਪੁਰ ਦੀ ਹੱਦ ਤੇ ਸਤਲੁਜ ਵਿਚ ਚਲਦੀਆਂ ਹਨ, ਲਾਗੂ ਨਹੀਂ ਹੋਵੇਗੀ।

10. ਅੰਗਰੇਜ਼ੀ ਸਰਕਾਰ ਨੂੰ ਲਾਹੌਰ ਰਾਜ ਵਿਚ ਦੀ ਫ਼ੌਜ ਲੰਘਾਉਣ ਦੀ ਲੋੜ ਪਏਗੀ, ਤਾਂ ਅੰਗਰੇਜ਼ੀ ਸਰਕਾਰ ਦੇ ਕਹਿਣ ਉੱਤੇ ਫ਼ੌਜ ਲੰਘਾਉਣ ਦੀ ਆਗਿਆ ਦੇ ਦਿੱਤੀ ਜਾਵੇਗੀ। ਇਸ ਹਾਲਤ ਵਿਚ ਲਾਹੌਰ ਰਾਜ ਦੇ ਹਾਕਮ ਹਰ ਤਰ੍ਹਾਂ ਦੀ ਸਹਾਇਤਾ ਕਰਨਗੇ ਤੇ ਅੰਗਰੇਜ਼ੀ ਸਰਕਾਰ ਇਹਨਾਂ ਸਹੂਲਤਾਂ ਦੇ ਸਭ ਖ਼ਰਚ ਅਦਾ ਕਰੇਗੀ। ਉਹਨਾਂ ਸਭ ਨਿੱਜੀ ਜਾਇਦਾਦਾਂ ਦਾ ਨੁਕਸਾਨ-ਜੋ ਵਿਚੋਂ ਫ਼ੌਜ ਲੰਘਣ ਕਰਕੇ ਹੋਵੇਗਾ, ਸਰਕਾਰ ਪੂਰਾ ਕਰੇਗੀ। ਅੰਗਰੇਜ਼ੀ ਸਰਕਾਰ ਉਹਨਾਂ ਲੋਕਾਂ ਦੇ ਧਰਮ ਦਾ-ਪੂਰਾ ਖ਼ਿਆਲ ਰਖੇਗੀ, ਜਿਨ੍ਹਾਂ ਦੇ ਇਲਾਕੇ ਵਿਚ ਦੀ ਫ਼ੌਜ ਲੰਘੇਗੀ।

11. ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਅੰਗਰੇਜ਼ੀ ਪਰਜਾ ਵਿਚੋਂ ਜਾਂ, ਕਿਸੇ ਯੂਰਪੀਨ ਜਾਂ ਅਮਰੀਕਨ ਨੂੰ ਮਹਾਰਾਜਾ ਨੌਕਰ ਨਹੀਂ ਰੱਖੇਗਾ

12. ਜੰਮੂ ਦੇ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਤੇ ਅੰਗਰੇਜ਼ੀ ਸਰਕਾਰ ਵਿਚ ਸੁਲ੍ਹਾ ਕਰਾਉਣ ਬਦਲੇ (ਇਹ ਸੇਵਾ ਉਸਨੇ ਲਾਹੌਰ ਦਰਬਾਰ ਵੱਲੋਂ ਕੀਤੀ ਹੈ) ਮਹਾਰਾਜਾ ਦਲੀਪ ਸਿੰਘ ਉਹਨਾਂ ਇਲਾਕਿਆਂ ਤੇ ਪਹਾੜੀ ਜ਼ਿਲ੍ਹਿਆਂ ਦਾ 'ਮਹਾਰਾਜਾ ਮੰਨ ਲਵੇਗਾ, ਜਿਹੜੇ ਇਲਾਕੇ ਅੰਗਰੇਜ਼ੀ ਸਰਕਾਰ ਰਾਜਾ ਗੁਲਾਬ ਸਿੰਘ ਨੂੰ ਇਕ ਵੱਖਰੇ ਅਹਿਦਨਾਮੇ ਰਾਹੀਂ ਦੇਵੇਗੀ। ਇਸ ਵਿਚ ਉਹ ਇਲਾਕਾ ਸ਼ਾਮਲ ਹੋਵੇਗਾ, ਜੋ ਮ. ਖੜਕ ਸਿੰਘ ਦੇ ਸਮੇਂ ਤੋਂ ਗੁਲਾਬ ਸਿੰਘ ਦੇ ਕਬਜ਼ੇ ਵਿਚ ਚਲਿਆ ਆਉਂਦਾ ਹੈ। ਅਤੇ ਅੰਗਰੇਜ਼ੀ ਸਰਕਾਰ ਵੀ ਰਾਜਾ ਗੁਲਾਬ ਸਿੰਘ ਦੀ ਨੇਕ ਚਲਨੀ ਦੇ ਕਾਰਨ ਇਹਨਾਂ ਇਲਾਕਿਆਂ`ਤੇ ਉਹਦੀ ਆਜ਼ਾਦੀ ਪਰਵਾਨ ਕਰਦੀ ਹੈ ਤੇ ਉਹਨੂੰ ਵੱਖਰਾ ਅਹਿਦਨਾਮਾ ਕਰਨ ਦੀ ਆਗਿਆ ਦੇਂਦੀ ਹੈ।

13. ਇਸ ਹਾਲ ਵਿਚ ਰਾਜਾ ਗੁਲਾਬ ਸਿੰਘ ਤੇ ਲਾਹੌਰ ਦਰਬਾਰ ਵਿਚ ਜੇ ਕੋਈ ਝਗੜਾ ਹੋਵੇਗਾ ਤਾਂ ਅੰਗਰੇਜ਼ੀ ਸਰਕਾਰ ਸਾਲਸ ਬਣ ਕੇ ਉਸਦਾ ਫ਼ੈਸਲਾ ਕਰੇਗੀ ਤੇ ਉਹ ਫ਼ੈਸਲਾ 'ਮਹਾਰਾਜੇ' ਨੂੰ ਮੰਨਣਾ ਪਵੇਗਾ।

14 ਅੰਗਰੇਜ਼ੀ ਸਰਕਾਰ ਦੀ ਆਗਿਆ ਬਿਨਾਂ, ਲਾਹੌਰ ਦਰਬਾਰ ਆਪਣੇ ਰਾਜ ਦੀਆਂ ਹੱਦਾਂ ਨੂੰ ਵੱਧਾ ਘਟਾ ਨਹੀਂ ਸਕੇਗਾ।

15. ਅੰਗਰੇਜ਼ੀ ਸਰਕਾਰ, ਲਾਹੌਰ ਦਰਬਾਰ ਦੇ ਅੰਦਰਲੇ ਪਰਬੰਧ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਪਰ ਜਿਨ੍ਹਾਂ ਸਵਾਲਾਂ ਤੇ ਝਗੜਿਆਂ ਬਾਰੇ ਅੰਗਰੇਜ਼ੀ ਸਰਕਾਰ ਤੋਂ ਪੁੱਛਿਆ ਜਾਵੇਗਾ, ਗਵਰਨਰ-ਜਨਰਲ ਆਪਣੀ ਚੰਗੀ ਤੇ ਨੇਕ ਸਲਾਹ, ਲਾਹੌਰ ਰਾਜ ਦੇ ਭਲੇ ਵਾਸਤੇ ਦੇਵੇਗਾ।

16 ਦੋਹਾਂ ਸਰਕਾਰਾਂ ਦੀ ਪਰਜਾ ਜਦੋਂ ਇਕ ਦੂਜੇ ਮੁਲਕ ਵਿਚ ਸੈਰ ਵਾਸਤੇ ਜਾਵੇ, ਤਾਂ ਉਸ ਨਾਲ ਚੰਗਾ ਸਲੂਕ ਕੀਤਾ ਜਾਵੇਗਾ।''

ਇਹ ਸੋਲ੍ਹਾਂ ਸ਼ਰਤਾ ਦਾ ਅਹਿਦਨਾਮਾ, ਫ਼ਰੈਡ੍ਰਿਕ ਕਰੀ ਤੋਂ ਹੈਨਰੀ ਮਿੰਟਗੁਮਰੀ ਲਾਰੰਸ ਜੋ ਅੰਗਰੇਜ਼ੀ ਸਰਕਾਰ ਵਲੋਂ, ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ) ਅਤੇ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀ ਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ (ਜੋ ਮਹਾਰਾਜਾ ਦਲੀਪ ਸਿੰਘ ਵੱਲੋਂ ਹਨ) ਵਿਚ ਪੱਕਾ ਹੋਇਆ। ਤੇ ਇਹ ਅਹਿਦਨਾਮਾ ਗਵਰਨਰ-ਜੈਨਰਲ ਤੇ ਮ. ਦਲੀਪ ਸਿੰਘ ਦੀਆਂ ਮੁਹਰਾਂ ਲਾ ਕੇ ਪੱਕਾ ਕੀਤਾ ਗਿਆ।

ਇਹ ਅਹਿਦਨਾਮਾ 9 ਮਾਰਚ, 1846 ਈ: ਮੁਤਾਬਕ 10 ਰਬੀਉਲ ਅੱਵਲ, 1262 ਹਿਜਰੀ ਨੂੰ ਲਿਖਿਆ ਗਿਆ ਤੇ ਪੱਕਾ ਹੋਇਆ।

## ਪਹਿਲੀ ਸੁਲ੍ਹਾ ਨਾਲ ਸੰਬੰਧਤ ਸ਼ਰਤਾਂ

ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ਅਹਿਦਨਾਮਾ ''ਕਿਉਂਕਿ ਲਾਹੌਰ ਦਰਬਾਰ ਨੇ, ਗਵਰਨਰ-ਜੈਨਰਲ ਕੋਲ ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰੱਖਣ ਲਈ


☛ ਬਾਕੀ ਅਗਲੇ ਅੰਕ ਵਿੱਚ

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ
ਕੇ 1000 ਬੰਦਿਆਂ ਤੱਕ
ਦੀ ਪਾਰਟੀ ਦੀ ਕੇਟਰਿੰਗ
ਕਰਦੇ ਹਾਂ

ਗੁਰਦੁਆਰਾ ਸਾਹਿਬ
ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232



# ਆਰਟੀਫੀਸ਼ੀਅਲ ਇੰਟੈਲੀਜੈਂਸ - ਵਰ ਕਿ ਸਰਾਪ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।*

**ਲਿਖਤ : ਡਾ. ਗੁਰਬਖਸ਼ ਸਿੰਘ ਭੰਡਾਲ**
**ਸੰਪਰਕ : 216-556-2080**

ਪਿਛਲੇ ਕੁਝ ਸਾਲਾਂ ਵਿਚ ਆਧੁਨਿਕ ਟੈਕਨਾਲੋਜੀ ਦੀ ਤਰੱਕੀ ਨੇ ਮਨੁੱਖ ਨੂੰ ਹੈਰਾਨ ਅਤੇ ਪ੍ਰੇਸ਼ਾਨ ਕੀਤਾ ਹੈ ਅਤੇ ਗੰਭੀਰ ਪ੍ਰਸ਼ਨ ਵੀ ਪੈਦਾ ਕੀਤੇ ਹਨ। ਕੀ ਇਹ ਆਧੁਨਿਕ ਟੈਕਨਾਲੋਜੀ ਜਿਥੇ ਮਨੁੱਖ ਲਈ ਬਹੁਤ ਸਾਰੀਆਂ ਸਹੂਲਤਾਂ ਪੈਦਾ ਕਰ ਰਹੀ ਹੈ ਉਥੇ ਇਹ ਮਨੁੱਖ ਲਈ ਕਿਧਰੇ ਸਰਾਪ ਤਾਂ ਨਹੀਂ ਬਣ ਰਹੀ? ਭਾਵੇਂ ਇਹ ਸੋਸ਼ਲ ਮੀਡੀਆ ਹੋਵੇ, ਸਮਾਰਟ ਫ਼ੋਨ ਹੋਣ ਜਾਂ ਸੁੱਖਸਹੂਲਤਾਂ ਵਾਲੀਆਂ ਵਸਤਾਂ ਜਿਹੜੀਆਂ ਅਸੀਂ ਆਮ ਜੀਵਨ ਵਿਚ ਵਰਤਦੇ ਹਾਂ। ਪਰ ਖੋਜ ਇਥੇ ਵੀ ਨਹੀਂ ਰੁਕੀ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਆਮਦ ਨੇ ਮਨੁੱਖ ਨੂੰ ਸੋਚਾਂ ਵਿਚ ਜ਼ਰੂਰ ਪਾ ਦਿਤਾ ਹੈ ਕਿ ਇਸ ਨਾਲ ਜੀਵਨ ਵਿਚ ਕਿਸ ਤਰ੍ਹਾਂ ਦੀ ਉਥਲ-ਪੁਥਲ ਪੈਦਾ ਹੋਵੇਗੀ? ਪਿਛਲੇ ਕੁਝ ਸਾਲਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਸਾਧਾਰਨ ਰਫ਼ਤਾਰ ਨਾਲ ਅੱਗੇ ਵਧੀ ਹੈ। ਅੱਜ ਇਹ ਅਵਾਰਡਜੇਤੂ, ਕਲਾਮਈ ਸਕ੍ਰਿਪਟਾਂ ਲਿਖਣ ਦੇ ਸਮਰੱਥ ਹੈ ਜਿਨ੍ਹਾਂ ਨੂੰ ਅਸਲ ਫਿਲਮਾਂ ਵਿਚ ਬਦਲਿਆ ਜਾ ਸਕਦਾ ਹੈ। ਚੈਟਜੀਪੀਟੀ (ਛਹਓਟਘਫਠ) ਨਵੀਨਤਮ ਐਪ ਹੈ ਜਿਸਨੇ ਤਕਨੀਕੀ ਅਤੇ ਮੀਡੀਆ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇਹ ਐਪ ਅਜੇਹੀ ਲਿਖਤ ਤਿਆਰ ਕਰਦਾ ਹੈ ਕਿ ਇਹ ਦੱਸਣਾ ਅਸੰਭਵ ਹੁੰਦਾ ਹੈ ਕਿ ਕੀ ਇਹ ਲਿਖਤ ਮਨੁੱਖ ਜਾਂ ਮਸ਼ੀਨ ਦੁਆਰਾ ਤਿਆਰ ਕੀਤੀ ਗਈ ਹੈ? ਕੁਝ ਸਮਾਂ ਪਹਿਲਾਂ, ਖੋਜ ਕੰਪਨੀ ਓਪਨਏਆਈ ਨੇ ਚੈਟਜੀਪੀਟੀ (ਚਹਓਟਘਫਠ) ਨੂੰ ਜਾਰੀ ਕੀਤਾ। ਇਹ ਇੱਕ ਭਾਸ਼ਾ ਮਾਡਲ ਹੈ ਜੋ ਇੱਕ ਉਪਭੋਗਤਾ ਦੁਆਰਾ ਪ੍ਰਦਾਨ ਕੀਤੇ ਖਾਸ ਵਿਚਾਰਾਂ ਦੇ ਆਧਾਰ 'ਤੇ ਸ਼ਾਨਦਾਰ ਢੰਗ ਨਾਲ ਢਾਂਚਾਗਤ ਦਲੀਲਾਂ ਦਾ ਨਿਰਮਾਣ ਕਰ ਸਕਦਾ ਹੈ। ਅਜੇਹਾ ਸਿਸਟਮ ਜੋ ਅੱਗੇ ਆਉਣ ਵਾਲੇ ਸ਼ਬਦਾਂ ਦੀ ਭਵਿੱਖਬਾਣੀ ਕਰਨ ਲਈ ਔਨਲਾਈਨ ਟੈਕਸਟ ਦੇ ਇੱਕ ਵਿਸ਼ਾਲ ਭੰਡਾਰ ਦੀ ਵਰਤੋਂ ਕਰਦਾ ਹੈ। ਇਹ ਐਪ ਮਸ਼ਹੂਰ ਲੇਖਕਾਂ ਦੀ ਸ਼ੈਲੀ ਵਿਚ ਨਵੀਆਂ ਕਹਾਣੀਆਂ ਲਿਖਣ, ਅਤੇ ਉਨ੍ਹਾਂ ਵਿਦਿਆਰਥੀਆਂ ਲਈ ਲੇਖ ਲਿਖਣ ਦੇ ਯੋਗ ਹੈ ਜੋ ਅੰਗਰੇਜ਼ੀ ਦੇ ਪੇਪਰ, ਆਈਲੈਟਸ ਜਾਂ ਟੌਫ਼ਲ ਵਰਗੇ ਇਮਤਿਹਾਨਾਂ ਵਿਚ ਆਸਾਨੀ ਨਾਲ ਪਾਸ ਹੋ ਸਕਦੇ ਹਨ। ਇਸ ਐਪ ਦੀ ਵਰਤੋਂ ਨੇ ਅਧਿਆਪਕਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ, ਜੋ ਅਸਾਨੀ ਨਾਲ ਆਮ ਵਿਦਿਆਰਥੀ ਵਰਗੀ ਲਿਖਤ ਨੂੰ ਪੈਦਾ ਕਰ ਸਕਦਾ ਹੈ। ਸਕੂਲ ਵਿਚ ਨਕਲ ਮਾਰਨਾ ਕੋਈ ਨਵੀਂ ਗੱਲ ਨਹੀਂ ਹੈ, ਪਰ ਚੈਟਜੀਪੀਟੀ (chatGPT) ਵਰਗੇ ਐਪ ਪਿਛਲੇ ਸਮੇਂ ਵਿਚ ਵਿਦਿਆਰਥੀਆਂ ਦੁਆਰਾ ਵਰਤੇ ਗਏ ਢੰਗ ਤਰੀਕਿਆਂ ਤੋਂ ਸਪਸ਼ਟ ਤੌਰ 'ਤੇ ਵੱਖਰੇ ਹਨ। ਇਨ੍ਹਾਂ ਐਪਾਂ ਦੁਆਰਾ ਤਿਆਰ ਕੀਤੀ ਗਈ ਲਿਖਤ ਪੂਰੀ ਤਰ੍ਹਾਂ ਅਸਲੀ ਲੱਗਦੀ ਹੈ ਜਿਸਨੂੰ ਸਭ ਤੋਂ ਵਧੀਆ ਸਾਹਿਤਕ ਚੋਰੀ ਦੇ ਸੌਫ਼ਟਵੇਅਰ ਦੁਆਰਾ ਵੀ ਪਕੜਿਆ ਨਹੀਂ ਜਾ ਸਕਦਾ। ਇਹ ਐਪ ਵਿਦਿਆਰਥੀਆਂ ਨੂੰ ਉਹ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਜੋ ਉਨ੍ਹਾਂ ਨੂੰ ਆਪਣੇ ਆਪ ਲੱਭਣੀ ਚਾਹੀਦੀ ਹੈ। ਪਰ ਕੁਝ ਅਧਿਆਪਕ ਛਹਓਟਘਫਠ ਨੂੰ ਇੱਕ ਸੰਕੇਤ ਦੇ ਤੌਰ 'ਤੇ ਦੇਖਦੇ ਹਨ ਜੋ ਹਰ ਪੱਧਰ 'ਤੇ ਸਕੂਲਾਂ ਵਿਚ ਵਰਤਿਆ ਜਾਵੇਗਾ। ਉਨ੍ਹਾਂ ਦੀ ਦਲੀਲ ਹੈ ਕਿ ਧੋਖਾਧੜੀ ਨੂੰ ਜੜ੍ਹੋਂ ਪੁੱਟਣਾ ਅਸੰਭਵ ਹੋਵੇਗਾ, ਕਿਉਂਕਿ ਇਹ ਨਿਰਧਾਰਤ ਕਰਨ ਲਈ ਕੋਈ ਅਜੇਹਾ ਤਰੀਕਾ ਨਹੀਂ ਹੋਵੇਗਾ ਕਿ ਇਹ ਲਿਖਤ ਪ੍ਰਮਾਣਿਕ ਹੈ ਜਾਂ ਮਸ਼ੀਨ ਦੁਆਰਾ ਬਣਾਈ ਗਈ ਹੈ। ਪਰ ਇਸ ਐਪ ਨਾਲ ਲਿਖਣ ਦੀ ਕਲਾ ਜਿਵੇਂ ਕਿ ਵਿਸ਼ਲੇਸ਼ਣ, ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਵਿਸ਼ੇਸ਼ ਦਲੀਲ ਨੂੰ ਲਿਖਤ ਵਿਚ ਪੇਸ਼ ਕਰਨ ਦੀ ਯੋਗਤਾ ਖਤਮ ਹੋ ਜਾਵੇਗੀ। ਕੁਝ ਦਾ ਕਹਿਣਾ ਹੈ ਕਿ ਇਹ ਚਿੰਤਾਵਾਂ ਬੇਲੋੜੀਆਂ ਹਨ। ਉਹ ਕਹਿੰਦੇ ਹਨ ਕਿ ਇਸ ਐਪ ਦੁਆਰਾ ਲਿਖੀ ਗਈ ਲਿਖਤ ਵਿਚ ਕੁਝ ਖਾਲੀ ਥਾਵਾਂ ਵਿਦਿਆਰਥੀ ਵਲੋਂ ਭਰਨੀਆਂ ਹੁੰਦੀਆਂ ਹਨ ਜਿਸ ਨਾਲ ਅਧਿਆਪਕ ਪਤਾ ਲਗਾ ਸਕਦਾ ਕਿ ਇਹ ਲਿਖਤ ਐਪ ਨੇ ਤਿਆਰ ਕੀਤੀ ਹੈ ਜਾਂ ਵਿਦਿਆਰਥੀ ਦੀ ਮੂਲ ਲਿਖਤ ਹੈ। ਕੁਝ ਮਾਪੇ ਇਸ ਐਪ 'ਤੇ ਖੁਸ਼ ਹਨ ਅਤੇ ਇਸਨੂੰ ਬੱਚਿਆਂ ਦੀ ਲਿਖਣ-ਕਲਾ ਅਤੇ ਭਾਸ਼ਾ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੇ ਤਰੀਕੇ ਵਜੋਂ ਦੇਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਟੈਕਸਟ ਜਨਰੇਟਰ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨ ਲਈ ਪ੍ਰਮੁੱਖ ਸਾਧਨ ਹੋ ਸਕਦਾ ਹੈ ਜੋ ਲਿਖਣ ਲਈ ਸੰਘਰਸ਼ ਕਰਦੇ ਹਨ, ਕਿਉਂਕਿ ਅੰਗਰੇਜ਼ੀ ਉਨ੍ਹਾਂ ਦੀ ਪਹਿਲੀ ਭਾਸ਼ਾ ਨਹੀਂ ਹੈ। ਕੁਝ ਦਾ ਤਰਕ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਕੂਲਾਂ ਨੂੰ ਇਸ ਬਾਰੇ ਹੋਰ ਰਚਨਾਤਮਕ ਢੰਗ ਨਾਲ ਸੋਚਣ ਲਈ ਮਜਬੂਰ ਕਰੇਗਾ ਕਿ ਉਹ ਵਿਦਿਆਰਥੀਆਂ ਨੂੰ ਲਿਖਣਾ ਕਿਵੇਂ ਸਿਖਾਉਂਦੇ ਹਨ? ਇਹ ਐਪ ਵਿਦਿਅਕ ਅਦਾਰਿਆਂ ਨੂੰ ਪਾਠਕ੍ਰਮ ਵਿਚ ਸੁਧਾਰ ਕਰਨ ਲਈ ਪ੍ਰੇਰਿਤ ਵੀ ਕਰ ਸਕਦਾ ਹੈ। ਇਹ ਪੁੱਛੇ ਜਾਣ 'ਤੇ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਅਕਾਦਮਿਕ ਲੇਖ ਲਿਖਣ ਨੂੰ ਖਤਮ ਕਰ ਦੇਵੇਗਾ, ਚੈਟਜੀਪੀਟੀ ਤਿਆਰ ਕਰਨ ਵਾਲਿਆਂ ਨੇ ਕੋਈ ਚਿੰਤਾ ਨਹੀਂ ਜ਼ਾਹਰ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਹਾਲਾਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਨੇ ਕੁਦਰਤੀ ਭਾਸ਼ਾ ਦੀ ਪ੍ਰਕਿਰਿਆ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਪਰੂਫ ਰੀਡਿੰਗ ਅਤੇ ਵਿਆਕਰਣ ਦੀ ਜਾਂਚ ਵਰਗੇ ਕੰਮਾਂ ਵਿਚ ਸਹਾਇਤਾ ਕਰ ਸਕਦੀ ਹੈ। ਇਹ ਵਰਤਮਾਨ ਵਿਚ ਅਕਾਦਮਿਕ ਲਿਖਤ ਦਾ ਮੁੱਖ ਹਿੱਸਾ ਹੈ, ਪਰ ਇਹ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਨੂੰ ਪੂਰੀ ਤਰ੍ਹਾਂ ਦੁਹਰਾਉਣ ਦੇ ਸਮਰੱਥ ਨਹੀਂ ਹੈ। ਪਰ ਇਹ ਸਪੱਸ਼ਟ ਹੋਣ ਵਿਚ ਕਈ ਸਾਲ ਲੱਗ ਸਕਦੇ ਹਨ ਕਿ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਵਸਿਖਿਆਰਥੀਆਂ ਲਈ ਵਰ ਹੈ ਜਾਂ ਸਰਾਪ। ਇਕ ਵਿਦਿਅਕ ਅਦਾਰੇ ਦੇ ਮੁਖੀ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਇਕ ਧੋਖੇਬਾਜ਼ ਅਕਾਦਮਿਕ ਖ਼ਤਰਾ ਦਰਪੇਸ਼ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਕ੍ਰਾਂਤੀ ਨੇ ਨਵੇਂ ਸ਼ਕਤੀਸ਼ਾਲੀ ਆਟੋਮੈਟਿਕ ਲਿਖਣ ਦੇ ਸਾਧਨ ਬਣਾਏ ਹਨ। ਇਹ ਉਹ ਮਸ਼ੀਨਾਂ ਹਨ ਜੋ ਸਕੂਲ ਅਤੇ ਯੂਨੀਵਰਸਿਟੀ ਦੇ ਪੇਪਰਾਂ ਵਿਚ ਧੋਖਾਧੜੀ ਕਰਨ ਦੇ ਅਨੁਕੂਲ ਹਨ ਜਿਸ ਨੂੰ ਫੜਨਾ ਮੁਸ਼ਕਲ ਹੈ ਭਾਵੇਂ ਪੂਰੀ ਤਰ੍ਹਾਂ ਅਸੰਭਵ ਨਹੀਂ ਹੈ। ਯਾਦ ਰਹਿਣਾ ਚਾਹੀਦਾ ਹੈ ਕਿ ਮਨੁੱਖੀ ਸਿਰਜਣਾਤਮਕਤਾ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ, ਅਤੇ ਕੌਣ ਜਾਣਦਾ ਹੈ ਕਿ ਭਵਿੱਖ ਵਿਚ ਅਜਿਹੀ ਰਚਨਾਤਮਕਤਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਹੋਰ ਵੀ ਵਧਾਇਆ ਜਾ ਸਕੇ। ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਤਾਂ ਸਦਾ ਰਹੇਗੀ ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ। ਬੇਈਮਾਨ ਵਿਦਿਆਰਥੀਆਂ ਨੂੰ ਇਨ੍ਹਾਂ ਸ਼ਾਰਟਕੱਟਾਂ ਦੀ ਵਰਤੋਂ ਕਰਨ ਦੀ ਯੋਗਤਾ ਪ੍ਰਦਾਨ ਕਰੇਗੀ। ਇਹ ਸਿੱਧੇ ਤੌਰ 'ਤੇ ਸਾਹਿਤਕ ਚੋਰੀ, ਅਤੇ ਉਨ੍ਹਾਂ ਕੰਪਨੀਆਂ ਲਈ ਇਕ ਵਪਾਰਕ ਨੁਸਖਾ ਵੀ ਹੈ ਜੋ ਪੇਪਰ, ਹੋਮਵਰਕ, ਅਤੇ ਟੈਸਟ ਦੇ ਜਵਾਬ ਵੇਚਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਸਦਕਾ ਹੀ ਸਾਈਬਰ ਕ੍ਰਾਈਮ ਵਿਚ ਵਾਧਾ ਹੋ ਰਿਹਾ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਆਵਾਜ਼ ਦੀ ਕਾਪੀ ਕਰ ਕੇ, ਹੂਬਹੂ ਉਸਦੀ ਆਵਾਜ਼ ਤੇ ਲਹਿਜ਼ੇ ਵਿਚ ਉਸਦੇ ਨੇੜਲੇ ਸਕੇ ਸਬੰਧੀ ਨੂੰ ਫ਼ੋਨ ਕਰ ਕੇ ਠੱਗੀ ਮਾਰਨ ਦੇ ਕੇਸ ਵੀ ਆਉਣੇ ਸ਼ੁਰੂ ਹੋ ਗਏ ਹਨ। ਹੈ। ਉੜੀਸਾ ਵਿਚ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਇਕ ਐਂਕਰ ਉੜੀਆ ਵਿਚ ਖ਼ਬਰਾਂ ਵੀ ਪੜ੍ਹਨ ਲੱਗ ਪਈ ਹੈ। ਕਰਨਾਟਕਾ ਵਿਚ ਇਕ ਐਨਜੀਓ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲੋਕਾਂ ਰਾਹੀਂ ਲੋਕਾਂ ਵਾਸਤੇ ਵਰਤੋਂ ਕਰਨ ਦਾ ਅਨੋਖਾ ਤਜਰਬਾ ਕਰ ਰਹੀ ਹੈ ਜਿਸ ਰਾਹੀਂ ਵੱਖ ਵੱਖ ਕਬੀਲਿਆਂ ਦੀਆਂ ਉਪ-ਬੋਲੀਆਂ ਦਾ ਡਾਟਾ ਬਣਾ ਕੇ ਵੱਡੇ ਕਾਰਪੋਰੇਟ ਅਦਾਰਿਆਂ ਨੂੰ ਵੇਚ ਕੇ, ਇਸਦਾ ਕੁਝ ਹਿੱਸਾ ਆਮ ਲੋਕਾਂ ਨੂੰ ਦੇ ਕੇ ਆਮ ਲੋਕਾਂ ਦੀ ਆਮਦਨੀ ਵਧਾਈ ਜਾ ਰਹੀ ਹੈ। ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਫ਼ਿਲਮਾਂ ਦੀਆਂ ਸਕ੍ਰਿਪਟਾਂ ਲਿਖੀਆਂ ਜਾਣ ਲੱਗੀਆਂ ਅਤੇ ਐਕਟਰਾਂ ਦੀਆਂ ਅਵਾਜ਼ਾਂ ਵਿਚ ਡਾਇਲਾਗ ਬੋਲੇ ਜਾਣ ਲੱਗ ਪਏ ਤਾਂ ਫ਼ਿਲਮਾਂ ਦੇ ਲੇਖਕ, ਗੀਤਕਾਰ, ਐਕਟਰ ਆਦਿ ਸਾਰੇ ਵਿਹਲੇ ਹੋ ਜਾਣਗੇ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਕਈ ਮਰਹੂਮ ਗਾਇਕਾਂ ਦੇ ਗੀਤ ਵੀ ਮਾਰਕਿਟ ਵਿਚ ਆ ਰਹੇ ਜਿਨ੍ਹਾਂ ਵਿਚ ਉਨ੍ਹਾਂ ਗਾਇਕਾਂ ਦੀ ਡਿਜੀਟਲ ਫੋਟੋ ਰਾਹੀਂ ਫ਼ਿਲਮਾਂਕਣ ਕੀਤਾ ਹੁੰਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਕਦਰ ਕਾਰਪੋਰੇਟ ਅਦਾਰਿਆਂ ਵਿਚ ਦਾਖ਼ਲ ਹੋ ਗਈ ਹੈ ਕਿ ਐਮਾਜ਼ੋਨ ਅਦਾਰਾ ਇਕ ਲੱਖ ਤੋਂ ਵੱਧ ਰੋਬੋਟਾਂ ਦੀ ਵਰਤੋਂ ਨਾਲ ਕਾਮਿਆਂ ਦੀਆਂ ਹੜਤਾਲਾਂ ਅਤੇ ਕੰਮ ਦੇ ਸੀਮਤ ਘੰਟਿਆਂ ਤੋਂ ਸੁਰਖ਼ਰੂ ਹੋ ਗਿਆ ਹੈ ਕਿਉਂਕਿ ਰੋਬੋਟ ਤਾਂ 24/7 ਕੰਮ ਕਰਦੇ ਹਨ। ਇਹ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਹੀ ਵਰਤੋਂ ਹੈ ਕਿ ਅਸੀਂ ਹੁਕਮ ਕਰਦੇ ਹਾਂ ਕਿ ਹੇ ਸੀਰੀ! ਇਸ ਕਮਰੇ ਦਾ ਪੱਖਾ ਚਲਾ ਦੇ, ਉਸ ਕਮਰੇ ਦੀਆਂ ਲਾਈਟਾਂ ਜਗਾ ਦੇ, ਟੀਵੀ ਆਨ ਕਰਦੇ, ਫ਼ਲਾਨਾ ਚੈਨਲ ਲਗਾ ਦੇ ਤੇ ਫਲਾਨੇ ਨੂੰ ਫ਼ੋਨ ਮਿਲਾ ਦੇ। ਆਈਫ਼ਲ ਟਾਵਰ ਕਦੋਂ ਬਣਿਆ ਸੀ? ਜੀਪੀਐਸ ਵਿਚ ਵੀ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਟੋਰ ਕੀਤੀ ਜਾਣਕਾਰੀ, ਬੋਲ ਕੇ ਸਾਡਾ ਮਾਰਗ ਦਰਸ਼ਕ ਕਰਦੀ ਹੈ। ਇਕੱਲਤਾ ਭੋਗ ਰਹੇ ਵਿਅਕਤੀ ਤਾਂ ਸੀਰੀ ਨਾਲ ਹਰ ਤਰ੍ਹਾਂ ਦੀਆਂ ਗੱਲਾਂ ਕਰ ਕੇ ਆਪਣਾ ਸਮਾਂ ਪਾਸ ਕਰਦੇ ਹਨ ਕਿਉਂਕਿ ਸੀਰੀ ਨਾਲ ਤੁਸੀਂ ਕਿਸੇ ਵੀ ਵਿਸ਼ੇ ਬਾਰੇ ਗੱਲ ਕਰ ਸਕਦੇ ਹੋ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਹੀ ਸਾਥੀ ਬਣ ਰਹੀ ਏ ਦਿਲ ਦੀਆਂ ਗੱਲਾਂ ਕਰਨ ਲਈ। ਪਰ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਜਦੋਂ ਵੀ ਕੋਈ ਨਵੀਂ ਟੈਕਨਾਲੌਜੀ ਆਉਂਦੀ ਹੈ ਤਾਂ ਘਬਰਾਹਟ ਹੋਣੀ ਲਾਜ਼ਮੀ ਹੁੰਦੀ ਹੈ। ਇਹ ਤਾਂ ਵਰਤਣ ਵਾਲੇ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਿਹਤਮੰਦ ਤਰੀਕੇ ਨਾਲ ਇਸ ਨੂੰ ਵਰਤਣ ਲਈ ਤਿਆਰ ਰਹੇ ਤਾਂ ਕਿ ਨਵੀਂ ਤਕਨਾਲੋਜੀ ਨੂੰ ਉਸਾਰੂ ਅਤੇ ਚੰਗੇਰੇ ਰੂਪ ਵਿਚ ਵਰਤਿਆ ਜਾਵੇ।

# ਪੰਜਾਬ 'ਚ ਪੀਣਯੋਗ ਪਾਣੀ ਦੇ ਸੰਕਟ ਨੇ ਚਿੰਤਾ ਵਧਾਈ

**ਲਿਖਤ : ਜਸਵਿੰਦਰ ਧੂਹਰਾ**

ਪੰਜਾਬ ਦੇ ਬਹੁਤੇ ਇਲਾਕਿਆਂ 'ਚ ਧਰਤੀ ਹੇਠਲਾ ਪਾਣੀ ਹੁਣ ਇੰਨਾ ਜ਼ਿਆਦਾ ਦੂਸ਼ਿਤ ਹੋ ਚੁੱਕਾ ਹੈ ਕਿ ਇਹ ਪੀਣਯੋਗ ਨਹੀਂ ਰਿਹਾ ਤੇ ਮਨੁੱਖੀ ਤੇ ਜੀਵ-ਜੰਤੂਆਂ ਦੀ ਸਿਹਤ ਲਈ ਵੱਡਾ ਖ਼ਤਰਾ ਵੀ ਬਣ ਗਿਆ ਹੈ। ਇਹ ਪ੍ਰਗਟਾਵਾ ਹਿਮਾਚਲ ਪ੍ਰਦੇਸ਼ ਦੇ ਮੰਡੀ ਸਥਿਤ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵੱਲੋਂ ਕੀਤੀ ਗਈ ਇਕ ਤਾਜ਼ਾ ਖੋਜ 'ਚ ਕੀਤਾ ਗਿਆ ਹੈ। ਇਹ ਖੋਜ ਕਰਨ ਲਈ ਪੰਜਾਬ 'ਚ 315 ਥਾਵਾਂ ਤੋਂ ਪਾਣੀ ਦੇ ਸੈਂਪਲ ਲਏ ਗਏ ਸਨ। ਇਹ ਖੋਜ 'ਐਨਵਾਇਰਨਮੈਂਟਲ ਸਾਇੰਸ ਐਂਡ ਪੋਲਿਊਸ਼ਨ ਰਿਸਰਚ' ਨਾਂ ਦੇ ਇਕ ਰਸਾਲੇ 'ਚ ਛਪੀ ਹੈ। ਇਸ ਖੋਜ ਮੁਤਾਬਕ ਪਿਛਲੇ ਦੋ ਦਹਾਕਿਆਂ ਦੌਰਾਨ ਮੌਨਸੂਨ ਕਮਜ਼ੋਰ ਰਹਿਣ ਕਾਰਨ ਜ਼ਮੀਨਦੋਜ਼ ਪਾਣੀ ਦੀ ਮੰਗ ਬਹੁਤ ਜ਼ਿਆਦਾ ਵਧ ਗਈ ਹੈ। ਇਸੇ ਲਈ ਜਲ-ਸਪਲਾਈ ਵਿਭਾਗ ਤੇ ਪੰਜਾਬ ਦੇ ਕਿਸਾਨਾਂ ਨੂੰ ਹੁਣ ਧਰਤੀ 'ਚ ਡੂੰਘੇ ਬੋਰ ਕਰ ਕੇ ਪਾਣੀ ਲੈਣਾ ਪੈ ਰਿਹਾ ਹੈ ਪਰ ਉਸ ਪਾਣੀ 'ਚ ਭਾਰੀ ਧਾਤਾਂ ਵੀ ਮੌਜੂਦ ਹੁੰਦੀਆਂ ਹਨ ਜਿਨ੍ਹਾਂ 'ਚੋਂ ਕੁਝ ਤਾਂ ਰੇਡੀਓਐਕਟਿਵ ਵੀ ਹੁੰਦੀਆਂ ਹਨ ਅਤੇ ਮਨੁੱਖੀ ਸਿਹਤ 'ਤੇ ਉਨ੍ਹਾਂ ਦਾ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਸੂਬੇ 'ਚ ਕੁਝ ਥਾਵਾਂ 'ਤੇ ਧਰਤੀ ਹੇਠਲੇ ਪਾਣੀ 'ਚੋਂ ਨਾਈਟਰੇਟ ਤੇ ਫਲੋਰਾਈਡ ਦੇ ਅੰਸ਼ ਮਿਲੇ ਹਨ। ਪੰਜਾਬ ਦੇ ਦੱਖਣ-ਪੱਛਮੀ ਹਿੱਸਿਆਂ 'ਚ ਧਰਤੀ ਹੇਠਲੇ ਪਾਣੀ ਦਾ ਬਹੁਤ ਮਾੜਾ ਹਾਲ ਹੈ। ਰਾਜ ਦੀ 94 ਫ਼ੀਸਦੀ ਜਨਤਾ ਪੀਣ ਲਈ ਇਹੋ ਪਾਣੀ ਵਰਤਦੀ ਹੈ। ਇਸੇ ਲਈ ਹੁਣ ਪੰਜਾਬ ਸਰਕਾਰ ਨੂੰ ਉਸ ਪਾਣੀ ਦੀ ਵੀ ਜਾਂਚ ਕਰਵਾਉਣੀ ਚਾਹੀਦੀ ਹੈ ਜਿਸ ਨਾਲ ਫ਼ਸਲਾਂ ਸਿੰਜੀਆਂ ਜਾਂਦੀਆਂ ਹਨ। ਦੂਸ਼ਿਤ ਪਾਣੀ ਨਾਲ ਵਧੀਆਂ-ਫੁੱਲੀਆਂ ਫ਼ਸਲਾਂ ਮਨੁੱਖੀ ਸਿਹਤ ਲਈ ਕਿੰਨੀਆਂ ਕੁ ਦਰੁਸਤ ਹੋਣਗੀਆਂ, ਇਹ ਵੀ ਵੱਡਾ ਸਵਾਲ ਹੈ। ਅਜਿਹੇ ਬੁਨਿਆਦੀ ਕਾਰਨਾਂ ਕਰਕੇ ਹੀ ਜਿਹੜਾ ਪੰਜਾਬ ਹੁਣ ਤੱਕ ਦੇਸ਼ ਦਾ 'ਅੰਨ ਭੰਡਾਰ' ਅਖਵਾਉਂਦਾ ਸੀ, ਉਹ ਹੁਣ 'ਕੈਂਸਰ ਦੀ ਰਾਜਧਾਨੀ' ਬਣਦਾ ਜਾ ਰਿਹਾ ਹੈ। ਮਨੁੱਖੀ ਕਾਰਨਾਂ ਕਰਕੇ ਕੁਦਰਤੀ ਸਰੋਤ ਹੁਣ ਆਪਣਾ ਸਰੂਪ ਬਦਲ ਰਹੇ ਹਨ। ਵਿਕਾਸ ਦੇ ਨਾਂ 'ਤੇ ਬਿਨਾਂ ਮਤਲਬ ਦੀ ਪੁਟਾਈ ਕਾਰਨ ਪਹਾੜਾਂ 'ਤੇ ਜ਼ਮੀਨਾਂ ਖਿਸਕਣ ਦੀਆਂ ਵਾਰਦਾਤਾਂ ਵਧ ਗਈਆਂ ਹਨ। ਵੱਡੀਆਂ ਇਮਾਰਤਾਂ 'ਚ ਤਰੇੜਾਂ ਆਉਣ ਲੱਗੀਆਂ ਹਨ। ਵਣਾਂ ਦੀ ਵੱਡੇ ਪੱਧਰ 'ਤੇ ਕਟਾਈ ਹੋਣ ਕਾਰਨ ਜਲਵਾਯੂ ਤੇ ਮੌਸਮ 'ਤੇ ਮਾੜਾ ਅਸਰ ਪੈ ਰਿਹਾ ਹੈ। ਜਿਵੇਂ ਕਿ ਇਸ ਤਾਜ਼ਾ ਖੋਜ 'ਚ ਇਹ ਤੱਥ ਵੀ ਉਜਾਗਰ ਕੀਤਾ ਗਿਆ ਹੈ ਕਿ ਬੀਤੇ ਦੋ ਦਹਾਕਿਆਂ ਤੋਂ ਮੀਂਹ ਦੀ ਆਮਦ ਦੇ ਤੈਅਸ਼ੁਦਾ ਕੁਦਰਤੀ ਸਮਿਆਂ 'ਚ ਵੱਡੀ ਤਬਦੀਲੀ ਆ ਗਈ ਹੈ। ਜੇ ਬੇਵਕਤ ਮੀਂਹ ਪੈਣ ਲੱਗਦਾ ਹੈ ਤਾਂ ਫਿਰ ਹਟਦਾ ਹੀ ਨਹੀਂ। ਜੇ ਕਿਸੇ ਇਲਾਕੇ ਤੋਂ ਬੱਦਲ ਰੁੱਸ ਜਾਣ ਤਾਂ ਫਿਰ ਛੇਤੀ ਕਿਤੇ ਦੋਬਾਰਾ ਓਧਰ ਮੂੰਹ ਨਹੀਂ ਕਰਦੇ। ਇੰਜ ਹੀ ਹੁਣ ਝੋਨੇ ਦੀ ਪਰਾ.ਲੀ ਸਾੜਨ ਦੀਆਂ ਮੌਸਮੀ ਘਟਨਾਵਾਂ 'ਚ ਵਾਧਾ ਹੋਣ ਲੱਗ ਪਿਆ ਹੈ। ਰਾਤ ਨੂੰ ਇਹ ਧੂੰਆਂ ਧੁੰਦ ਨਾਲ ਮਿਲ ਕੇ ਭਿਆਨਕ ਰੂਪ ਅਖ਼ਤਿਆਰ ਕਰ ਲੈਂਦਾ ਹੈ ਤੇ ਕਈ ਵੱਡੇ ਸੜਕ ਹਾਦਸਿਆਂ ਦਾ ਕਾਰਨ ਬਣਦਾ ਹੈ। ਇਸ ਤੱਥ ਨੂੰ ਵੀ ਭੁਲਾਇਆ ਨਹੀਂ ਜਾਣਾ ਚਾਹੀਦਾ ਕਿ ਕਿਸਾਨਾਂ ਦੀ ਪਰਾ.ਲੀ ਨਾਲੋਂ ਕਿਤੇ ਜ਼ਿਆਦਾ ਪ੍ਰਦੂਸ਼ਣ ਵਾਹਨਾਂ ਦੇ ਧੂੰਏਂ ਅਤੇ ਉਦਯੋਗਿਕ ਚਿਮਨੀਆਂ ਰਾਹੀਂ ਫੈਲਦਾ ਹੈ। ਸਪਸ਼ਟ ਹੈ ਕਿ ਇਹ ਸਾਰੀਆਂ ਗੜਬੜੀਆਂ ਮਨੁੱਖੀ ਗਤੀਵਿਧੀਆਂ ਕਾਰਨ ਹੀ ਹੋ ਰਹੀਆਂ ਹਨ। ਇਹ ਸਾਰੀਆਂ ਗਤੀਵਿਧੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਟਾ.ਲਾ ਵੱਟਿਆ ਜਾ ਸਕਦਾ ਹੈ। ਸਾਨੂੰ ਆਪਣੀਆਂ ਗਤੀਵਿਧੀਆਂ ਨੂੰ ਵਿਵਸਥਾਤਮਕ ਬਣਾਉਣਾ ਹੋਵੇਗਾ। ਸਰਕਾਰ ਨੂੰ ਇਸ ਦਿਸ਼ਾ 'ਚ ਸਖ਼ਤ ਫ਼ੈਸਲੇ ਲੈਣੇ ਹੋਣਗੇ। ਪ੍ਰਦੂਸ਼ਣ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤੀਆਂ ਕਰਨੀਆਂ ਹੋਣਗੀਆਂ।



# ਆਕਸਫੋਰਡ

## ਛੇਵੀਂ ਰੋਡਸ ਸਕਾਲਰਸ਼ਿਪ

ਲਿਖਤ : ਜੂਲੀਓ ਰਿਬੇਰੋ

ਭਾਰਤੀ ਪੁਲੀਸ ਸੇਵਾ (ਆਈਪੀਐੱਸ) ਦੇ 1953 ਬੈਚ ਜਿਸ ਨਾਲ ਮੈਂ ਵੀ ਵਾਬਸਤਾ ਹਾਂ, ਨੇ ਮਾਣ ਨਾਲ ਐਲਾਨ ਕੀਤਾ ਹੈ ਕਿ ਬੈਚ ਦੇ ਟੌਪਰ ਅਫਸਰ ਰਾਘਵਾਚਾਰੀ ਗੋਵਿੰਦਰਾਜਨ ਨੇ ਸਾਬਕਾ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਨਾਲ ਆਕਸਫੋਰਡ ਯੂਨੀਵਰਸਿਟੀ ਦੀ ਰੋਡਸ ਸਕਾਲਰਸ਼ਿਪ ਟਰੱਸਟ (ਹੋਦਇਸ ਸ਼ਚਹੋਲਓਰਸਹਿਪਸ ਠਰੁਸਟ) ਦੇ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ। ਸਾਬਕਾ ਰਾਸ਼ਟਰਪਤੀ ਦੀ ਪੜਪੋਤੀ ਸੌਮਿਆ ਤੇ ਉਸ ਦੇ ਪਤੀ ਤੇ ਗੋਵਿੰਦਰਾਜਨ ਦੇ ਪੁੱਤਰ ਮੁਕੰਦ ਰਾਜਨ ਨੇ ਆਕਸਫੋਰਡ ਯੂਨੀਵਰਸਿਟੀ ਨੂੰ ਭਾਰਤੀ ਵਿਦਿਆਰਥੀਆਂ ਲਈ ਭਰਵੀਂ ਰਕਮ ਦਾਨ ਕਰ ਕੇ ਛੇਵੀਂ ਰੋਡਸ ਸਕਾਲਰਸ਼ਿਪ ਸ਼ੁਰੂ ਕਰਾਉਣ ਵਿਚ ਯੋਗਦਾਨ ਪਾਇਆ ਹੈ। ਇਸ ਦੇ ਸਕਾਲਰ ਦੀ ਚੋਣ 2025 ਵਿਚ ਕੀਤੀ ਜਾਵੇਗੀ ਅਤੇ ਉਹ 2026 ਵਿਚ ਆਕਸਫੋਰਡ ਜੁਆਇਨ ਕਰ ਲਵੇਗਾ।

ਭਾਰਤੀ ਵਿਦਿਆਰਥੀਆਂ ਲਈ ਪਹਿਲਾਂ ਤੋਂ ਹੀ ਹਰ ਸਾਲ ਪੰਜ ਰੋਡਸ ਸਕਾਲਰਸ਼ਿਪਾਂ ਉਪਲਬਧ ਸਨ। ਸੁਪਰੀਮ ਕੋਰਟ ਵਿਚ ਜਨਤਕ ਹਿੱਤ ਦੇ ਕੇਸ ਮੁਫ਼ਤ ਲੜਨ ਵਾਲੀ ਸੀਨੀਅਰ ਐਡਵੋਕੇਟ ਮੇਨਕਾ ਗੁਰੂਸਵਾਮੀ ਆਕਸਫੋਰਡ ਦੀ ਰੋਡਸ ਸਕਾਲਰਸ਼ਿਪਸ ਟਰੱਸਟ ਦੀ ਚੇਅਰਪਰਸਨ ਹੈ। ਮੁਕੰਦ ਖੁਦ ਵੀ ਰੋਡਸ ਸਕਾਲਰ ਰਹੇ ਹਨ। ਉਨ੍ਹਾਂ ਆਕਸਫੋਰਡ ਵਿਚ ਉਦੋਂ ਦਾਖ਼ਲਾ ਲਿਆ ਸੀ ਜਦੋਂ ਸੌਮਿਆ ਕਿਸੇ ਹੋਰ ਸਕਾਲਰਸ਼ਿਪ ’ਤੇ ਉੱਥੇ ਅਧਿਐਨ ਕਰ ਰਹੀ ਸੀ। ਆਕਸਫੋਰਡ ਕੈਂਪਸ ਵਿਚ ਹੀ ਉਨ੍ਹਾਂ ਦੀ ਮੁਲਾਕਾਤ ਹੋਈ ਅਤੇ ਬਾਅਦ ਵਿਚ ਉਨ੍ਹਾਂ ਵਿਆਹ ਕਰਵਾ ਲਿਆ। ਮੁਕੰਦ ਨੇ ਟਾਟਾ ਐਡਮਿਨਿਸਟ੍ਰੇਟਿਵ ਸਰਵਿਸ ਜੁਆਇਨ ਕੀਤੀ ਅਤੇ ਛੇਤੀ ਹੀ ਆਪਣੀ ਪਛਾਣ ਬਣਾ ਲਈ। ਰਤਨ ਟਾਟਾ ਨੇ ਖੁਦ ਉਸ ਨੂੰ ਚੇਅਰਮੈਨ ਦੇ ਦਫ਼ਤਰ ਦੇ ਪ੍ਰਮੁੱਖ ਸਹਾਇਕ ਵਜੋਂ ਭਰਤੀ ਕੀਤਾ ਸੀ। ਫਿਰ ਮੁਕੰਦ ਨੇ ਟਾਟਾ ਸੰਸਥਾ ਨੂੰ ਅਲਵਿਦਾ ਆਖ ਕੇ ਆਪਣੀ ਕਨਸਲਟੈਂਸੀ ਫਰਮ ਸ਼ੁਰੂ ਕਰ ਲਈ। ਬਾਅਦ ਵਿਚ ਅਸੀਂ ਅਕਸਰ ਮਿਲਦੇ ਰਹਿੰਦੇ ਸਾਂ। ਜਦੋਂ ਮੈਂ ਸੌਮਿਆ ਨੂੰ ਮਿਲਿਆ ਸਾਂ ਤਦ ਉਹ ਇਕ ਵਿਦੇਸ਼ੀ ਬੈਂਕ ਵਿਚ ਕੰਮ ਕਰ ਰਹੀ ਸੀ। ਬਾਅਦ ਵਿਚ ਉਸ ਨੇ ਵੀ ਆਪਣੀ ਕਨਸਲਟੈਂਸੀ ਫਰਮ ਵੇਕਰਫੀਲਡ ਐਡਵਾਈਜ਼ਰਜ਼ ਖੋਲ੍ਹ ਲਈ ਜੋ ਨਾ ਕੇਵਲ ਬਹੁਤ ਸਫਲ ਰਹੀ ਸਗੋਂ ਸਮਾਜਿਕ ਅਤੇ ਖਰਾਇਤੀ ਕਾਰਜਾਂ ਵਿਚ ਵੀ ਮਦਦ ਦਿੰਦੀ ਸੀ। 2021 ਵਿਚ ਉਸ ਦਾ ਨਾਂ ਭਾਰਤ ਦੀਆਂ ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਫੋਰਬਸ ਦੀ ਸੂਚੀ ਵਿਚ ਦਰਜ ਕੀਤਾ ਗਿਆ ਸੀ। ਮੇਰਾ ਖਿਆਲ ਹੈ ਕਿ ਜੇ ਗੋਵਿੰਦਰਾਜਨ ਨੇ 1953 ਵਿਚ ਆਈਪੀਐੱਸ ਜੁਆਇਨ ਨਾ ਕੀਤੀ ਹੁੰਦੀ ਤਾਂ ਉਨ੍ਹਾਂ ਅਗਲੇ ਸਾਲ ਦੇ ਆਈਏਐੱਸ ਇਮਤਿਹਾਨ ਵਿਚ ਅੱਵਲ ਆਉਣਾ ਸੀ ਅਤੇ ਫਿਰ 1954 ਦੇ ਆਈਏਐੱਸ ਬੈਚ ਵਿਚ ਆਉਣਾ ਸੀ। ਜਦੋਂ ਉਸ ਨੇ ਅਤੇ ਮੈਂ 1952 ਦਾ ਇਮਤਿਹਾਨ ਦਿੱਤਾ ਸੀ ਤਾਂ 21 ਸਾਲ ਦੀ ਉਮਰ ਹੱਦ ਪੂਰੀ ਨਾ ਕਰਨ ਵਾਲੇ ਆਈਏਐੱਸ ਲਈ ਯੋਗ ਨਹੀਂ ਸਨ ਮੰਨੇ ਜਾਂਦੇ। 20 ਸਾਲ ਦੀ ਉਮਰ ਵਾਲੇ ਆਈਪੀਐੱਸ ਵਾਲੇ ਪਾਸੇ ਜਾ ਸਕਦੇ ਸਨ। ਉਸ ਬੈਚ ਦਾ ਟੌਪਰ ਗੋਵਿੰਦਰਾਜਨ ਅਤੇ ਦੂਜੇ ਸਥਾਨ ’ਤੇ ਆਉਣ ਵਾਲਾ ਆਨੰਦ ਕੁਮਾਰ ਵਰਮਾ ਉਦੋਂ 20 ਸਾਲ ਦੇ ਸਨ ਜਦੋਂ ਉਨ੍ਹਾਂ ਦੀ ਆਈਪੀਐੱਸ ਲਈ ਚੋਣ ਹੋ ਗਈ ਸੀ।

ਗੋਵਿੰਦਰਾਜਨ ਜੁਆਇੰਟ ਇੰਟੈਲੀਜੈਂਸ ਦੇ ਚੇਅਰਮੈਨ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ ਅਤੇ ਇਸ ਅਹੁਦੇ ਨੂੰ ਬਾਅਦ ਵਿਚ ਕੌਮੀ ਸੁਰੱਖਿਆ ਸਲਾਹਕਾਰ ਦੇ ਦਫ਼ਤਰ ਵਿਚ ਮਿਲਾ ਦਿੱਤਾ ਗਿਆ ਸੀ। ਆਪਣੀ ਪੂਰੀ ਸੇਵਾ ਦੌਰਾਨ ਉਨ੍ਹਾਂ ਸਿਰਫ਼ ਦੋ ਸਾਲਾਂ ਲਈ ਹੀ ਪੁਲੀਸ ਦੀ ਵਰਦੀ ਪਹਿਨੀ ਸੀ ਜਿਸ ’ਚੋਂ ਇਕ ਸਾਲ ਮਾਊਂਟ ਆਬੂ ਵਿੱਚ 36 ਹੋਰਨਾਂ ਪ੍ਰੋਬੇਸ਼ਨਰਾਂ ਨਾਲ ਕੀਤੀ ਸਿਖਲਾਈ ਸ਼ਾਮਲ ਸੀ। ਰਘੂਰਾਮ ਰਾਜਨ ਉਨ੍ਹਾਂ ਦਾ ਜੇਠਾ ਪੁੱਤਰ ਹੈ ਜਿਸ ਨੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਵਜੋਂ ਸੇਵਾਵਾਂ ਨਿਭਾਈਆਂ ਹਨ। ਭਾਰਤੀ ਵਿਦਿਆਰਥੀਆਂ ਲਈ ਛੇਵੀਂ ਰੋਡਸ ਸਕਾਲਰਸ਼ਿਪ ਦੀ ਸਪਾਂਸਰਸ਼ਿਪ ਰਾਧਾਕ੍ਰਿਸ਼ਨਨ ਅਤੇ ਰਾਜਨ ਪਰਿਵਾਰਾਂ ਵਲੋਂ ਕੀਤੀ ਗਈ ਹੈ। ਇਸ ਦੀ ਦੇਖ-ਰੇਖ ਰੋਡਸ ਟਰੱਸਟ ਦਾ ਭਾਰਤੀ ਚੈਪਟਰ ਕਰੇਗਾ। ਸਕਾਲਰਸ਼ਿਪ ਦੀ ਹੰਢਣਸਾਰਤਾ ਲਈ ਦਰਕਾਰ ਵਾਧੂ ਫੰਡ ਇਕ ਅਮਰੀਕੀ ਰੋਡਸ ਸਕਾਲਰ ਤੇ ਉਨ੍ਹਾਂ ਦੀ ਪਤਨੀ ਅਤੇ ਖੁਦ ਆਕਸਫੋਰਡ ਯੂਨੀਵਰਸਿਟੀ ਪਾਉਣਗੇ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਵੀ ਰੋਡਸ ਸਕਾਲਰ ਹਨ। ਹੁਣੇ ਜਿਹੇ ਦਿੱਲੀ ਦੀ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਵਾਲੀ ਆਤਿਸ਼ੀ ਸਿੰਘ ਅਤੇ ਗੋਆ ਦੇ ਇਸਾਈ ਭਾਈਚਾਰੇ ਨਾਲ ਜੁੜੇ ਪੀਟਰ ਲਿਨ ਸਿਨਾਈ ਵੀ ਰੋਡਸ ਸਕਾਲਰ ਰਹੇ ਹਨ। ਸਿਨਾਈ 1957 ਵਿਚ ਯੂਪੀਐੱਸਸੀ ਦੀ ਪ੍ਰੀਖਿਆ ਵਿਚ ਅੱਵਲ ਆਏ ਸਨ ਅਤੇ ਉਨ੍ਹਾਂ ਨੂੰ ਵਿਦੇਸ਼ ਸੇਵਾ ਲਈ ਚੁਣਿਆ ਗਿਆ ਸੀ। ਮੁੰਬਈ ਵਿਚ ਮੇਰੇ ਲਾਗਲੇ ਫਲੈਟ ਵਿਚ ਰਹਿੰਦੀ ਰਹੀ ਅਤੇ ਮੇਰੇ ਭਾਈਚਾਰੇ ਦੀ ਮੈਂਬਰ ਇਸਾਬੈੱਲ ਕੋਲੈਕੋ ਨੇ ਵੀ ਸੌਮਿਆ ਰਾਜਨ ਵਾਂਗ ਸਕਾਲਰਸ਼ਿਪ ’ਤੇ ਆਕਸਫੋਰਡ ਵਿਚ ਪੜ੍ਹਾਈ ਕੀਤੀ ਸੀ।

ਸੰਨ 1958 ਵਿਚ ਮਾਊਂਟ ਆਬੂ (ਰਾਜਸਥਾਨ) ਦੇ ਕੇਂਦਰੀ ਪੁਲੀਸ ਸਿਖਲਾਈ ਕਾਲਜ ’ਚ ਮੇਰੇ ਅਤੇ ਗੋਵਿੰਦਰਾਜਨ ਵੱਲੋਂ ਪ੍ਰੋਬੇਸ਼ਨਰ ਵਜੋਂ ਜੁਆਇਨ ਕਰਨ ਦੇ ਪੰਜ ਸਾਲ ਬਾਅਦ, ਭਵਿੱਖ ਦੇ ਇਕ ਕਵੀ ਨੇ 11ਵੇਂ ਰੈਗੂਲਰ ਭਰਤੀ ਬੈਚ ’ਚ ਥਾਂ ਬਣਾਈ। ਉਹ ਕੇਕੀ ਦਾਰੂਵਾਲਾ ਸੀ ਜੋ ਨਿੱਕੇ ਪਰ ਬੇਮਿਸਾਲ ਪਾਰਸੀ ਸਮਾਜ ਵਿਚੋਂ ਸੀ। ਕੇਕੀ ਦਾ ਪਰਿਵਾਰ ਲਾਹੌਰ ਤੋਂ ਭਾਰਤ ਆਇਆ ਸੀ। ਉਸ ਨੂੰ ਉੱਤਰ ਪ੍ਰਦੇਸ਼ ਕਾਡਰ ਮਿਲਿਆ ਸੀ ਪਰ ਗੋਵਿੰਦਰਾਜਨ ਵਾਂਗੂ ਉਸ ਨੂੰ ਵਿਸ਼ੇਸ਼ ਸਕੀਮ ਤਹਿਤ ਆਰਜ਼ੀ ਤੌਰ ’ਤੇ ਇੰਟੈਲੀਜੈਂਸ ਬਿਊਰੋ ਨਾਲ ਜੋੜਿਆ ਗਿਆ।

ਇਹ ਸਕੀਮ ਹਰੇਕ ਆਈਪੀਐੱਸ ਬੈਚ ਦੇ ਸਭ ਤੋਂ ਵੱਧ ਕਾਬਲ ਅਫਸਰਾਂ ਨੂੰ ਧਿਆਨ ਵਿਚ ਰੱਖ ਕੇ ਘੜੀ ਗਈ ਸੀ ਤੇ ਉਨ੍ਹਾਂ ਨੂੰ ਆਈਬੀ ਲਈ ਰੱਖਿਆ ਜਾਂਦਾ ਸੀ। ਇਸ ਤਹਿਤ ਅਜਿਹੇ ਵਿਸ਼ਲੇਸ਼ਕ ਰੱਖੇ ਜਾਂਦੇ ਜੋ ‘ਤੂੜੀ ’ਚੋਂ ਦਾਣਾ ਪਛਾਣ’ ਸਕਣ ਅਤੇ ਇਹ ਹਰ ਰੋਜ਼ ਆਈਬੀ ਤੱਕ ਪਹੁੰਚ ਸਕੇ। ਬਾਹਰ ਫੀਲਡ ਵਿਚ ਕੰਮ ਕਰ ਰਹੇ ਬੰਦਿਆਂ ਦੀਆਂ ਰਿਪੋਰਟਾਂ ਤੋਂ ਇਲਾਵਾ ਜੋ ਜ਼ਿਆਦਾਤਰ ਹੇਠਲੇ ਰੈਂਕਾਂ ਦੇ ਕਰਮਚਾਰੀ ਸਨ, ਅਖਬਾਰਾਂ ਦੀਆਂ ਕਲਿੱਪਾਂ ਅਤੇ ਆਪਣੇ ਸੰਪਰਕ ਤੇ ਮੁਖਬਰਾਂ ਤੋਂ ਇਕੱਠੀ ਕੀਤੀ ਜਾਣਕਾਰੀ ਜਿਸ ਨੂੰ ਡਾਇਰੈਕਟਰ ਵੱਲੋਂ ਪ੍ਰਧਾਨ ਮੰਤਰੀ ਅੱਗੇ ਪੇਸ਼ ਕਰਨ ਤੋਂ ਪਹਿਲਾਂ ਛਾਂਟਣਾ ਤੇ ਵਿਚਾਰਨਾ ਹੁੰਦਾ ਸੀ, ਕੇਕੀ ਦਾ ਕਾਰਜ ਖੇਤਰ ਸੀ।

ਇੰਟੈਲੀਜੈਂਸ ਏਜੰਸੀ ਦੇ ਰਾਅ (ਰਿਸਰਚ ਐਂਡ ਅਨੈਲਸਿਸ ਵਿੰਗ) ਨੂੰ 1962 ਵਿਚ ਆਈਬੀ ਤੋਂ ਵੱਖ ਕਰ ਦਿੱਤਾ ਗਿਆ ਤੇ ਇਕੱਲਾ ਵਿਦੇਸ਼ੀ ਇੰਟੈਲੀਜੈਂਸ ਦਾ ਕੰਮ ਸੌਂਪ ਦਿੱਤਾ ਗਿਆ। ਜਦ ਰਾਅ ਬਣੀ ਤਾਂ ਗੋਵਿੰਦਰਾਜਨ ਤੇ ਕੇਕੀ ਦਾਰੂਵਾਲਾ ਨੂੰ ਇਸ ਵਿਚ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਮੇਰੇ 37 ਅਧਿਕਾਰੀਆਂ ਦੇ ਬੈਚ ਵਿਚੋਂ ਚਾਰ ਇਸ ਵਿਸ਼ੇਸ਼ ਸਕੀਮ ਤਹਿਤ ਚੁਣੇ ਗਏ। ਗੋਵਿੰਦਰਾਜਨ ਤੇ ਆਨੰਦ ਵਰਮਾ ਪਹਿਲਾਂ ਆਈਬੀ ’ਚ ਸਨ ਤੇ ਮਗਰੋਂ ਰਾਅ ਵਿਚ ਤਬਦੀਲ ਹੋ ਗਏ। ਹਰੀ ਆਨੰਦ ਬਰਾਰੀ ਤੇ ਰਾਮ ਕਿਸ਼ਨ ਖੰਡੇਲਵਾਲ ਆਈਬੀ ਵਿਚ ਹੀ ਰਹਿ ਗਏ। ਬਰਾਰੀ ਮਗਰੋਂ ਬਿਊਰੋ ਦੇ ਡਾਇਰੈਕਟਰ ਬਣੇ ਅਤੇ ਸੇਵਾਮੁਕਤੀ ਤੋਂ ਬਾਅਦ ਹਰਿਆਣਾ ਦੇ ਰਾਜਪਾਲ ਰਹੇ।

ਕੇਕੀ ਦੀ ਮੌਤ ਦਾ ਕਵੀਆਂ ਨੇ ਵਿਆਪਕ ਪੱਧਰ ’ਤੇ ਸੋਗ ਮਨਾਇਆ, ਖਾਸ ਤੌਰ ’ਤੇ ਉਨ੍ਹਾਂ ਜਿਹੜੇ ਗੱਲਬਾਤ ਲਈ ਅੰਗਰੇਜ਼ੀ ਭਾਸ਼ਾ ਵਰਤਦੇ ਹਨ। ਪ੍ਰਿੰਟ ਮੀਡੀਆ ਵਿਚ ਛਪੀਆਂ ਦੋ ਸ਼ਰਧਾਂਜਲੀਆਂ ਪੜ੍ਹ ਕੇ ਮੇਰੀਆਂ ਅੱਖਾਂ ਨਮ ਹੋ ਗਈਆਂ। ਇਹ ਲੇਖ ਉਨ੍ਹਾਂ ਦੇ ਆਈਪੀਐੱਸ ਵਿਚਲੇ ਸਹਿਯੋਗੀਆਂ ਨੇ ਨਹੀਂ ਲਿਖੇ ਸਨ ਪਰ ਉਨ੍ਹਾਂ ਲਿਖੇ ਸਨ ਜੋ ਸਭਿਆਚਾਰ ਤੇ ਸਾਹਿਤ ਨੂੰ ਸਮਰਪਿਤ ਹਨ। ਆਈਪੀਐੱਸ ਬਰਾਦਰੀ ਨੇ ਵੀ ਦੇਹਾਂਤ ’ਤੇ ਅਫਸੋਸ ਜ਼ਾਹਿਰ ਕੀਤਾ। ਕੇਕੀ ਦਾਰੂਵਾਲਾ ਨੇ ਆਪਣੀ ਕਾਵਿ ਰਚਨਾ ਨਾਲ ਸਿਵਲ ਸਰਵਿਸ ਦਾ ਮਾਣ ਵਧਾਇਆ। ਇੰਟੈਲੀਜੈਂਸ ਦੇ ਕੰਮ ਵਿਚ ਉੱਤਮਤਾ ਗੁਪਤ ਰੱਖੀ ਗਈ। ਜਿਹੜੀ ਚੀਜ਼ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਹ ਇਹ ਸੀ ਕਿ ਕੋਈ ਆਈਪੀਐੱਸ ਅਧਿਕਾਰੀ ਜੋ ਗੁਮਨਾਮੀ ’ਚ ਦੇਸ਼ ਦੀ ਸੇਵਾ ਕਰ ਰਿਹਾ ਸੀ, ਕਿਸੇ ਹੋਰ ਖੇਤਰ ਵਿਚ ਆਪਣੀ ਉੱਤਮਤਾ ਕਰ ਕੇ ਲੋਕਾਂ ਦੀ ਨਜ਼ਰੇ ਚੜ੍ਹਿਆ।


“ ਕੇਕੀ ਦੀ ਮੌਤ ਦਾ ਕਵੀਆਂ ਨੇ ਵਿਆਪਕ ਪੱਧਰ ’ਤੇ ਸੋਗ ਮਨਾਇਆ, ਖਾਸ ਤੌਰ ’ਤੇ ਉਨ੍ਹਾਂ ਜਿਹੜੇ ਗੱਲਬਾਤ ਲਈ ਅੰਗਰੇਜ਼ੀ ਭਾਸ਼ਾ ਵਰਤਦੇ ਹਨ। ਪ੍ਰਿੰਟ ਮੀਡੀਆ ਵਿਚ ਛਪੀਆਂ ਦੋ ਸ਼ਰਧਾਂਜਲੀਆਂ ਪੜ੍ਹ ਕੇ ਮੇਰੀਆਂ ਅੱਖਾਂ ਨਮ ਹੋ ਗਈਆਂ। ਇਹ ਲੇਖ ਉਨ੍ਹਾਂ ਦੇ ਆਈਪੀਐੱਸ ਵਿਚਲੇ ਸਹਿਯੋਗੀਆਂ ਨੇ ਨਹੀਂ ਲਿਖੇ ਸਨ ਪਰ ਉਨ੍ਹਾਂ ਲਿਖੇ ਸਨ ਜੋ ਸਭਿਆਚਾਰ ਤੇ ਸਾਹਿਤ ਨੂੰ ਸਮਰਪਿਤ ਹਨ। ਆਈਪੀਐੱਸ ਬਰਾਦਰੀ ਨੇ ਵੀ ਦੇਹਾਂਤ ’ਤੇ ਅਫਸੋਸ ਜ਼ਾਹਿਰ ਕੀਤਾ। ”

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.






ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਕੋਈ ਜਾਣ ਪਛਾਣ ਹੈ?

ਲਿਖਤ : ਜਗਰੂਪ ਸਿੰਘ

ਕਦੇ ਕਦੇ ਜ਼ਿੰਦਗੀ ਦਾ ਇੱਕ ਦਿਨ ਹੀ ਬੜਾ ਕੁਝ ਸਿਖਾ ਜਾਂਦਾ ਹੈ, ਬੰਦੇ ਦੀ ਔਕਾਤ ਦਿਖਾ ਜਾਂਦਾ ਹੈ ਅਤੇ ਕਦੇ ਕਦੇ ਕੋਈ ਹਫਤਾ ਤੁਹਾਡੇ ਸਮਾਜ ਦੀ ਪੂਰੀ ਤਸਵੀਰ ਅਤੇ ਤਕਦੀਰ ਤੁਹਾਡੇ ਸਾਹਮਣੇ ਲਿਆ ਖੜ੍ਹੀ ਕਰਦਾ ਹੈ। ਜਦੋਂ ਮੈਂ ਸਰਕਾਰ ਦੇ ਤਕੜੇ ਮਹਿਕਮੇ ਦਾ ਅਫਸਰ ਸੀ ਤਾਂ ਉਸ ਵਕਤ ਮੈਂ ਆਪਣੇ ਸਾਹਮਣੇ ਵਾਲੇ ਨੂੰ ਉਸਦੀ ਔਕਾਤ ਦਿਖਾਉਣ ਤੋਂ ਝਿਜਕਦਾ ਸੀ ਪਰ ਕਈਆਂ ਨੂੰ ਦਿਖਾਉਣੀ ਵੀ ਪੈਂਦੀ ਸੀ। ਰਿਟਾਇਰਮੈਂਟ ਤੋਂ ਬਾਅਦ ਜਿਵੇਂ ਸਭ ਨੂੰ ਮੌਕਾ ਮਿਲ ਗਿਆ ਹੋਵੇ - ਹੁਣ ਦਿਖਾਉਂਦੇ ਹਾਂ ਇਹਨੂੰ ਇਹਦੀ ਔਕਾਤ।

ਦਫਤਰ ਬੈਠਿਆਂ ਪਤਾ ਵੀ ਨਹੀਂ ਲਗਦਾ ਸੀ ਕਿ ਬਾਹਰ ਕਿਸ ਭਾਅ ਵਿਕ ਰਹੀ ਹੈ। ਪਤਾ ਉਦੋਂ ਲੱਗਿਆ ਜਦੋਂ ਰਿਟਾਇਰਮੈਂਟ ਦਾ ਖਿਤਾਬ ਲੈ ਕੇ ਤੁਰਨਾ ਪਿਆ। ਰਿਟਾਇਰ ਹੋਏ ਨੂੰ ਅਜੇ ਸਾਲ ਵੀ ਨਹੀਂ ਹੋਇਆ ਸੀ ਕਿ ਇੱਕ ਦਿਨ ਸੁੰਦਰ ਸ਼ਹਿਰ ਚੰਡੀਗੜ੍ਹ ਜਾਣਾ ਪਿਆ। ਮੈਂ ਇਸ ਗੱਲ ਤੋਂ ਬੇਖਬਰ ਸੀ ਕਿ ਗੱਡੀ ਦੀ ਨੰਬਰ ਪਲੇਟ ਦੇ ਇੱਕ ਨੰਬਰ ਦਾ ਪਲਾਸਟਿਕ ਪੱਤਰਾ ਉੱਤਰਿਆ ਹੋਇਆ ਸੀ ਅਤੇ ਇਹ ਗੁਨਾਹ ਕਾਬਲੇ 'ਟਰੈਫਿਕ ਚਲਾਨ' ਜੁਰਮ ਸੀ। ਸੁੰਦਰ ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਟਰੈਫਿਕ ਪੁਲਿਸ ਦੇ ਹਵਾਲਦਾਰ ਸਾਹਿਬ ਨੇ ਹੱਥ ਦੇ ਕੇ ਰੋਕ ਲਿਆ। ਮੈਂ ਉਸ ਨੂੰ ਦੱਸਿਆ ਕਿ ਮੈਂ ਇੱਕ ਜ਼ਿੰਮੇਦਾਰ ਅਹੁਦੇ ਤੋਂ ਰਿਟਾਇਰ ਹੋਇਆ ਹਾਂ, ਮੈਨੂੰ ਇਸਦਾ ਇਲਮ ਨਹੀਂ ਸੀ ਕਿ ਇਸ ਨੁਕਸ ਦਾ ਚਲਾਨ ਹੁੰਦਾ ਹੈ। ਉਹ ਭਲਾਮਾਣਸ ਪੁਲਸੀਆ ਸੀ। ਉਸ ਨੇ ਕਿਹਾ, "ਠੀਕ ਐ ਸਰ, ਅੱਗੇ ਜਾ ਕੇ ਜ਼ਰੂਰ ਠੀਕ ਕਰਵਾ ਲੈਣਾ।" ਮੈਂ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਮੈਂ ਅੱਗੇ ਕਿਸੇ ਪਹਿਲੀ ਦੁਕਾਨ 'ਤੇ ਹੀ ਠੀਕ ਕਰਵਾ ਲਵਾਂਗਾ।

ਅਸੀਂ ਅਗਲੇ ਚੌਕ ਤੋਂ ਮੁੜਨਾ ਸੀ। ਦੋਹਾਂ ਚੌਕਾਂ ਦੇ ਦਰਮਿਆਨ ਕੋਈ ਦੁਕਾਨ ਨਹੀਂ ਸੀ ਜਿੱਥੇ ਨੰਬਰ ਪਲੇਟ ਦੀ ਇਹ ਮੁਰੰਮਤ ਹੋ ਸਕਦੀ ਹੁੰਦੀ। ਮੋੜ ਮੁੜਦਿਆਂ ਹੀ ਟਰੈਫਿਕ ਪੁਲਿਸ ਦੇ ਸਬ ਇੰਸਪੈਕਟਰ ਸਾਹਿਬ ਨੇ ਰੋਕ ਲਿਆ। ਉਹੀ ਨੁਕਸ ਦੱਸਿਆ ਗਿਆ। ਮੈਂ ਉਨ੍ਹਾਂ ਨੂੰ ਪਿਛਲੇ ਚੌਕ 'ਤੇ ਹੋਏ ਵਾਰਤਾਲਾਪ ਬਾਰੇ ਦੱਸਿਆ। ਕਹਿਣ ਲੱਗੇ, "ਫੇਰ ਤੁਸੀਂ ਨੰਬਰ ਪਲੇਟ ਠੀਕ ਤਾਂ ਕਰਵਾਈ ਨਹੀਂ। ਚਲਾਨ ਹੋਵੇਗਾ, ਤਿੰਨ ਹਜ਼ਾਰ ਰੁਪਏ ਕੱਢੋ।"

ਇਹ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ। ਸੌ ਰੁਪਏ ਦੀ ਮੁਰੰਮਤ, ਚਲਾਨ ਤਿੰਨ ਹਜ਼ਾਰ ਰੁਪਏ ਦਾ, ਤੀਹ ਗੁਣਾ ਜੁਰਮਾਨਾ। ਮੈਂ ਕਿਹਾ, "ਸ਼੍ਰੀ ਮਾਨ ਜੀ ਦੋਹਾਂ ਚੌਕਾਂ ਦੇ ਦਰਮਿਆਨ ਅਜਿਹੀ ਕੋਈ ਦੁਕਾਨ ਨਹੀਂ ਹੈ ਜਿੱਥੇ ਨੰਬਰ ਪਲੇਟਾਂ ਠੀਕ ਹੁੰਦੀਆਂ ਹੋਣ। ਮੈਂ ਕਮਿਸ਼ਨਰ ਇਨਕਮ-ਟੈਕਸ ਦੇ ਜ਼ਿੰਮੇਵਾਰ ਅਹੁਦੇ ਤੋਂ ਰਿਟਾਇਰ ਹੋਇਆ ਹਾਂ, ਚਲਾਨ ਨਾ ਕਰੋ, ਮੈਂ ਇਹ ਨੁਕਸ ਠੀਕ ਕਰਵਾ ਲਵਾਂਗਾ।"

ਥਾਣੇਦਾਰ ਸਾਹਿਬ ਬੋਲੇ, "ਤੁਸੀਂ ਤਾਂ ਰਿਟਾਇਰ ਹੋ ਗਏ ਹੋ, ਇੱਥੇ ਤਾਂ ਸਰਵਿਸ ਵਿੱਚ ਥੋਡੇ ਵਰਗੇ ਬਥੇਰੇ ਕਮਿਸ਼ਨਰ ਤੁਰੇ ਫਿਰਦੇ ਨੇ, ਚਲਾਨ ਕਟਾਓ।"

ਥਾਣੇਦਾਰ ਨੇ ਮੈਨੂੰ ਮੇਰੀ ਔਕਾਤ ਦਿਖਾ ਦਿੱਤੀ। ਫੇਰ ਮੈਂ ਚਲਾਨ ਕਟਾਉਣ ਦੀ ਜ਼ਿਦ ਕਰਨ ਲੱਗਾ ਤਾਂ ਉਸ ਨੇ ਕਿਹਾ, "ਜਾਓ, ਅੱਗੇ ਜਾ ਕੇ ਠੀਕ ਕਰਵਾ ਲਿਓ।"

ਥਾਣੇਦਾਰ ਨੇ ਇੰਨਾ ਕਹਿ ਕੇ ਮੇਰੇ 'ਤੇ ਬਹੁਤ ਵੱਡਾ ਅਹਿਸਾਨ ਜਿਤਾ ਦਿੱਤਾ, ਨਾਲੇ ਮੈਂ ਕੋਈ ਟਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਕਰ ਰਿਹਾ ਸੀ। ਅੰਦਰਲੀ ਗੱਲ ਤੁਸੀਂ ਸਾਰੇ ਸਮਝ ਗਏ ਹੋਵੋਗੇ। ਮੈਨੂੰ ਸੁੰਦਰ ਸ਼ਹਿਰ ਦੀ ਖੂਬਸੂਰਤੀ 'ਤੇ ਧੱਬੇ ਪੈਂਦੇ ਦਿਖਾਈ ਦਿੱਤੇ।

ਮੈਨੂੰ ਉਹ ਦਿਨ ਵੀ ਯਾਦ ਆ ਗਏ ਜਦੋਂ ਵੀ ਮੈਂ ਲੁਧਿਆਣੇ ਤੋਂ ਚੰਡੀਗੜ੍ਹ ਮੀਟਿੰਗ ਵਗੈਰਾ 'ਤੇ ਆਉਂਦਾ ਤਾਂ ਸ਼ਹਿਰ ਵੜਦੇ ਹੀ ਮੇਰਾ ਡਰਾਈਵਰ ਸਿੱਧਾ ਹੋ ਜਾਂਦਾ ਸੀ। ਸਨਅਤੀ ਸ਼ਹਿਰਾਂ ਦੇ ਮਸਤੇ ਸਾਹਿਬਜ਼ਾਦੇ ਅਤੇ ਖਰੂਦੀ ਡਰਾਈਵਰ ਵੀ ਇੱਥੇ ਆ ਕੇ ਢੰਗ ਨਾਲ ਕਾਰਾਂ ਚਲਾਉਣ ਲਗਦੇ ਸਨ। ਸ਼ਾਇਦ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਵਾਉਣਾ ਵੀ ਸ਼ਹਿਰ ਦੀ ਖੂਬਸੂਰਤੀ ਵਿੱਚ ਯੋਗਦਾਨ ਪਾਉਂਦਾ ਸੀ। ਕੋਈ ਵੀ ਖੂਬਸੂਰਤੀ ਡਸਿਪਲਨ ਤੋਂ ਬਿਨਾਂ ਹੋਂਦ ਵਿੱਚ ਨਹੀਂ ਆਉਂਦੀ ਅਤੇ ਨਾ ਹੀ ਬਰਕਰਾਰ ਰੱਖੀ ਜਾ ਸਕਦੀ ਹੈ। ਮੇਰਾ ਦਫਤਰ ਵੀ ਸ਼ਾਇਦ ਲੋਕਾਂ ਨੂੰ ਇਸ ਲਈ ਖੂਬਸੂਰਤ ਲਗਦਾ ਸੀ ਕਿ ਇਸ ਵਿਚਲੀਆਂ ਫਾਈਲਾਂ ਉੱਤੇ ਅਨੁਸ਼ਾਸਨ ਅੰਦਰ ਰਹਿ ਕੇ ਹੀ ਕੁਝ ਤਸਵੀਰ ਉਲੀਕੀ ਜਾਂਦੀ ਸੀ।

ਸਾਡੇ ਲੋਕ ਆਪਣੀ ਮਾਨਸਿਕਤਾ ਤੋਂ ਗੁਲਾਮੀ ਦਾ ਜੂਲਾ ਕਦੋਂ ਲਾਹੁਣਗੇ ਜਾਂ ਕਦੋਂ ਅਸੀਂ ਲਾਹੁਣ ਦੇਵਾਂਗੇ, ਇੱਕ



ਬਹੁਤ ਵੱਡਾ ਸਵਾਲ ਅਤੇ ਸਮੱਸਿਆ ਸਾਡੇ ਦੇਸ਼, ਸਮਾਜ ਦੇ ਸਾਹਮਣੇ ਹੈ। ਬਚਪਨ, ਜਵਾਨੀ ਦੇ ਦਿਨਾਂ ਵਿੱਚ ਜੇਕਰ ਆਪ ਜਾਂ ਕਿਸੇ ਪਿੰਡ ਦੇ ਬੰਦੇ ਦੀ ਸਰਕਾਰ ਦੇ ਕਿਸੇ ਮਹਿਕਮੇ ਨੂੰ ਅਰਜ਼ੀ ਸੰਬੋਧਿਤ ਕਰਨੀ ਹੁੰਦੀ ਤਾਂ ਇੰਝ ਲਿਖਦੇ ਜਿਵੇਂ ਕੋਈ ਗੁਲਾਮ ਆਪਣੇ ਮਾਲਿਕ ਤੋਂ ਭੀਖ ਮੰਗ ਰਿਹਾ ਹੁੰਦਾ ਹੋਵੇ, ਜਦੋਂ ਕਿ ਉਹ ਆਪਣਾ ਸੰਵਿਧਾਨਿਕ ਹੱਕ ਲਾਗੂ ਕਰਨ ਲਈ ਹੀ ਬੇਨਤੀ ਕਰ ਰਿਹਾ ਹੁੰਦਾ ਸੀ। ਆਮ ਜਨਤਾ ਸਰਕਾਰੀ ਅਫਸਰਾਂ ਨੂੰ ਮਾਈ-ਬਾਪ ਅਤੇ ਸਰਕਾਰੀ ਅਫਸਰ, ਕਲਰਕ ਆਪਣੇ ਆਪ ਨੂੰ 'ਦੇਵਣਹਾਰ ਰਾਜੇ' ਸਮਝਦੇ ਸਨ, ਹਨ।

ਸਰਕਾਰੀ ਅਫਸਰੀ ਦੌਰਾਨ ਮਿੱਤਰ-ਬੇਲੀ, ਰਿਸ਼ਤੇਦਾਰ ਜਾਂ ਪਿੰਡ ਦੇ ਲੋਕ ਅਕਸਰ ਸਿਫਾਰਸ਼ ਕਰਦੇ ਰਹਿੰਦੇ ਸਨ ਕਿ ਫਲਾਂ ਫਲਾਂ ਥਾਂ 'ਤੇ ਮਾਮਲਾ ਅਟਕ ਗਿਆ ਹੈ, ਜੇਕਰ ਕੁਛ ਕਰ ਸਕਦੇ ਹੋ ਤਾਂ ਧੱਕਾ ਲਾ ਦਿਓ। ਧੱਕਾ ਲੱਗ ਵੀ ਜਾਂਦਾ ਸੀ, ਕਿਉਂਕਿ ਗੱਡੇ ਅੱਗੇ ਢੁੱਚਰ ਜਾਣ ਬੁੱਝ ਕੇ ਹੀ ਅੜ੍ਹਾਈ ਹੁੰਦੀ ਸੀ। ਨਾਲੇ ਅਸੀਂ ਵੀ ਤਾਂ ਵੱਡੀਆਂ ਵੱਡੀਆਂ ਢੁੱਚਰਾਂ ਅੜਾ ਵੀ ਸਕਦੇ ਸੀ ਅਤੇ ਹਟਾ ਵੀ ਸਕਦੇ ਸੀ। ਆਮ ਲੋਕਾਂ ਵਿੱਚ ਧਾਰਨਾ ਬਣ ਚੁੱਕੀ ਸੀ ਕਿ ਸਰਕਾਰੀ ਅਫਸਰ ਕੁਝ ਵੀ ਕਰਵਾ ਸਕਦੇ ਸਨ, ਹਨ ਅਤੇ ਅਫਸਰ ਹਮੇਸ਼ਾ ਅਫਸਰ ਹੀ ਰਹਿੰਦਾ ਹੈ। ਉਨ੍ਹਾਂ ਦਾ ਮੰਨਣਾ ਸੀ, ਹੈ ਕਿ ਅਫਸਰਾਂ ਦਾ ਕਹਿਣਾ ਅਫਸਰ ਨਹੀਂ ਮੋੜਦੇ। ਧਰਾਤਲ 'ਤੇ ਇਹ ਕੁਝ ਹੱਦ ਤਕ ਸਹੀ ਵੀ ਸੀ। ਸਿਰਫ ਉਹ ਅਫਸਰ ਹੀ ਇਸ ਹਕੀਕਤ ਤੋਂ ਅਣਜਾਣ ਹੋਣਗੇ ਜਿਹੜੇ ਨੌਕਰੀ ਦੌਰਾਨ 'ਕਾਨੂੰਨ ਮੁਤਾਬਿਕ' ਕੰਮ ਕਰਦੇ ਹੋਣਗੇ, ਪਰ ਜਿਹੜੇ ਆਪਣੇ ਆਪ ਵਿੱਚ 'ਕਾਨੂੰਨ' ਬਣ ਬੈਠਦੇ ਸਨ, ਹਨ ਉਹ ਹਮੇਸ਼ਾ ਲਈ ਅਫਸਰ ਹੀ ਹੁੰਦੇ ਹਨ ਕਿਉਂਕਿ ਉਹ 'ਕਾਨੂੰਨ ਨਹੀਂ' ਭਾਈਬੰਦੀ ਨਾਲ ਕੰਮ ਚਲਾਉਂਦੇ ਸਨ, ਹਨ। ਆਮ ਸਮਾਜ ਇਹ ਮੰਨਣ ਲੱਗ ਜਾਂਦਾ ਹੈ ਕਿ ਅਫਸਰ ਜ਼ਿੰਦਗੀ ਭਰ ਆਪਣੀ ਅਫਸਰੀ ਦੇ ਬਲਬੂਤੇ ਕੰਮ ਕਰਵਾਉਂਦੇ ਰਹਿੰਦੇ ਹਨ। 1984-85 ਵਿੱਚ ਬੰਬਈ ਤਾਇਨਾਤੀ ਵਿਖੇ ਇਸ ਅਨੁਭਵ ਦਾ ਨਮੂਨਾ ਪੇਸ਼ ਕਰ ਰਿਹਾ ਹਾਂ।

"ਜਗਰੂਪ ਜੀ! ਆਹ ਮੇਰਾ ਰਿਸ਼ਤੇਦਾਰ ਐ, ਜ਼ਰਾ ਦੇਖ ਲਿਓ!" ਗੁਪਤਾ ਜੀ ਦਾ ਫੋਨ ਆਇਆ। ਜ਼ਰੂਰ ਹੀ ਇਸ ਰਿਸ਼ਤੇਦਾਰ ਨੇ ਗੁਪਤਾ ਜੀ ਨੂੰ ਕਿਹਾ ਹੋਵੇਗਾ, "ਆਹ ਕੋਈ ਜਗਰੂਪ ਸਿੰਘ ਐ, ਬਹੁਤ ਆਕੜਦਾ ਐ।" ਮੈਂ ਬੇਨਤੀ ਕੀਤੀ ਕਿ ਤੁਹਾਡਾ ਇਹ ਰਿਸ਼ਤੇਦਾਰ ਆਦਤਨ ਹੀ ਸਮਗਲਿੰਗ ਵਰਗੇ ਜਰਾਇਮ ਪੇਸ਼ੇ ਨਾਲ ਜੁੜਿਆ ਹੋਇਆ ਜਾਪਦਾ ਹੈ। ਇਹ ਫਿਰ ਭੀ ਫੜਿਆ ਜਾਵੇਗਾ।"

ਉਹ ਵਿਅਕਤੀ ਤੀਸਰੀ ਵਾਰ ਫੜਿਆ ਗਿਆ ਸੀ ਅਤੇ ਗੁਪਤਾ ਜੀ ਹਰ ਵਾਰ ਉਸ ਦੀ ਮਦਦ ਦੀ ਗੁਹਾਰ ਲਾਉਂਦੇ। ਸੀਨੀਅਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ, "ਜਗਰੂਪ! ਬੰਬਈ ਵਿੱਚ ਕਿਸੇ ਦੇ ਵੀ ਵਿਭਾਗ ਦਾ ਸਰਵੇ ਜਾਂ ਸਰਚ ਹੋ ਜਾਵੇ, ਗੁਪਤਾ ਜੀ ਦੇ ਢਿੱਡ ਪੀੜ ਸ਼ੁਰੂ ਹੋ ਜਾਂਦੀ ਹੈ, ਰਿਟਾਇਰਮੈਂਟ ਨੇੜੇ ਹਨ ..." ਫਿਰ ਹੱਸ ਕੇ ਕਹਿਣ ਲੱਗੇ, "ਫਾਈਲ ਤੇ ਚੌਕੜੀ ਮਾਰਨੀ ਵੀ ਸਿੱਖ ਲੈ! ... ...।"

ਰਿਟਾਇਰਮੈਂਟ ਤੋਂ ਬਾਅਦ ਗੁਪਤਾ ਜੀ ਦਾ ਫੋਨ ਆਉਣਾ, "ਜਗਰੂਪ ਜੀ! ਆਉਣਾ ਤਾਂ ਮੈਂ ਖੁਦ ਹੀ ਸੀ ਪਰ ਮੈਂ ਤੁਹਾਡੇ ਚੀਫ-ਕਮਿਸ਼ਨਰ ਕੋਲ ਬੈਠਾ ਹਾਂ, ਬੇਟੇ ਨੂੰ ਭੇਜ ਰਿਹਾ ਹਾਂ, ... ਦੇਖ ਲਿਓ ਜ਼ਰਾ।"

ਮੈਂ ਗੁਪਤਾ ਸਾਹਿਬ ਤੋਂ ਤੰਗ ਆ ਚੁੱਕਾ ਸਾਂ ਅਤੇ ਉਨ੍ਹਾਂ ਦੇ ਪੁੱਤਰ ਨੂੰ ਇੱਕ ਦਿਨ ਹਟਕਾਉਣਾ ਪਿਆ ਕਿ ਹਰ ਆਦਮੀ ਜਾਣ-ਪਛਾਣ ਵਾਲਿਆਂ ਦੇ ਹੀ ਕੰਮ ਨੀਂ ਕਰਦਾ, ਉਹ ਕਾਨੂੰਨ ਦਾ ਸੇਵਾਦਾਰ ਵੀ ਹੋ ਸਕਦਾ ਹੈ। ਭਾਈਬੰਦੀ ਨਾਲ ਅਫਸਰੀ ਕਰਨ ਵਾਲੇ ਅਸਰ ਰਸੂਖ ਵਾਲੇ ਬਣ ਬੈਠਦੇ ਸਨ, ਹਨ। ਇਸ ਭਾਈਬੰਦੀ ਦੇ ਫਾਰਮੂਲੇ ਨੇ ਸਮਾਜ ਵਿੱਚ ਅਸਮਾਨਤਾ, ਅਰਾਜਕਤਾ ਅਤੇ ਅਸ਼ਾਂਤੀ ਫੈਲਾਈ ਹੋਈ ਹੈ। ਦੇਸ਼ ਦੇ ਮਨੁੱਖੀ ਸਰਮਾਏ ਦਾ ਮਨੋਬਲ ਤੋੜਿਆ ਹੈ ਅਤੇ ਅਨੈਤਿਕ ਰੁਚੀਆਂ ਨੂੰ ਬੜ੍ਹਾਵਾ ਦਿੱਤਾ ਹੈ।

ਪਿਛਲੇ ਹਫ਼ਤੇ ਕੁਝ ਅਜਿਹੇ ਵਾਕਿਆਤ ਸਾਹਮਣੇ ਆਏ ਜੋ ਸਾਡੇ ਸਮਾਜ ਦੀ ਇਸ ਹਾਲਤ ਨੂੰ ਪ੍ਰਤੱਖ ਦਰਸਾਉਂਦੇ ਹਨ। ਸਟੇਟ ਅਤੇ ਨਿੱਜੀ ਖੇਤਰ ਦੇ ਅਦਾਰੇ ਕਿਵੇਂ ਕੰਮ ਕਰਦੇ ਹਨ, ਆਓ ਦੇਖਦੇ ਹਾਂ।

ਸਵੇਰੇ ਸਵੇਰੇ ਫੋਨ ਖੜਕਿਆ। ਆਪਾਂ ਨੂੰ ਕੰਮ ਹੋਵੇ ਤਾਂ ਫੋਨ ਸਵੇਰੇ ਹੀ ਖੜਕਾ ਦਿੰਦੇ ਹਾਂ। ਅਣਪਛਾਤਾ ਨੰਬਰ ਹੋਣ ਕਰਕੇ ਮੈਂ ਕਾਲ ਅਟੈਂਡ ਹੀ ਨਾ ਕੀਤਾ। ਅੱਜ ਕੱਲ੍ਹ ਫੋਨ 'ਤੇ ਕਿਵੇਂ ਅਤੇ ਕਦੋਂ ਠੱਗੀ ਵੱਜ ਜਾਵੇ ਪਤਾ ਨਹੀਂ ਲਗਦਾ ਹੈ। ਜਦੋਂ ਤਿੰਨ ਕੁ ਕਾਲ ਮਿਸ ਹੋ ਗਏ ਤਾਂ ਮੈਂ ਫੋਨ ਉਠਾ ਲਿਆ। ਕੋਈ ਐਮਰਜੈਂਸੀ ਹੋ ਸਕਦੀ ਹੈ। ਸਾਹਮਣਿਓਂ ਆਵਾਜ਼ ਆਈ, "ਹੋਰ ਕਿਵੇਂ ਓ ਮਾਮਾ ਜੀ ...।"

"ਸਭ ਠੀਕਠਾਕ ਹੈ।" ਪਹਿਲਾਂ ਕਦੇ ਇਸ ਭਾਣਜੇ ਨਾਲ ਗੱਲ ਨਾ ਹੋਈ ਹੋਣ ਕਰਕੇ ਮੈਂ ਪੁੱਛਿਆ, "ਭਾਈ, ਤੂੰ ਕੌਣ ਐਂ?"

"ਮਾਮਾ ਜੀ, ਮੈਂ ਹੀਰੋਂ ਆਲਿਆਂ ਦਾ ਜੁਆਈ ਬੋਲ ਰਿਹਾਂ।" ਮੈਂ ਸਮਝ ਗਿਆ ਕਿ ਉਹ ਮੇਰੀ ਭੈਣ ਦਾ ਜਵਾਈ ਸੀ। ਉਸ ਦੀ ਗੱਲ ਸੁਣਨੀ ਪੈਣੀ ਸੀ। "ਬੋਲੋ ਬੇਟਾ, ਕਿਵੇਂ ਯਾਦ ਆਇਆ ਮਾਮਾ ਅੱਜ!"

ਉਸ ਨੇ ਕਿਹਾ, "ਮਾਮਾ ਜੀ, ਆਹ ਯੂਨੀਵਰਸਟੀ ਵਿੱਚ ਕੋਈ ਜਾਣ ਪਛਾਣ ਹੈ?"

ਮੈਂ ਕਿਹਾ, "ਦੇਖ ਲਵਾਂਗੇ, ਤੁਸੀਂ ਕੰਮ ਦੱਸੋ।" ਉਸ ਨੇ ਦੱਸਿਆ ਕਿ ਉਸ ਦੇ ਬੇਟੇ ਨੇ ਦਸਵੀਂ ਪਾਸ ਕਰਕੇ ਯੂਨੀਵਰਸਟੀ ਦੇ ਛੇ ਸਾਲਾ ਕੋਰਸ ਵਿੱਚ ਦਾਖਲਾ ਲਿਆ ਸੀ। ਦੋ ਸਾਲ ਪੜ੍ਹ ਕੇ ਇਮਿਤਹਾਨ ਵੀ ਪਾਸ ਕਰ ਲਿਆ ਸੀ ਪਰ ਉਹ ਤੀਸਰੇ ਸਾਲ ਦੇ ਵਿਸ਼ਿਆਂ ਵਿੱਚ ਫੇਲ ਹੋ ਗਿਆ ਸੀ ਅਤੇ ਹੁਣ ਇਹ ਕੋਰਸ ਨਹੀਂ ਕਰਨਾ ਚਾਹੁੰਦਾ ਸੀ। ਜਿਹੜੇ ਦੋ ਸਾਲ ਉਸ ਨੇ ਲਾਏ ਸੀ, ਉਸ ਦਾ ਸਰਟੀਫਿਕੇਟ ਲੈਣਾ ਚਾਹੁੰਦਾ ਸੀ। ਉਸ ਮੁਤਾਬਿਕ ਇਹ 10 ਪਲੱਸ 2 ਦਾ ਸਰਟੀਫਿਕੇਟ ਸੀ ਪਰ ਯੂਨੀਵਰਸਟੀ ਦੇ ਨਹੀਂ ਰਹੀ ਸੀ। ਉਸ ਨੇ ਦੱਸਿਆ ਕਿ ਉਂਝ ਸਿਫਾਰਸ਼ ਵਾਲੇ ਨੂੰ ਸਰਟੀਫਿਕੇਟ ਦੇ ਵੀ ਦਿੰਦੇ ਹਨ।

ਮੈਂ ਉਸ ਨੂੰ ਕਿਹਾ ਕਿ ਮੈਨੂੰ ਰਿਟਾਇਰ ਹੋਏ ਨੂੰ ਸਤਾਰ੍ਹਵਾਂ ਸਾਲ ਲੱਗ ਗਿਆ ਹੈ। ਉਸ ਨੂੰ ਚੰਡੀਗੜ੍ਹ ਵਾਲੀ ਕਹਾਣੀ ਸੁਣਾਈ ਪਰ ਉਹ ਮੰਨਣ ਨੂੰ ਤਿਆਰ ਨਹੀਂ ਸਿ। ਉਂਝ ਉਨ੍ਹਾਂ ਦੀ ਆਸ ਮੇਰੇ ਉੱਪਰ ਹੀ ਸੀ ਅਤੇ ਮੈਂ ਕਹਿ ਦਿੱਤਾ ਕਿ ਮੈਂ ਕੋਸ਼ਿਸ਼ ਕਰਕੇ ਦੇਖਦਾ ਹਾਂ। ਦੂਰੋਂ ਨੇੜਿਓਂ ਦੋਸਤਾਂ ਰਾਹੀਂ ਰਜਿਸਟਰਾਰ ਤਕ ਪਹੁੰਚ ਕੀਤੀ ਗਈ। ਉਸ ਨੇ ਕਹਿ ਭੇਜਿਆ ਕਿ ਅਰਜ਼ੀ ਦੇ ਦਿਓ, ਸੈਨੇਟ ਵਿੱਚ ਮਾਮਲਾ ਰਖਵਾ ਦਿਆਂਗੇ। ਭਾਵ ਸਿੱਧੀ ਨਾਂਹ ਤਾਂ ਕੀਤੀ ਨਾ 'ਤੇ ਕੰਮ ਵੀ ਨਾ ਕੀਤਾ। ਹਾਂ ਮੁਮਕਿਨ ਹੈ ਕਿ ਜੇਕਰ ਉੱਤੋਂ 'ਕਿਸੇ ਵੱਡੇ' ਦਾ ਫੋਨ ਆ ਜਾਂਦਾ ਤਾਂ ਸਰਟੀਫਿਕੇਟ ਮਿਲ ਵੀ ਜਾਂਦਾ। ਉਹ ਬੱਚਾ ਦੂਸਰੇ ਥਾਂ ਵੀ ਦਾਖਲਾ ਨਾ ਲੈ ਸਕਿਆ। ਮੈਂ ਆਪਣੇ ਆਪ ਨੂੰ ਚੱਲਿਆ ਕਾਰਤੂਸ ਸਮਝਕੇ ਚੁੱਪ ਕਰ ਗਿਆ। ਵਿੱਦਿਅਕ ਅਦਾਰੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਸਥਾਪਿਤ ਕੀਤੇ ਜਾਂਦੇ ਹਨ ਨਾ ਕਿ ਤਕਨੀਕੀ ਅਧਾਰਾਂ 'ਤੇ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਰੋੜੇ ਅਟਕਾਉਣ ਲਈ। ਸਾਡੇ ਸਿਸਟਮ ਵਿੱਚ ਕਾਨੂੰਨ ਦੀ ਪਾਲਣਾ ਦਾ ਮਤਲਬ ਇਨਸਾਫ਼ ਕਰਨਾ ਨਹੀਂ, ਬਲਕਿ ਇਹ ਦਿਖਾਈ ਦੇਣਾ ਚਾਹੀਦਾ ਹੈ ਕਿ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ ਅਤੇ ਕੰਮ ਕਾਜ ਕਾਨੂੰਨ ਦੇ ਦਾਇਰੇ ਅੰਦਰ ਹੋ ਰਿਹਾ ਹੈ - ਇਨਸਾਫ਼ ਹੋਵੇ, ਭਾਵੇਂ ਨਾ ਹੋਵੇ। ਬੁੱਢਾ ਨਾਨਾ ਅਤੇ ਨਿਤਾਣਾ ਦੋਹਤਾ ਸਬਰ ਕਰਕੇ ਬਹਿ ਜਾਂਦੇ ਹਾਂ।

ਫਿਰ ਦੋ ਕੁ ਦਿਨ ਬਾਅਦ ਪਿੰਡ ਤੋਂ ਮੇਰੇ ਬਚਪਨ ਦੇ ਦੋਸਤ ਦੇ ਮੁੰਡੇ ਦਾ ਫੋਨ ਆਇਆ। ਉਹਨੇ ਪੁੱਛਿਆ, "ਬਾਬਾ ਜੀ ਫਲਾਂ ਫਲਾਂ ਮਲਟੀ ਸਪੈਸ਼ਲਿਸਟ ਹਸਪਤਾਲ ਵਿੱਚ ਕੋਈ ਜਾਣ ਪਛਾਣ ਹੈ? ਮੇਰੇ ਸਹੁਰਾ ਸਾਹਿਬ ਵੈਂਟੀਲੇਟਰ ਤੇ ਨੇ। ਤੁਸੀਂ ਤਾਂ ਇਨਕਮ-ਟੈਕਸ ਦੇ ਵੱਡੇ ਸਾਹਿਬ ਰਹੇ ਓਂ, ਗਰੀਬਾਂ ਦਾ ਥੋਡੇ ਕਹਿਣ ਨਾਲ ਕੰਮ ਹੋਜੂ।"

ਮੈਂ ਉਸ ਨੂੰ ਚੰਡੀਗੜ੍ਹ ਵਾਲੀ ਕਹਾਣੀ ਸੁਣਾਈ ਉਹ ਯਕੀਨ ਕਰਨ ਨੂੰ ਤਿਆਰ ਹੀ ਨਹੀਂ ਸੀ। ਉਹ ਕਹਿਣ ਲੱਗਾ, "ਕੋਈ ਚੇਲਾ ਬਾਲਕਾ ਹੋਊ ...।"

ਮੈਂ ਉਸ ਨੂੰ ਕਿਵੇਂ ਸਮਝਾਉਂਦਾ ਕਿ ਚੇਲੇ ਬਾਲਕੇ ਉਨ੍ਹਾਂ ਦੇ ਹੁੰਦੇ ਹਨ ਜਿਹੜੇ ਅਫਸਰ ਆਪਣੇ ਆਪ ਵਿੱਚ ਕਾਨੂੰਨ ਬਣ ਜਾਂਦੇ ਨੇ, ਮੇਰੇ ਵਰਗੇ ਕਾਨੂੰਨ ਲਾਗੂ ਕਰਨ ਵਾਲੇ ਗਰੀਬੜੇ ਨੂੰ ਤਾਂ 'ਨੌਕਰੀ ਵਿੱਚੋਂ ਕਢਵਾ ਦਿਆਂਗੇ' ਵਰਗੀਆਂ ਧਮਕੀਆਂ ਹੀ ਸੁਣਨੀਆਂ ਪੈਂਦੀਆਂ ਸਨ। ਮੈਂ ਉਸ ਨੂੰ ਸਮਝਾਇਆ ਕਿ ਜੇਕਰ ਇੱਕ ਅੱਧਾ ਚੇਲਾ ਸੀ ਵੀ, ਉਹ ਵੀ ਹੁਣ ਰਿਟਾਇਰ ਹੋ ਗਿਆ ਹੈ।

ਅੱਜ ਕੱਲ੍ਹ ਇਹ ਬੰਦਾ ਸੱਤਾਧਾਰੀ ਪਾਰਟੀ ਦਾ ਕਾਰਕੁਨ ਹੈ। ਮੈਂ ਉਸ ਦੀ ਲਾਚਾਰੀ ਦੇਖ ਕੇ ਸੂਬੇ ਵਿੱਚਲੀਆਂ ਸਿਹਤ ਸੇਵਾਵਾਂ ਬਾਰੇ ਸੋਚਣ ਲੱਗ ਪਿਆ। ਪੰਜਾਹ ਸਾਲ ਪਹਿਲਾਂ ਨਿੱਜੀ ਹਸਪਤਾਲ ਵਿੱਚ ਕੋਈ ਜਾਂਦਾ ਨਹੀਂ ਸੀ, ਸਰਕਾਰੀ ਹਸਪਤਾਲ ਵਿੱਚ ਵਧੀਆ ਇਲਾਜ ਮੰਨਿਆ ਜਾਂਦਾ ਸੀ। ਅੱਜ ਕੱਲ੍ਹ ਗਰੀਬ ਵੀ ਸਰਕਾਰੀ ਤੋਂ ਭੱਜਦੇ ਹਨ ਤੇ ਨਿੱਜੀ ਹਸਪਤਾਲ ਐਨੇ ਮਹਿੰਗੇ ਹਨ ਕਿ ਗਰੀਬ ਲਈ ਮਾਇਆ ਖੁਣੋਂ ਵਰਜਿਤ ਹੋ ਜਾਂਦੇ ਹਨ। ਗਰੀਬਾਂ ਵਿਚਾਰਿਆਂ ਦੀ 'ਕੋਈ ਜਾਣ ਪਛਾਣ ਹੈ?' ਵਾਲੀ ਹਾਲਤ ਵੀ ਨਹੀਂ ਹੁੰਦੀ।

ਕੱਲ੍ਹ ਇੱਕ ਕਾਮਰੇਡ ਦਾ ਫੋਨ ਆ ਗਿਆ। ਉਹ ਮੇਰੇ ਕਰੀਬੀ ਰਿਸ਼ਤੇਦਾਰ ਦਾ ਦੋਸਤ ਦੱਸ ਰਿਹਾ ਸੀ। ਉਸ ਨੇ ਵੀ ਪਹਿਲਾਂ ਇਹੋ ਸਵਾਲ ਕੀਤਾ, "ਦਿੱਲੀ ਫਾਇਨੈਂਸ ਮਨਿਸਟਰੀ ਵਿੱਚ ਕੋਈ ਜਾਣ ਪਛਾਣ ਐ? ... ਬੱਚੇ ਦੀ ਬਦਲੀ ਬੜੀ ਦੂਰ ਕਰ ਦਿੱਤੀ ਐ।"

ਮੈਂ ਕਿਹਾ, "ਵੀਰ ਜੀ, ਸੋਲਾਂ ਸਾਲ ਹੋ ਗਏ ਰਿਟਾਇਰ ਹੋਏ ਨੂੰ। ਜੇਕਰ ਮੇਰੀ ਕਿਸੇ ਨਾਲ ਥੋੜ੍ਹੀ ਜਾਣ ਪਛਾਣ ਹੈ ਵੀ ਸੀ ਉਹ ਵੀ ਕਦੋਂ ਦੇ ਰਿਟਾਇਰ ਹੋ ਚੁੱਕੇ ਹਨ ਅਤੇ ਮੈਂ ਚੰਡੀਗੜ੍ਹ ਵਾਲੀ ਕਹਾਣੀ ਸੁਣਾ ਕੇ ਫੋਨ ਰੱਖ ਦਿੱਤਾ। ਫੇਰ ਮੈਂ ਸਾਡੇ ਕਮਿਊਨਿਸਟ ਵੀਰਾਂ ਬਾਰੇ ਸੋਚਣ ਲੱਗ ਪਿਆ ... ਉਂਝ ਤਾਂ ਇਹ ਸੱਜਣ ਸਾਨੂੰ ਬੁਰਜੂਆ ਬਿਰਤੀਆਂ ਦੇ ਬੰਦੇ ਦੱਸਦੇ ਰਹੇ ਹਨ ਪਰ ਜਦੋਂ ਨਿੱਜੀ ਹਿਤਾਂ ਦੀ ਗੱਲ ਹੁੰਦੀ ਹੈ ਤਦ ਉਨ੍ਹਾਂ ਬੁਰਜੂਆਂ ਨੂੰ ਹੀ ਪੁੱਛਦੇ ਹਨ, "ਕੋਈ ਜਾਣ ਪਛਾਣ ਹੈ?"

ਪਿਛਲਝਾਤ ਮਾਰਦਿਆਂ ਅਹਿਸਾਸ ਹੁੰਦਾ ਹੈ ਕਿ ਇਸ 'ਕੋਈ ਜਾਣ ਪਛਾਣ ਹੈ?' ਦੀ ਘਾਟ ਨੇ ਹੀ ਮੈਨੂੰ ਇੰਡੀਅਨ ਰੈਵੀਨਿਊ ਸਰਵਿਸ ਦੌਰਾਨ ਤਕਰੀਬਨ ਤਕਰੀਬਨ ਭਾਰਤ-ਦਰਸ਼ਨ ਹੀ ਨਹੀਂ ਕਰਵਾਇਆ, ਬਲਕਿ ਮੁੱਖ ਧਰਮਾਂ ਦੇ ਧਾਮਾਂ ਦੇ ਦਰਸ਼ਨ ਵੀ ਕਰਵਾਏ ਹਨ। ਵੱਖ ਵੱਖ ਇਲਾਕਿਆਂ ਦੇ ਸੱਭਿਆਚਾਰਾਂ ਨੂੰ ਜਾਣਨ ਅਤੇ ਮਾਣਨ ਦਾ ਸਬੱਬ ਬਣਾਇਆ। ਇਹ ਘਾਟ ਮੇਰੇ ਲਈ ਕੁੱਬੇ ਦੇ ਲੱਤ ਮਾਰਨ ਵਾਂਗ ਵਰਦਾਨ ਸਾਬਤ ਹੋਈ।

ਹਰ ਮਰਜੀਵੜੇ ਦੀ ਤਕਦੀਰ ਤਾਂ ਮੇਰੇ ਵਰਗੀ ਨਹੀਂ ਹੈ, ਉਸ ਦਾ ਕੰਮ ਤਾਂ 'ਕੋਈ ਜਾਣ ਪਛਾਣ ਹੈ?' ਨਾਲ ਹੀ ਹੁੰਦਾ ਆਇਆ ਹੈ। ਸੁਣਦੇ ਹਾਂ ਹੁਣ ਤਾਂ ਜਾਣ ਪਛਾਣ ਦੇ ਨਾਲ ਨਾਲ ਕੰਮ ਕਰਵਾਉਣ ਲਈ 'ਰਾਸ਼ਟਰ ਪਿਤਾ' ਦੀ ਫੋਟੋ ਵਾਲੇ ਕਾਗਜ਼ ਵੀ ਚਾਹੀਦੇ ਹਨ। ਜਾਣ ਪਛਾਣ ਨਾਲ ਕੰਮ ਹੋਣਾ ਕੋਈ ਅੱਜ ਦੀ ਬਿਰਤੀ ਨਹੀਂ ਹੈ। ਇਹ ਸਾਡੀ ਸੱਭਿਆਚਾਰਿਕ ਰੀਤ ਹੈ, ਵਿਰਾਸਤ ਹੈ। ਜੇਕਰ ਪ੍ਰਾਚੀਨ ਕਾਲ ਤੋਂ ਹੀ ਇੱਕ ਜਾਤੀ ਆਪਣੀ ਹੀ ਜਾਤ, ਕਬੀਲੇ ਦੇ ਮਨੁੱਖਾਂ ਨੂੰ ਸਮਾਜ ਦੇ ਸਿਆਸੀ ਪ੍ਰਬੰਧਕੀ ਅਦਾਰਿਆਂ, ਧਾਰਮਿਕ-ਸੰਸਥਾਨਾਂ ਅਤੇ ਆਰਥਿਕ ਸੋਮਿਆਂ 'ਤੇ ਹੱਕ ਜਮਾਉਣ ਵਿੱਚ ਤਰਜੀਹ ਨਾ ਦਿੰਦੀ ਤਾਂ ਇਸ 'ਕੋਈ ਜਾਣ ਪਛਾਣ ਹੈ?' ਦੀ ਬਿਰਤੀ ਦੇ ਪਨਪਣ ਦੀ ਸੰਭਾਵਨਾ ਹੀ ਨਹੀਂ ਹੋਣੀ ਸੀ। ਐਨੀਆਂ ਡੂੰਘੀਆਂ ਜੜ੍ਹਾਂ ਨੂੰ ਪੁੱਟਣਾ ਸੌਖਾ ਨਹੀਂ, ਖਾਸ ਕਰਕੇ ਜਦੋਂ ਜੜ੍ਹ ਨੂੰ ਉਖਾੜਨ ਦੀ ਬਜਾਏ ਸਿੰਜਿਆ ਜਾ ਰਿਹਾ ਹੋਵੇ।

# ਸਰਕਾਰੀ ਸਕੂਲ ਹਾਲੋਂ-ਬੇਹਾਲ

ਲਿਖਤ : ਸੁੱਚਾ ਸਿੰਘ ਖੱਟੜਾ
ਸੰਪਰਕ: 94176-52947



ਅੰਗਰੇਜ਼ੀ ਭਾਸ਼ਾ ਦੀ ਵਧ ਰਹੀ ਲੋੜ ਹੈ ਕਿ ਮੱਧ ਵਰਗ ਅਤੇ ਹੇਠਲੇ ਮੱਧ ਵਰਗ ਦੇ ਲੋਕ ਆਪਣੀ ਔਲਾਦ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣ ਲੱਗ ਪਏ ਹਨ। ਪੁੱਛੋ ਤਾਂ ਉੱਤਰ ਹੈ- ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਜਿਹੜੀ ਸਰਕਾਰੀ ਸਕੂਲਾਂ ਵਿੱਚ ਨਹੀਂ ਹੈ। ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਦੇ ਬੇਹਾਲ ਰਹਿਣ ਕਾਰਨ ਸਰਕਾਰੀ ਸਕੂਲਾਂ ਵਿੱਚ ਦਾਖਲੇ ਘਟ ਗਏ ਅਤੇ ਸਕੂਲ ਹੁਸ਼ਿਆਰ ਬੱਚਿਆਂ ਤੋਂ ਵੀ ਵਾਂਝੇ ਹੋ ਗਏ। ਅਨੇਕ ਪ੍ਰਾਇਮਰੀ ਸਕੂਲ ਪਰਵਾਸੀ ਅਤੇ ਕਿਧਰੇ-ਕਿਧਰੇ ਜਾਅਲੀ ਦਾਖਲੇ ਦੇ ਸਿਰ 'ਤੇ ਖੁੱਲ੍ਹੇ ਹਨ, ਨਹੀਂ ਤਾਂ ਬੰਦ ਹੋ ਗਏ ਹੁੰਦੇ। ਸਿੱਖਿਆ ਮੰਤਰੀ ਜੀ ਦੀਆਂ ਦਾਖਲਾ ਵਧਾਉਣ ਦੀਆਂ ਮੁਹਿੰਮਾਂ ਸਫਲ ਨਹੀਂ ਹੋ ਰਹੀਆਂ। ਕਿਸੇ ਸਮੇਂ ਸਭ ਤੋਂ ਵੱਡਾ ਰੁਜ਼ਗਾਰ ਖੇਤਰ ਅੱਜ ਰੁਜ਼ਗਾਰ ਪੱਖੋਂ ਸੁੰਗੜ ਰਿਹਾ ਹੈ। ਹੋਰ ਕਾਰਨਾਂ ਦੇ ਨਾਲ-ਨਾਲ ਵੱਡਾ ਕਾਰਨ ਅੰਗਰੇਜ਼ੀ ਦੀ ਪੜ੍ਹਾਈ ਹੈ ਜਿਸ ਬਾਰੇ ਪ੍ਰਾਈਵੇਟ ਸਕੂਲ ਸਹਿਜੇ ਹੀ ਲੋਕਾਂ ਅੰਦਰ ਧਾਰਨਾ ਬਣਾ ਗਏ ਕਿ ਅੰਗਰੇਜ਼ੀ ਪ੍ਰਾਈਵੇਟ ਸਕੂਲ ਹੀ ਪੜ੍ਹਾ ਸਕਦੇ ਹਨ। ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਦੀ ਇਸ ਦਸ਼ਾ ਲਈ ਜ਼ਿੰਮੇਵਾਰ ਹੈ ਨਾਲਾਇਕ ਅਤੇ ਮੌਕਾਪ੍ਰਸਤ ਸਿਆਸਤ, ਬੇਈਮਾਨ ਅਫਸਰਸ਼ਾਹੀ, ਕੁਝ-ਕੁਝ ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ। ਇਨ੍ਹਾਂ ਵਿੱਚੋਂ ਇਕੱਲੇ-ਇਕੱਲੇ ਦੀ ਭੂਮਿਕਾ ਵਿਚਾਰਦਿਆਂ ਅਜੇ ਵੀ ਇਹ ਕਲੰਕ ਧੋ ਸਕਣ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

2004 ਵਿੱਚ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰ ਦਿੱਤੀ। ਜਦੋਂ ਅੰਗਰੇਜ਼ੀ ਪੜ੍ਹਾਉਣ ਲਈ ਹਰ ਪ੍ਰਾਇਮਰੀ ਸਕੂਲ ਵਿੱਚ ਇਕ ਅੰਗਰੇਜ਼ੀ ਅਧਿਆਪਕ ਦੇਣ ਦੀ ਗੱਲ ਕੀਤੀ ਤਾਂ ਪਾਸਾ ਵੱਟ ਲਿਆ। ਜਥੇਬੰਦੀ ਨੇ ਮੰਤਰੀ ਦੇ ਹਲਕੇ ਮੋਗੇ ਦੀ ਦਾਣਾ ਮੰਡੀ ਤੋਂ ਢੁੱਡੀਕੇ ਤੱਕ ਸੈਂਕੜੇ ਬੱਸਾਂ, ਟਰੱਕਾਂ ਨਾਲ ਰਾਹ ਵਿੱਚ ਪੈਂਦੇ ਹਰ ਪਿੰਡ ਵਿੱਚ ਰੈਲੀ ਕਰਦਿਆਂ ਝੰਡਾ ਮਾਰਚ ਕੀਤਾ। ਮੰਤਰੀ ਨੇ ਅੰਗਰੇਜ਼ੀ ਅਧਿਆਪਕ ਨਾ ਦਿੱਤੇ ਸਗੋਂ ਮੁਜ਼ਾਹਰਾਕਾਰੀਆਂ ਵਿਰੁੱਧ ਬਿਆਨ ਆਉਣ ਲੱਗ ਪਏ ਕਿ ਅਧਿਆਪਕ ਜਥੇਬੰਦੀਆਂ ਗਰੀਬਾਂ ਦੀ ਔਲਾਦ ਨੂੰ ਆਈਏਐੱਸ ਅਫਸਰ ਬਣਦੇ ਦੇਖਣਾ ਨਹੀਂ ਚਾਹੁੰਦੀ। ਆਈਏਐੱਸ ਅਫਸਰ ਤਾਂ ਕੋਈ ਬਣਿਆ ਨਾ, ਅੰਗਰੇਜ਼ੀ ਵੱਲ ਅਣਦੇਖੀ ਨਾਲ ਸਕੂਲ ਬੰਦ ਹੋਣ ਨੂੰ ਹਨ।

ਪ੍ਰਾਇਮਰੀ ਤੋਂ ਅਗਲਾ ਪੜਾਅ ਮਿਡਲ, ਹਾਈ ਸੀ। ਇੱਥੇ ਗੜਬੜ ਇਹ ਸੀ ਕਿ ਹਿਸਾਬ, ਵਿਗਿਆਨ, ਹਿੰਦੀ, ਡਰਾਇੰਗ, ਪੰਜਾਬੀ, ਸਰੀਰਕ ਸਿੱਖਿਆ, ਸਭ ਲਈ ਅਲੱਗ-ਅਲੱਗ ਅਧਿਆਪਕ ਸੀ। ਅੰਗਰੇਜ਼ੀ ਵਿਸ਼ੇ ਲਈ ਅਲੱਗ ਅਧਿਆਪਕ ਨਹੀਂ ਸੀ। ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦਾ ਕੰਮ ਸਮਾਜਿਕ ਵਿਸ਼ੇ ਦੇ ਅਧਿਆਪਕ ਨੂੰ ਦਿੱਤਾ ਹੋਇਆ ਸੀ। ਉਸੇ ਜਥੇਬੰਦੀ ਦੇ ਪ੍ਰਧਾਨਗੀ ਮੰਡਲ ਨੇ ਮਿਡਲ, ਹਾਈ ਲਈ ਵੱਖਰੇ ਅੰਗਰੇਜ਼ੀ ਅਧਿਆਪਕ ਦੀ ਮੰਗ ਡਾਇਰੈਕਟਰ (ਸ) ਡਾ. ਜਗਤਾਰ ਸਿੰਘ ਖੱਟੜਾ ਅੱਗੇ ਰੱਖ ਦਿੱਤੀ। ਅੰਗਰੇਜ਼ੀ ਦਾ ਵੱਖਰਾ ਕਾਡਰ ਪੀਰੀਅਡਾਂ ਦੀ ਗਿਣਤੀ ਅਨੁਸਾਰ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਦੀ ਉਸ ਸਮੇਂ ਬਣਦੀ ਕੁਲ ਗਿਣਤੀ, ਅਸਾਮੀਆਂ ਲਈ ਯੋਗਤਾ ਬੀਏ ਵਿੱਚ ਇਲੈਕਟਿਵ ਅੰਗਰੇਜ਼ੀ ਅਤੇ ਬੀਐੱਡ ਵਿੱਚ ਟੀਚਿੰਗ ਅੰਗਰੇਜ਼ੀ ਵਿਸ਼ਾ ਯੋਗਤਾ, ਸਕੂਲਾਂ ਵਿੱਚ ਸਮਾਜਿਕ ਸਿੱਖਿਆ ਅੰਗਰੇਜ਼ੀ ਪੜ੍ਹਾਉਂਦੇ ਅਧਿਆਪਕਾ ਨੂੰ ਅੰਗਰੇਜ਼ੀ ਵਿਸ਼ੇ ਦੇ ਕਾਡਰ ਵਿੱਚ ਜਾਣ ਲਈ ਆਪਸ਼ਨ, ਬਾਕੀ ਅਸਾਮੀਆਂ ਭਰਨ ਦੀ ਪੂਰੀ ਯੋਜਨਾ ਦੀ ਫਾਇਲ ਅਧਿਕਾਰੀ ਨਾਲ ਵਿਚਾਰੀ ਗਈ। ਅਧਿਕਾਰੀ ਨੇ ਫਾਇਲ ਤੁਰੰਤ ਸਿੱਖਿਆ ਸਕੱਤਰ ਕੋਲ ਭੇਜ ਦਿੱਤੀ। ਕਿਸੇ ਨੇ ਫਾਇਲ ਨਹੀਂ ਵਿਚਾਰੀ।

2006 ਵਿੱਚ ਆਖ਼ਿਰ ਮਸਲਾ ਡੀਜੀਐੱਸਸੀ ਕ੍ਰਿਸ਼ਨ ਕੁਮਾਰ ਦੇ ਨੋਟਿਸ ਵਿੱਚ ਲਿਆਂਦਾ ਗਿਆ। ਤੁਰੰਤ ਸਹਿਮਤ ਹੁੰਦਿਆਂ ਉਨ੍ਹਾਂ ਫਾਇਲ ਦਾ ਖੁਰਾ ਖੋਜ ਲੱਭਿਆ। ਅੰਗਰੇਜ਼ੀ ਵਿਸ਼ੇ ਲਈ ਵੱਖਰਾ ਕਾਡਰ ਬਣ ਗਿਆ। 2008-09 ਵਿੱਚ 1000 ਅੰਗਰੇਜ਼ੀ ਮਾਸਟਰ ਵੀ ਭਰਤੀ ਕਰ ਦਿੱਤੇ। ਕੁਝ ਅਧਿਆਪਕ ਬਾਅਦ ਵਿੱਚ ਵੀ ਭਰਤੀ ਕੀਤੇ ਗਏ ਪਰ ਅਜੇ ਵੀ ਲੋੜੀਂਦੀ ਗਿਣਤੀ ਤੋਂ ਅੰਗਰੇਜ਼ੀ ਮਾਸਟਰ ਬਹੁਤ ਘੱਟ ਹਨ। ਹੁਣ ਅਫਸਰਾਂ ਦੀ ਨਾਲਾਇਕੀ ਅਖ਼ਬਾਰਾਂ ਦੇ ਪਹਿਲੇ ਪੰਨੇ ਦੀ ਹੈੱਡਲਾਇਨ ਬਣ ਕੇ ਹੋਰ ਛਪ ਗਈ ਕਿ ਗਿਆਰਵੀਂ, ਬਾਰਵੀਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਜਿਹੜੇ 301 ਲੈਕਚਰਾਰ ਬਣਾਏ, ਉਨ੍ਹਾਂ ਵਿੱਚੋਂ 298 ਨੇ ਹਾਈ ਸਕੂਲਾਂ ਵਿੱਚ ਕਦੇ ਅੰਗਰੇਜ਼ੀ ਪੜ੍ਹਾਈ ਹੀ ਨਹੀਂ। ਨਾ ਹੀ ਉਨ੍ਹਾਂ ਦਾ ਬੀਐੱਡ ਵਿੱਚ ਟੀਚਿੰਗ ਵਿਸ਼ਾ ਅੰਗਰੇਜ਼ੀ ਸੀ ਅਤੇ ਨਾ ਹੀ ਬੀਏ ਵਿੱਚ ਇਲੈਕਟਿਵ ਅੰਗਰੇਜ਼ੀ ਹੈ। ਹੋਰ ਤਾਂ ਹੋਰ ਅੰਗਰੇਜ਼ੀ ਲੈਕਚਰਾਰਾਂ ਦੀ 25% ਸਿੱਧੀ ਭਰਤੀ ਲਈ ਰੱਖੀ ਯੋਗਤਾ ਇਨ੍ਹਾਂ 298 ਕੋਲ ਨਹੀਂ ਹੈ। ਇਹ 298 ਅਧਿਆਪਕ ਹਿਸਾਬ, ਵਿਗਿਆਨ, ਪੰਜਾਬੀ ਆਦਿ ਲੰਮੇ ਸਮੇਂ ਤੋਂ ਪੜ੍ਹਾ ਰਹੇ ਸਨ। ਹੁਣ ਇਹ ਗਿਆਰਵੀਂ ਬਾਰਵੀਂ ਦੀ ਅੰਗਰੇਜ਼ੀ ਪੜ੍ਹਾਉਣਗੇ।

ਜੇਕਰ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦੇ ਨਾਂ ਉੱਤੇ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਸਾਹਮਣੇ ਹੇਠੀ ਨੂੰ ਸਰਕਾਰ ਅਤੇ ਅਫਸਰਸ਼ਾਹੀ ਆਪਣੀ ਹੇਠੀ ਮੰਨਦੀ ਹੋਵੇ ਤਾਂ ਅੰਗਰੇਜ਼ੀ ਦਾ ਪੱਧਰ ਪ੍ਰਾਈਵੇਟ ਸਕੂਲਾਂ ਤੋਂ ਵੀ ਮਿਆਰੀ ਬਣ ਸਕਦਾ ਹੈ ਪਰ ਇਸ ਟੀਚੇ ਲਈ ਹਰ ਪ੍ਰਾਇਮਰੀ ਸਕੂਲ ਵਿੱਚ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਦਿੱਤਾ ਜਾਵੇ। ਅਜਿਹੇ ਅਧਿਆਪਕਾਂ ਲਈ ਈਟੀਟੀ ਨਾਲ ਬਾਰਵੀਂ ਵਿੱਚ ਇਲੈਕਟਿਵ ਅੰਗਰੇਜ਼ੀ ਵਿਸ਼ਾ ਯੋਗਤਾ ਰੱਖੀ ਜਾ ਸਕਦੀ ਹੈ। ਮਿਡਲ, ਹਾਈ ਵਿੱਚ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ। ਅੰਗਰੇਜ਼ੀ ਵਿਸ਼ੇ ਦੇ ਪੀਰੀਅਡ ਵਧਾ ਕੇ ਅੱਠ ਦੀ ਥਾਂ ਨੌਂ ਕੀਤੇ ਜਾਣ। ਟਾਇਮ ਟੇਬਲ ਵਿੱਚ ਹਰ ਜਮਾਤ ਦੇ ਅੰਗਰੇਜ਼ੀ ਦੇ ਤਿੰਨ ਦਿਨ ਦੋ ਪੀਰੀਅਡ ਇਕੱਠੇ ਲਗਾਏ ਜਾਣ ਤਾਂ ਕਿ ਅਧਿਆਪਕ ਨੂੰ ਸਪੋਕਨ ਇੰਗਲਿਸ਼ ਦੇ ਅਭਿਆਸ ਲਈ ਸਮਾਂ ਮਿਲਦਾ ਰਹੇ। ਕੋਸ਼ਿਸ਼ ਰਹੇ ਕਿ ਜਿਹੜੇ ਅਧਿਆਪਕ ਨੂੰ ਛੇਵੀਂ ਦੀ ਅੰਗਰੇਜ਼ੀ ਦਿੱਤੀ ਜਾਵੇ, ਬਦਲੀ ਨਾ ਹੋਣ ਦੀ ਸੂਰਤ ਵਿੱਚ ਉਹੀ ਅਧਿਆਪਕ ਉਸ ਜਮਾਤ ਨੂੰ ਦਸਵੀਂ ਤਕ ਲੈ ਕੇ ਜਾਵੇ। ਜਦੋਂ ਅਧਿਆਪਕ ਨੂੰ ਸਾਲ ਦਾ ਸਿਲੇਬਸ ਤੇ ਕਿਤਾਬਾਂ ਦੇ ਦਿੱਤੀਆਂ ਤਾਂ ਉਸ ਨੂੰ ਉਸ ਦੀ ਮਰਜ਼ੀ ਅਤੇ ਯੋਜਨਾ ਨਾਲ ਪੜ੍ਹਾਉਣ ਦਿੱਤਾ ਜਾਵੇ। ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ, ਹਰ ਪੱਧਰ ਉੱਤੇ ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ ਕਰਵਾਏ ਜਾਣ। ਮਿਸ਼ਨ ਸਮਰੱਥ ਵਰਗੇ ਵਿਘਨਕਾਰੀ ਸਿੱਖਿਆ ਵਿਰੋਧੀ ਢੌਂਗ ਅਧਿਆਪਕ ਤੋਂ ਨਾ ਕਰਵਾਏ ਜਾਣ। ਅਧਿਆਪਕ ਜਥੇਬੰਦੀਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ੇ ਸਬੰਧੀ ਲੋਕ ਧਾਰਨਾ ਨੂੰ ਚਣੌਤੀ ਵਜੋਂ ਲੈ ਕੇ ਆਪਣੀ ਪੱਧਰ ਉੱਤੇ ਵਿਸ਼ੇ ਦੇ ਮਿਆਰ ਨੂੰ ਸੁਧਾਰਨ ਲਈ ਛੁੱਟੀ ਜਾਂ ਛੁੱਟੀਆਂ ਵਿੱਚ ਵਰਕਸ਼ਾਪਾਂ ਲਗਵਾਉਣ। ਉਪਰਲੇ ਕਾਰਜਾਂ ਵਿੱਚੋਂ ਜਿਹੜੇ ਕਾਰਜ ਸਰਕਾਰ ਅਤੇ ਅਫਸਰਸ਼ਾਹੀ ਦੇ ਕਰਨ ਵਾਲੇ ਹਨ, ਉਨ੍ਹਾਂ ਨੂੰ ਕਰਵਾਉਣ ਲਈ ਸੰਘਰਸ਼ ਕੀਤੇ ਜਾਣ। ਸੁਝਾਅ ਇਹ ਵੀ ਹੈ ਕਿ ਮਾਸਟਰ ਕਾਡਰ ਦੀਆਂ ਦੋ ਸੀਨੀਆਰਤਾ ਸੂਚੀਆਂ ਬਣਾਈਆਂ ਜਾਣ। ਇੱਕ ਸਭ ਵਿਸ਼ਿਆਂ ਦੀ ਸਾਂਝੀ ਜਿਸ ਦੇ ਆਧਾਰ ਉੱਤੇ ਹੈੱਡਮਾਸਟਰ ਪ੍ਰੋਮੋਟ ਕੀਤੇ ਜਾਣ ਜੋ ਹੁਣ ਤੱਕ ਚੱਲ ਰਹੀ ਹੈ। ਦੂਜੀ ਸੀਨੀਆਰਤਾ ਵਿਸ਼ਾਵਾਰ ਬਣਾਈ ਜਾਵੇ ਜਿਸ ਵਿੱਚੋਂ ਸਬੰਧਿਤ ਵਿਸ਼ਿਆਂ ਦੇ ਲੈਕਚਰਾਰ ਪ੍ਰੋਮੋਟ ਕੀਤੇ ਜਾਣ। ਕਿਸੇ ਵੀ ਕਾਡਰ ਲਈ ਪ੍ਰੋਮੋਸ਼ਨਾਂ ਅਪਰੈਲ ਦੇ ਅੱਧ ਤੱਕ ਮੁਕੰਮਲ ਕੀਤੀਆਂ ਜਾਣ। ਪਿੱਛੇ ਖਾਲੀ ਹੋਈਆਂ ਅਸਾਮੀਆਂ ਸਿੱਧੀ ਭਰਤੀ ਜਾਂ ਤਰੱਕੀਆਂ ਰਾਹੀਂ ਅਪਰੈਲ ਮਹੀਨੇ ਵਿੱਚ ਹੀ ਭਰੀਆਂ ਜਾਣ।

ਸਕੂਲ ਆਫ ਐਮੀਨੈਂਸ, ਕੁਝ +2 ਸਕੂਲਾਂ ਅੱਗੇ ਬਾਵਰਦੀ ਫੌਜੀ ਖੜ੍ਹੇ ਕਰਨੇ, ਉਨ੍ਹਾਂ ਸਕੂਲਾਂ ਲਈ ਬੱਸਾਂ ਦਾ ਪ੍ਰਬੰਧ ਕਰਨਾ ਪਰ ਅਧਿਆਪਕ ਪੂਰੇ ਨਾ ਕਰਨਾ ਅਕਾਦਮਿਕ ਅਤੇ ਚੁਣਾਵੀ ਦ੍ਰਿਸ਼ਟੀ ਤੋਂ ਉੱਕਾ ਹੀ ਗੈਰ-ਲਾਹੇਵੰਦ ਹਨ। ਅੰਗਰੇਜ਼ੀ ਭਾਸ਼ਾ ਵਿੱਚ ਜੇਕਰ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਕਰਨਾ ਹੈ ਤਾਂ ਅੰਗਰੇਜ਼ੀ ਵਿਸ਼ੇ ਵੱਲ ਉਚੇਚਾ ਧਿਆਨ ਦੇਣਾ ਪੈਣਾ ਹੈ। ਜੇਕਰ ਸਾਰੀਆਂ ਸਬੰਧਿਤ ਧਿਰਾਂ ਦੀ ਨੀਅਤ ਵਿੱਚ ਹੀ ਖੋਟ ਹੈ ਤਾਂ ਜਿਨ੍ਹਾਂ ਗਰੀਬਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਦੀ ਫਿਟਕਾਰ ਨੌਂ ਦਰਵਾਜ਼ੇ ਲੰਘ ਕੇ ਵੀ ਜ਼ਮੀਰ ਦੇ ਕੰਨਾਂ ਤੱਕ ਪਹੁੰਚ ਜਾਵੇਗੀ। ਚੁਣਾਵੀ ਦ੍ਰਿਸ਼ਟੀ ਤੋਂ ਇਹ ਵੀ ਯਾਦ ਰੱਖਿਆ ਜਾਵੇ ਕਿ ਇਹ ਪੰਜਾਬ ਦੀ ਆਬਾਦੀ ਵਿੱਚ ਬਹੁ ਗਿਣਤੀ ਹੈ।

ਸਫ਼ਾ 12 ਦਾ ਬਾਕੀ

ਬਾਰਾਂ ਵਜੇ ਇਸ਼ਨਾਨ ਸੋਧ ਕੇ ਤਿੰਨ ਵਜੇ ਤੱਕ ਪਾਠ ਕਰਨਗੇ। ਇਸ ਤੋਂ ਬਾਅਦ ਅੰਮ੍ਰਿਤ ਵੇਲੇ ਦਹੀਂ ਤੇ ਇੱਕ ਇੱਕ ਸੇਬ ਛਕਣਗੇ। ਫਿਰ ਅੰਤਿਮ ਅਰਦਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਕਰਕੇ, ਸਾਹਿਬ ਕਲ਼ਗੀਆਂ ਵਾਲ਼ੇ ਦੀ ਗੋਦ ਵਿਚ ਚਲੇ ਜਾਣਗੇ।

ਅੰਤ 9 ਅਕਤੂਬਰ 1992 ਦਾ ਸੂਰਜ ਚੜ੍ਹਨ ਤੋਂ ਪਹਿਲਾਂ ਤੜਕੇ ਚਾਰ ਵਜੇ, ਫਾਂਸੀ ਦੇ ਤਖ਼ਤੇ ਤੇ ਚੜ੍ਹਕੇ ਦੋਵੇਂ ਸੂਰਮੇ ਸ਼ਹਾਦਤ ਦਾ ਜਾਮ ਪੀ ਗਏ। ਫਾਂਸੀ ਵਾਲ਼ੇ ਅਹਾਤੇ ਤੋਂ ਬਾਅਦ ਵਿਚ ਸੂਚਨਾਵਾਂ ਅਨੁਸਾਰ ਕਹਿੰਦੇ ਫਾਂਸੀ ਦਾ ਰੱਸਾ ਗਲ਼ ਵਿਚ ਪਾਉਣ ਵੇਲੇ ਦੋਹਾਂ ਦੇ ਚਿਹਰਿਆਂ ਉੱਪਰ ਇੱਕ ਅਨੋਖਾ ਹੀ ਜਲਾਲ ਡਲ੍ਹਕਾਂ ਮਾਰ ਰਿਹਾ ਸੀ। ਦੋਹਾਂ ਨੂੰ ਇਕੱਠਿਆਂ ਨੂੰ ਫਾਂਸੀ ਦਿੱਤੀ ਗਈ ਅਤੇ ਦੋਹਾਂ ਨੂੰ ਅੱਧੇ ਘੰਟੇ ਤੱਕ ਲਟਕਦੇ ਰੱਖਿਆ ਗਿਆ। ਮ੍ਰਿਤਕ ਸਰੀਰਾਂ ਦਾ ਅੰਤਿਮ ਸੰਸਕਾਰ ਸਵਖਤੇ 6 ਵੱਜ ਕੇ 20 ਮਿੰਟ 'ਤੇ ਮੂਲਾਂ ਦਰਿਆ ਦੇ ਕੰਢੇ ਉੱਪਰ ਕਰ ਦਿੱਤਾ ਗਿਆ। ਦੋਹਾਂ ਦੇ ਪਿਤਾ, ਚਿਖਾ ਨੂੰ ਅਗਨੀ ਦਿਖਾਉਣ ਲਈ ਪਹੁੰਚੇ ਹੋਏ ਸਨ। ਸਿੱਖ ਰਹੁ-ਰੀਤ ਅਨੁਸਾਰ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਨ ਵਾਸਤੇ ਇੱਕ ਗ੍ਰੰਥੀ ਜੀ ਆਏ ਹੋਏ ਸਨ। ਸਮੇਂ ਦੀ ਸਰਕਾਰ ਇੰਨੀ ਭੈ-ਭੀਤ ਹੋਈ ਪਈ ਸੀ ਕਿ ਕਹਿੰਦੇ ਫਾਂਸੀ ਦੇਣ ਸਮੇਂ ਪੰਜ ਡਿਪਟੀ-ਪੁਲੀਸ ਕਮਿਸ਼ਨਰ, 10 ਸਹਾਇਕ-ਪੁਲੀਸ ਕਮਿਸ਼ਨਰ, 15 ਇੰਸਪੈਕਟਰ, 154 ਸਬ-ਇੰਸਪੈਕਟਰ ਅਤੇ 1274 ਹਥਿਆਰਬੰਦ ਸਿਪਾਹੀ ਤਾਇਨਾਤ ਕੀਤੀ ਗਏ ਸਨ। (ਪੁਲਿਸ ਕਮਿਸ਼ਨਰ ਬੀ. ਐਸ. ਮੋਹੀਤੇ ਦਾ ਬਿਆਨ- 'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਅਨੁਸਾਰ)

ਜਿਹੜੇ ਸਿਕੰਦਰ ਵਾਂਗ ਜਿੱਤਾਂ ਜਿੱਤਣ ਦੀਆਂ ਉਮੰਗਾਂ ਨਾਲ ਭਰੇ ਹੁੰਦੇ ਨੇ, ਉਨ੍ਹਾਂ ਲਈ ਹਾਰ ਜਾਂ ਮੌਤ ਦਾ ਕੋਈ ਅਰਥ ਨਹੀਂ ਹੁੰਦਾ। ਡਿੱਕੇ-ਡੋਲੇ ਖਾਣ ਵਾਲ਼ੇ ਬੰਦੇ ਨੂੰ ਹਰ ਕੋਈ

ਠਿੱਬੀ ਮਾਰ ਸਕਦਾ ਹੈ। ਪਰੰਤੂ ਸ਼ਹੀਦ, ਉੱਠਣ ਲਈ ਡਿਗਦੇ ਹਨ, ਟੱਕਰ ਲੈਣ ਲਈ ਪਿੱਛੇ ਹਟਦੇ ਹਨ ਅਤੇ ਜਾਗਣ ਲਈ ਸੌਂਦੇ ਹਨ। ਇਸਾਈ ਮੱਤ ਦਾ ਮੰਨਣਾ ਹੈ ਕਿ ਸ਼ਹੀਦ ਦਾ ਲਹੂ ਆਜ਼ਾਦੀ ਦੇ ਬੂਟੇ ਦਾ ਬੀਜ ਹੁੰਦਾ ਹੈ। ਇਸਲਾਮੀ ਸਭਿਅਤਾ ਵਿਚ ਵਿਦਵਾਨ ਦੀ ਕਲਮ ਦੀ ਸਿਆਹੀ, ਸ਼ਹੀਦਾਂ ਦੇ ਖ਼ੂਨ ਜਿੰਨੀ ਪਵਿੱਤਰ ਮੰਨੀ ਜਾਂਦੀ ਹੈ। ਸ਼ਹੀਦਾਂ ਦੀਆਂ ਬਰਸੀਆਂ, ਵੈਣ ਪਾਉਣ ਲਈ ਨਹੀਂ, ਸਗੋਂ ਪਿੱਛੇ ਰਹਿੰਦੇ ਵਾਰਸਾਂ ਵੱਲੋਂ ਸ਼ਹਾਦਤਾਂ ਲਈ ਲੋਏ ਲੋਏ ਅਗਲਾ ਸਫ਼ਰ ਕਰਨ ਦੀ ਪ੍ਰੇਰਨਾ ਲੈਣ ਵਾਸਤੇ ਮਨਾਈਆਂ ਜਾਂਦੀਆਂ ਹਨ।

ਵਿਰਾਸਤ ਤੋਂ ਮੂੰਹ ਮੋੜ ਲੈਣ ਵਾਲਿਆਂ ਦੀ ਦੁਰਦਸ਼ਾ ਦਰਸਾਉਂਦਾ ਇੱਕ ਨੀਤੀ-ਵਾਕ ਹੈ-'ਜੇ ਤੁਸੀਂ ਅਤੀਤ ਵੱਲ ਪਿਸਤੌਲ ਦੀ ਗੋਲ਼ੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪਾਂ ਨਾਲ ਤਬਾਹ ਕਰ ਸੁੱਟੇਗਾ।'

ਜਿਸ ਖ਼ਿੱਤੇ 'ਚ ਵਸਦੀ ਕੌਮ ਦੇ ਦੋ ਨਾਇਕਾਂ ਦੀ ਉਕਤ ਦਾਸਤਾਂ ਬਿਆਨ ਕੀਤੀ ਗਈ ਹੈ, ਉਸ ਖ਼ਿੱਤੇ ਵਿਚਲੀ ਅਜੋਕੀ ਪੀੜ੍ਹੀ ਅਤੀਤ ਵੱਲ ਨੂੰ ਪਿਸਤੌਲ ਨਹੀਂ, ਤੋਪਾਂ ਬੀੜੀ ਬੈਠੀ ਹੈ!

ਬੇਪੱਤ ਹੋ ਜੋ ਤੁਰਨਗੇ, ਮੁੱਲ ਨਾ ਪਾਵੇ ਕੋ।
ਪੱਤ ਗਵਾ ਕੇ ਜੀਣ ਮਰਨ ਜਹੰਨਮ ਢੋਅ।
ਸ਼ਾਹਾਂ ਦੇ ਵੱਡ ਕਹਿਰ ਵੀ ਜਿੰਦ ਦੇ ਦੇਵਣ
ਲੂਹ ਭੁੱਲੇ ਗਾ ਨਾ ਖ਼ਾਲਸਾ ਅੰਮ੍ਰਿਤ ਦੀ ਖ਼ੁਸ਼ਬੂ।

(ਮਹਿਬੂਬ)

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

**ਪੁਸਤਕ ਸਮੀਖਿਆ**

# ਦਿਲ ਤਰੰਗ

ਲਿਖਤ : ਮਾਸਟਰ ਹਰਭਿੰਦਰ ਸਿੰਘ ਮੁੱਲਾਂਪੁਰ
ਸੰਪਰਕ :94646-01001

ਬਤੌਰ ਅਧਿਆਪਕ ਵਿਚਰਦਿਆਂ ਪੜਨ-ਪੜਾਉਣ,ਸਿੱਖਣ- ਸਿਖਾਉਣ ਤੋਂ ਇਲਾਵਾ ਮੇਰੇ ਮਨ ਮਸਤਕ ਦੇ ਇਕ ਕੋਨੇ ਨੂੰ ਸਕੂਲ ਲਾਇਬ੍ਰੇਰੀ ਨੇ ਮੱਲਿਆ ਹੋਇਆ ਸੀ ।ਕਿਉਂ ਜੋ ਬਚਪਨ ਵਿੱਚ ਆਪਣੇ ਵੱਡੇ ਵੀਰ ਪ੍ਰੋਫੈਸਰ ਸੁਖਵਿੰਦਰ ਸਿੰਘ ਕੌਲ ਦੀਆਂ ਹਜ਼ਾਰਾਂ ਕਿਤਾਬਾਂ ਨਾਲ ਲੈਸ ਨਿੱਜੀ ਲਾਇਬਰੇਰੀ ਨੂੰ ਨਿਹਾਰਦਾ ਰਹਿੰਦਾ ਸੀ।

ਵੀਰ ਜੀ ਦੀ ਪ੍ਰੇਰਨਾ ਸਦਕਾ ਹੀ ਮੇਰੇ ਦੂਜੇ ਭੈਣ ਅਤੇ ਭਰਾ ਨੇ ਲਾਇਬਰੇਰੀ ਸਾਇੰਸ ਦੀਆਂ ਉੱਚ ਡਿਗਰੀਆਂ ਹਾਸਲ ਕਰ ਕੇ ਇਸੇ ਕਿੱਤੇ ਨੂੰ ਅਪਣਾਇਆ ਅਤੇ ਅੱਗੇ ਚੱਲ ਕੇ ਕਈ ਲੋਕਾਂ ਨੂੰ ਇਸ ਖੇਤਰ ਵਿੱਚ ਡਿਪਲੋਮਾ ਅਤੇ ਡਿਗਰੀਆਂ ਕਰਨ ਵਾਸਤੇ ਅਗਵਾਈ ਕੀਤੀ ।ਸੋ ਮੇਰੇ ਮਨ ਵਿੱਚ ਵੀ ਲਾਇਬ੍ਰੇਰੀ ਦੇ ਅਹਿਮ ਕਾਰਜ ਦੀ ਮਹੱਤਤਾ ਅਤੇ ਪਵਿੱਤਰਤਾ ਘਰ ਕਰ ਚੁੱਕੀ ਸੀ ।


ਮੇਰੇ ਸਕੂਲ ਵਿੱਚ ਲਾਇਬ੍ਰੇਰੀ ਦਾ ਸੰਚਾਲਨ ਨਾਨ ਟੀਚਿੰਗ ਅਮਲੇ ਨੂੰ ਹੀ ਸੌਂਪਿਆ ਜਾਂਦਾ ਰਿਹਾ ।ਪਰ ਕੁਝ ਸਮੇਂ ਬਾਅਦ ਲਾਇਬਰੇਰੀ ਅਟੈਂਡੈਂਟ ਨੌਕਰੀ ਤੋਂ ਅਸਤੀਫ਼ਾ ਦੇ ਕੇ ਕੈਨੇਡਾ ਵਸ ਗਈ । ਹੁਣ ਮੈਂ ਲਾਇਬ੍ਰੇਰੀ ਸਾਂਭਣਾ ਚਾਹੁੰਦਾ ਸੀ ਅਤੇ ਸਿਵਲ ਵਰਕਸ ਦੇ ਕੰਮਾਂ ਤੋਂ ਨਿਜਾਤ ਵੀ ਪਾਉਣੀ ਲੋਚਦਾ ਸੀ ।ਪਰ ਮੇਰੇ ਇਮਾਰਤਸਾਜ਼ੀ ਅਤੇ ਰਿਕਾਰਡ ਦੀ ਯੋਗ ਪਾਰਦਰਸ਼ਤਾ ਅਤੇ ਸਪੱਸ਼ਟਤਾ ਨੂੰ ਕਿਤਾਬਾਂ ਤੋਂ ਵਧੇਰੇ ਜ਼ਰੂਰੀ ਸਮਝਣ ਦੇ ਨਜ਼ਰੀਏ ਸਦਕਾ ਉਸ ਸਮੇਂ ਲਾਇਬਰੇਰੀ ਮੇਰੀ ਪਹੁੰਚ ਤੋਂ ਦੂਰ ਹੀ ਰਹੀ ।

ਸਕੂਲ ਵਿੱਚ ਸਿੱਧੀ ਭਰਤੀ ਰਾਹੀਂ ਨਵੇਂ ਪ੍ਰਤਿਭਾਸ਼ਾਲੀ ਮਿਹਨਤੀ ਮਿਲਣਸਾਰ ਅਤੇ ਕੰਮ ਦੀ ਕਦਰ ਵਾਲੇ ਮੁਲਾਜ਼ਮਾਂ ਦੀ ਅੱਖ ਪਛਾਨਣ ਵਾਲੇ ਪ੍ਰਿੰਸੀਪਲ ਸਾਹਿਬਾ ਸ੍ਰੀਮਤੀ ਚਰਨਜੀਤ ਕੌਰ "ਆਹੂਜਾ" ਹਾਜ਼ਰ ਹੋਏ ਤਾਂ ਉਹ ਜਿੱਥੇ ਮੇਰੇ ਸਿਵਲ ਵਰਕਸ ਦੇ ਕੰਮਾਂ ਤੋਂ ਪ੍ਰਭਾਵਿਤ ਹੋਏ ਉਥੇ ਮੇਰੀਆਂ ਰਚਨਾਵਾਂ ਪੜ੍ਹ ਕੇ ਵੀ ਬੇਤਹਾਸ਼ਾ ਖ਼ੁਸ਼ ਹੋਏ। ਮੈਂ ਲਾਇਬਰੇਰੀ ਦੇ ਸੰਚਾਲਨ ਦੀ ਬੇਨਤੀ ਨੂੰ ਦੁਹਰਾਇਆ ਤਾਂ ਉਂਨ੍ਹਾਂ ਨੇ ਹਾਮੀ ਭਰਦਿਆਂ ਮੈਨੂੰ ਲਾਈਬ੍ਰੇਰੀ ਦਾ ਸੰਚਾਲਨ ਹੀ ਨਾ ਸੌਂਪਿਆ ਬਲਕਿ ਲਾਈਬ੍ਰੇਰੀ ਨੂੰ ਸਮਾਰਟ ਰੂਪ ਦੇਣ ਹਿੱਤ ਨਵੀਆਂ ਅਲਮਾਰੀਆਂ ,ਕੰਪਿਊਟਰ, ਇੰਟਰਨੈਟ , ਡਿਸਪਲੇਅ ਬੋਰਡ ਅਤੇ ਹੋਰ ਸਾਰੀ ਜਰੂਰੀ ਸਮੱਗਰੀ ਵੀ ਮੈਨੂੰ ਮੁਹਈਆ ਕਰਵਾਈ। ਪ੍ਰਿੰਸੀਪਲ ਸਾਹਿਬਾ ਦੇ ਲਾਈਬ੍ਰੇਰੀ ਪ੍ਰਤੀ ਵਿਸ਼ਾਲ ਨਜ਼ਰੀਏ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਇਕ ਅਲਮਾਰੀ ਆਪਣੇ ਮਰਹੂਮ ਪ੍ਰੋਫੈਸਰ ਵੀਰ ਦੀ ਯਾਦ ਵਿੱਚ ਲਾਇਬਰੇਰੀ ਨੂੰ ਭੇਟਾ ਕੀਤੀ ।

ਲਾਇਬਰੇਰੀ ਦਾ ਕਾਰਜ ਭਾਰ ਮਿਲਣ ਉਪਰੰਤ ਮੈਂ ਨਵੇਂ ਸਿਰਿਓਂ ਕਿਤਾਬਾਂ ਨੂੰ ਸਕੂਲ ਦੇ ਸਭ ਤੋਂ ਵੱਡੇ ਕਮਰੇ ਵਿੱਚ ਤਬਦੀਲ ਕਰਵਾਇਆ ਮੇਰੇ ਨਾਲ ਕੰਪਿਊਟਰ ਤਜਰਬੇਕਾਰ ਨਾਨ ਟੀਚਿੰਗ ਮੁਲਾਜ਼ਮ ਲਗਾਇਆ ਗਿਆ ।ਅਸੀਂ ਲਗਭਗ ਸੱਤ-ਅੱਠ ਹਜ਼ਾਰ ਕਿਤਾਬਾਂ ਨੂੰ ਨਵੇਂ ਸਿਰਿਓਂ ਆਨਲਾਈਨ ਅਤੇ ਆਫਲਾਈਨ ਰਿਕਾਰਡ ਵਿੱਚ ਲਿਆਉਣ, ਪੁਰਾਣੀਆਂ, ਫਟੀਆਂ ਤੇ ਖ਼ਰਾਬ ਹੋ ਚੁੱਕੀਆਂ ਕਿਤਾਬਾਂ ਨੂੰ ਖਾਰਜ ਕਰਵਾਉਣ ਦੀ ਵਿਉਂਤਬੰਦੀ ਬਣਾਈ ਹੀ ਸੀ ਕਿ ਆਮ ਬਦਲੀਆਂ ਵਿੱਚ ਉਹ ਲੜਕਾ ਵੀ ਬਦਲੀ ਕਰਵਾ ਗਿਆ ।

ਲਾਇਬਰੇਰੀ ਵਿੱਚ ਉੱਠਣ ਬੈਠਣ ਨਾਲ ਮੇਰਾ ਦਿਲੋ ਦਿਮਾਗ ਕਿਤਾਬਾਂ, ਕਵੀਆਂ ,ਲੇਖਕਾਂ , ਕਹਾਣੀਕਾਰਾਂ, ਨਾਵਲਕਾਰਾਂ, ਅਖ਼ਬਾਰਾਂ, ਰਸਾਲਿਆਂ ਆਦਿ ਦੇ ਨਾਂਵਾਂ ਨਾਲ ਤਰੋ - ਤਾਜ਼ਾ ਹੀ ਨਹੀਂ ਰਹਿਣ ਲੱਗਾ। ਬਲਕਿ ਮੈਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਨਾਲ ਜੁੜਨ ਦੀ ਪ੍ਰੇਰਨਾ ਵਿਚ ਮਸਰੂਫ਼ ਰਹਿੰਦਿਆਂ ਉਨ੍ਹਾਂ ਨੂੰ ਕਿਤਾਬਾਂ ਦੇ ਰੀਵਿਊ ਲਿਖਣ, ਪੁਸਤਕ ਲੰਗਰ ਲਗਾਉਣ, ਸਾਹਿਤਕ ਵ੍ਹੱਟਸਐਪ ਗਰੁੱਪ ਬਣਾਉਣ,ਲਾਇਬਰੇਰੀ ਇਨਾਮ ਵੰਡ ਸਮਾਰੋਹ ਕਰਵਾਉਣ ਤੋਂ ਇਲਾਵਾ ਪੁਸਤਕਾਂ ਦੀ ਚੇਟਕ ਲਾਉਣ ਹਿੱਤ ਆਪਣੇ ਲੇਖਕ ਸਾਥੀਆਂ ਨਾਲ ਰਾਬਤਾ ਵਧਾਉਂਦਿਆਂ ਪੰਜਾਬੀ ਮਾਂ ਬੋਲੀ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਛਪਦੇ ਆਨਲਾਈਨ ਤੇ ਆਫਲਾਇਨ ਅਖਬਾਰਾਂ ਨਾਲ ਵੀ ਨਾਤਾ ਜੋੜ ਲਿਆ ਤਾਂ ਜੋ ਕਿ ਮੈਂ ਵਿਦਿਆਰਥੀਆਂ ਵਿਚ ਵੀ ਸਾਹਿਤਕ ਰੁਚੀਆਂ ਨੂੰ ਉਭਾਰ ਸਕਾਂ ।

ਮੇਰੇ ਸਾਰਥਕ ਉਪਰਾਲਿਆਂ ਅਤੇ ਮਿਹਨਤ ਨੂੰ ਬੂਰ ਪੈਣ ਲੱਗਾ। ਵਿਦਿਆਰਥੀ ਕਵਿਤਾਵਾਂ, ਕਹਾਣੀਆਂ, ਲੇਖ ਤੇ ਨਿੱਕੀਆਂ ਨਿੱਕੀਆਂ ਰਿਪੋਰਟਾਂ ,ਪੁਸਤਕ ਰਿਵਿਊ ਲਿਖਣ ਵਿਚ ਰੁਚੀ ਵਿਖਾਉਣ ਲੱਗੇ । ਮੈਂ ਬੱਚਿਆਂ ਦੀਆਂ ਸਾਹਿਤਕ ਕਿਰਤਾਂ ਨੂੰ ਵੱਖ ਵੱਖ ਅਖਬਾਰਾਂ ਵਿੱਚ ਭੇਜਦਾ ਅਤੇ ਅਖਬਾਰਾਂ ਵਿੱਚ ਰਚਨਾਵਾਂ ਨੂੰ ਛਪਿਆ ਵੇਖ ਕੇ ਅਸੀਮ ਖੁਸ਼ੀ ਮਹਿਸੂਸ ਕਰਦਾ ਅਤੇ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਵੀ ਕਰਦਾ।ਪ੍ਰਿੰਸੀਪਲ ਮੈਡਮ, ਅਧਿਆਪਕ ਸਾਥੀ, ਪਿੰਡ ਦੇ ਲੋਕ ਅਤੇ ਵਿਦਿਆਰਥੀ ਲਾਈਬਰੇਰੀ ਪ੍ਰਤੀ ਮੇਰੀ ਸੇਵਾ ਤੇ ਸਮਰਪਣ ਤੋਂ ਅਥਾਹ ਖੁਸ਼ ਸਨ ' ਮੈਡਮ ਅਹੂਜਾ ਅਤੇ ਮੇਰੇ ਉਪਰਾਲਿਆਂ ਸਦਕਾ ਪਿੰਡ ਦੇ ਪਤਵੰਤੇ ਸੱਜਣ ਲਾਈਬਰੇਰੀ ਨੂੰ ਸਾਜੋ ਸਮਾਨ ਤੇ ਹੋਰ ਲੋੜਾਂ ਪੂਰੀਆਂ ਕਰਨ ਵਿੱਚ ਸਹਾਇਤਾ ਕਰਨ ਲੱਗੇ । ਸੇਵਾ ਮੁਕਤੀ ਵੇਲੇ ਅਧਿਆਪਕ ਵੀ ਲਾਇਬ੍ਰੇਰੀ ਨੂੰ ਕੁਝ ਨਾ ਕੁਝ ਜਰੂਰ ਭੇਟ ਕਰਕੇ




ਜਾਂਦੇ।ਅਜਿਹੇ ਉਪਰਾਲਿਆਂ ਨਾਲ ਮੇਰੇ ਸਕੂਲ ਦੀ ਲਾਈਬਰੇਰੀ ਵਿੱਚ ਨਵੀਂ ਰੂਹ ਫੂਕੀ ਗਈ ।

ਕੁਝ ਸਮੇਂ ਉਪਰੰਤ ਪ੍ਰਿੰਸੀਪਲ ਮੈਡਮ ਆਹੂਜਾ ਦੀ ਬਦਲੀ ਕਿਸੇ ਹੋਰ ਸਕੂਲ ਵਿੱਚ ਹੋ ਗਈ । ਪਰ ਮੈਂ ਲਾਇਬਰੇਰੀ ਦਾ ਕਾਰਜ ਸੰਚਾਲਨ ਉਸੇ ਹੀ ਰੁਚੀ ਨਾਲ ਚਲਾਉਂਦਾ ਰਿਹਾ ।ਉਸ ਸਮੇਂ ਦੇ ਮਿਹਨਤੀ,ਕਾਬਿਲ ਅਤੇ ਸਕੂਲ ਸਿੱਖਿਆ ਸੁਧਾਰਾਂ ਹਿੱਤ ਅਤਿਅੰਤ ਯਤਨਸ਼ੀਲ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਵੱਲੋਂ ਸਕੂਲਾਂ ਵਿੱਚ ਚਲਾਏ ਪੁਸਤਕ ਲੰਗਰਾਂ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਜਾਰੀ ਕਰਨ ਦੀਆਂ ਹਦਾਇਤਾਂ ਅਤੇ ਖੁੱਲ ਤੋਂ ਇਲਾਵਾ ਨਿੱਜੀ ਪੱਧਰ ਉੱਪਰ ਵਿਦਿਆਰਥੀਆਂ ਵਿੱਚ ਸਿਲੇਬਸ ਤੋਂ ਇਲਾਵਾ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਨ ਦੀ ਲਗਨ ਲਗਾਉਣ ਦੀ ਚੇਸ਼ਟਾ ਸਦਕਾ ਮੈਂ ਵੱਧ ਤੋਂ ਵੱਧ ਵੱਧ ਕਿਤਾਬਾਂ ਵਿਦਿਆਰਥੀਆਂ ਨੂੰ ਅਤਾਪਣੇ ਅਧਿਆਪਨ ਰੁਝੇਵਿਆਂ ਦੇ ਨਾਲ-ਨਾਲ ਜਾਰੀ ਕਰਦਾ ਰਿਹਾ ।ਜਾਰੀ ਕੀਤੀਆਂ ਕਿਤਾਬਾਂ ਵਿੱਚੋਂ ਕੁਝ ਕਿਤਾਬਾਂ ਵਾਪਸ ਆਉਂਦੀਆਂ ਕੁਝ ਨਾ ਵੀ ਆਉਂਦੀਆਂ । ਕਿਤਾਬਾਂ ਦੀ ਵਾਪਸੀ ਸਬੰਧੀ ਮੈਂ ਕਦੇ ਵੀ ਵਿਦਿਆਰਥੀਆਂ ਨਾਲ ਸਖਤੀ ਨਾਲ ਪੇਸ਼ ਨਹੀਂ ਸੀ ਆਇਆ ।ਮੈਂ ਅਨੇਕਾਂ ਕਿਤਾਬਾਂ ਖਾਰਜ ਨਾ ਕਰਵਾ ਸਕਿਆ ਕਿਉਂ ਜੋ ਮੇਰਾ ਮੰਨਣਾ ਸੀ ਕਿ ਜਦੋਂ ਕੋਈ ਪ੍ਰੋਫੈਸ਼ਨਲ ਲਾਈਬ੍ਰੇਰੀਅਨ ਹਾਜ਼ਰ ਹੋਵੇਗਾ ਤਾਂ ਉਹ ਆਪਣੇ ਢੰਗ ਤਰੀਕੇ ਅਤੇ ਨਿਯਮਾਂ ਅਨੁਸਾਰ ਮੇਰੇ ਵੱਲੋਂ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਵਾਸਤੇ ਨਵੇਂ ਸਿਰਿਓ ਹਰ ਇੱਕ ਚੀਜ਼ ਨੂੰ ਲੀਹ 'ਤੇ ਲੈ ਆਵੇਗਾ ।

ਨਵੀਆਂ ਭਰਤੀਆਂ ਦੌਰਾਨ ਮੇਰੇ ਸਕੂਲ ਵਿੱਚ ਵੀ ਲਾਈਬ੍ਰੇਰੀਅਨ ਸਾਹਿਬਾਂ ਨੇ ਡਿਊਟੀ ਜੁਆਇਨ ਕੀਤੀਤਾਂ ਦੂਜੇ ਹੀ ਦਿਨ ਅਚਾਨਕ ਮੇਰੀ ਪਤਨੀ ਦੀ ਸਿਹਤ ਵਿੱਚ ਵਿਗਾੜ ਆਉਣ ਸਦਕਾ ਮੈਂ ਲੰਬੀ ਛੁੱਟੀ 'ਤੇ ਚਲਾ ਗਿਆ ਅਤੇ ਜਾਂਦਿਆਂ ਹੋਇਆਂ ਲਾਇਬ੍ਰੇਰੀ ਦੀਆਂ ਚਾਬੀਆਂ ਲਾਇਬ੍ਰੇਰੀਅਨ ਨੂੰ ਵਿਸ਼ਵਾਸ ਅਧਾਰ ਉੱਪਰ ਬਿਨਾ ਕਿਸੇ ਲਿਖਤਾ -ਪੜ੍ਹਤ ਤੋਂ ਸੌਂਪ ਗਿਆ ਕਿਉਂ ਜੋ ਪਿਛਲੇ ਸਮੇਂ ਦੌਰਾਨ ਕਿਸੇ ਵੀ ਮੁਲਾਜ਼ਮ ਜਾਂ ਅਧਿਆਪਕ ਨੇ ਲਿਖਤੀ ਰੂਪ ਵਿੱਚ ਲਾਈਬਰੇਰੀ ਦਾ ਚਾਰਜ ਨਾ ਦਿੱਤਾ ਸੀ ਅਤੇ ਨਾ ਹੀ ਲਿਆ ਸੀ।

ਜਦੋਂ ਮੈਂ ਛੁੱਟੀ ਹਾਜਰ ਹੋਇਆ ਤਾਂ ਲਾਈਬ੍ਰੇਰੀਅਨ ਸਾਹਿਬਾਂ ਨੇ ਸੈਂਕੜੇ ਕਿਤਾਬਾਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਮੇਰੇ ਅੱਗੇ ਰੱਖ ਦਿੱਤੀ। ਕਿਤਾਬਾਂ ਦੀ ਵੱਡੀ ਗਿਣਤੀ ਨੂੰ ਵੇਖ ਕੇ ਮੇਰੇ ਪੈਰਾਂ ਹੇਠੋਂ ਜਮੀਨ ਖਿਸਕ ਗਈ ।ਪਰ ਮੈਨੂੰ ਪੂਰਾ ਯਕੀਨ ਸੀ ਕਿ ਇਨੀ ਵੱਡੀ ਮਾਤਰਾ ਵਿੱਚ ਕਿਤਾਬਾਂ ਗੁੰਮ ਨਹੀਂ ਹੋ ਸਕਦੀਆਂ।ਮੈਨੂੰ ਆਪਣੀ ਕਾਰਜ ਸ਼ੈਲੀ ਅਤੇ ਵਿਦਿਆਰਥੀਆਂ ਉੱਪਰ ਪੂਰਾ ਵਿਸ਼ਵਾਸ ਸੀ।

ਸੋ ਮੈਂ ਕਿਤਾਬਾਂ ਲੱਭਣ ਅਤੇ ਵਿਦਿਆਰਥੀਆਂ ਕੋਲੋਂ ਵਾਪਿਸ ਕਰਵਾਉਣ ਦਾ ਅਭਿਆਨ ਚਲਾਇਆ ਮੇਰੇ ਨਾਲ ਇੱਕ ਹੋਰ ਅਧਿਆਪਕ ਅਤੇ ਕੁਝ ਵਿਦਿਆਰਥੀਆਂ ਨੇ ਕਿਤਾਬਾਂ ਨੂੰ ਪੁਰਾਣੀਆਂ ਅਲਮਾਰੀਆਂ ਵਿਚੋਂ ਲਭਣ ਵਿਚ ਸਹਾਇਤਾ ਕਾਰਵਾਈ ਤਾਂ ਅਸੀਂ ਲਗਭਗ ਪੰਜਾਹ ਪ੍ਰਤੀਸ਼ਤ ਕਿਤਾਬਾਂ ਲੱਭ ਲਈਆਂ।ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਸਿਰਫ ਸ਼ੀਸ਼ਿਆਂ ਵਾਲੀਆਂ ਅਲਮਾਰੀਆਂ ਵਿੱਚ ਰੱਖੀਆਂ ਨਵੀਆਂ ਨਕੋਰ ਕਿਤਾਬਾਂ ਦੀ ਗਿਣਤੀ ਨੂੰ ਹੀ ਵਾਚਿਆ ਗਿਆ ਸੀ। ਜੋ ਕਿਤਾਬਾਂ ਨਹੀਂ ਲੱਭੀਆਂ ਉਹ ਬਹੁਤ ਪੁਰਾਣੀਆਂ ਅਤੇ ਘੱਟ ਰੇਟਾਂ ਵਾਲੀਆਂ ਸਨ ਜਿਨਾਂ ਵਿੱਚੋਂ ਕੁਝ ਨਵੀਆਂ ਕਿਤਾਬਾਂ ਗੁੰਮ ਹੋਈਆਂ ਜਾਂ ਵਿਦਿਆਰਥੀਆਂ ਨੇ ਵਾਪਸ ਨਹੀਂ ਕੀਤੀਆਂ। ਲਾਇਬ੍ਰੇਰੀਅਨ ਸਾਹਿਬਾ ਲਿਖਤੀ ਤੌਰ ਉੱਪਰ ਰਿਕਾਰਡ ਲੈਣ ਤੇ ਬਜ਼ਿੱਦ ਸਨ ਜਦਕਿ ਮੈਂ ਇੱਕੋ ਗੱਲ ਦੁਹਰਾ ਹਿ ਸੀ ਕਿ ਮੈਂ ਅਧਿਆਪਨ ਦੇ ਨਾਲ ਨਾਲ ਲਾਇਬ੍ਰੇਰੀ ਨੂੰ ਸਾਂਭਿਆ ਹੈ ਅਤੇ ਕਿਸੇ ਨੇ ਮੈਨੂੰ ਲਿਖਤੀ ਰਿਕਾਰਡ ਨਹੀਂ ਦਿੱਤਾ ਪਰ ਉਹ ਕੁੜੀ ਕਾਫੀ ਡਰੀ ਹੋਈ ਸੀ।

ਮੈਂ ਅਧਿਆਪਕ ਹੋਣ ਦੇ ਨਾਤੇ ਲਾਇਬ੍ਰੇਰੀ ਦੇ ਕਾਰਜ ਸੰਚਾਲਨ ਨੂੰ ਬਾਖੂਬੀ ਨਿਭਾਉਣ ਵਿੱਚ ਆਪਣੀ ਪੂਰੀ ਵਾਹ ਲਗਾਈ ਜੇ ਕੁਝ ਊਣਤਾਈਆਂ ਰਹਿ ਗਈਆਂ ਹਨ ਤਾਂ ਉਸ ਦਾ ਖਮਿਆਜਾ ਪੈਸਿਆਂ ਦੀ ਵਸੂਲੀ ਰਾਹੀਂ ਨਾ ਕਰਨ ਦੀ ਬੇਨਤੀ ਪ੍ਰਿੰਸੀਪਲ ਸਾਹਿਬਾ ਕੋਲ ਕੀਤੀ ਤਾਂ ਉਹਨਾਂ ਨੇ ਪਹਿਲਾਂ ਰਹਿ ਚੁੱਕੇ ਮੁਖੀਆਂ ਤੋਂ ਕਿਤਾਬਾਂ ਨੂੰ ਖਾਰਜ ਕਰਵਾਉਣ ਦੀ ਸਲਾਹ ਦਿੱਤੀ ਅਤੇ ਜੇਕਰ ਪੁਰਾਣੇ ਪ੍ਰਿੰਸੀਪਲ ਅਜਿਹਾ ਨਹੀਂ ਕਰਦੇ ਤਾਂ ਪ੍ਰਿੰਸੀਪਲ ਮੈਡਮ ਨੇ ਕਿਤਾਬ ਦੇ ਬਦਲੇ ਕਿਤਾਬ ਪੈਦਾ ਕਰਨ ਦੀ ਸਖਤ ਹਦਾਇਤ ਕੀਤੀ।

ਪ੍ਰਿੰਸੀਪਲ ਸਾਹਿਬਾ ਸਲਾਹ ਨੂੰ ਮੰਨਦੇ ਹੋ ਮੈਂ ਸੇਵਾ ਮੁਕਤ ਹੋਏ ਪ੍ਰਿੰਸੀਪਲ ਸਾਹਿਬਾਂ ਕੋਲ ਬਕਾਇਦਾ ਕਿਤਾਬਾਂ ਦੀ ਖਾਰਜੀ ਦਾ ਮਤਾ ਪਾ ਕੇ ਰਜਿਸਟਰ ਪੇਸ਼ ਕੀਤਾ ਤਾਂ ਉਹਨਾਂ ਨੇ ਹਸਤਾਖਰ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ।ਮੇਰੇ ਮਨ ਵਿੱਚ ਇਹ ਗੱਲ ਘਰ ਕਰ ਗਈ ਕਿ ਜੇਕਰ ਸੇਵਾ ਮੁਕਤ ਪ੍ਰਿੰਸੀਪਲ ਸਾਹਿਬਾ ਸਾਲਾਂ ਬੱਧੀਆਂ ਪੁਰਾਣੀਆਂ ਕਿਤਾਬਾਂ ਖਾਰਜ ਕਰਨ ਤੋਂ ਇਨਕਾਰੀ ਹਨ ਤਾਂ ਬਦਲੀ ਕਰਵਾ ਕੇ ਗਏ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ ਆਹੂਜਾ ਜੀ ਵੀ ਕਿਤਾਬਾਂ ਖਾਰਜ ਨਹੀਂ ਕਰਨਗੇ।

ਮੈਂ ਹੈਰਾਨ ਤੇ ਪਰੇਸ਼ਾਨ ਸੀ ਮੈਂ ਕਿਤਾਬਾਂ ਦੀ ਖਰਦਿ ਕਰਨ ਦੀ ਵਿਉਂਤ ਬਣਾਈ ਪਰ ਲੰਬਾ ਅਰਸਾ ਪੁਰਾਣੀਆਂ ਕਿਤਾਬਾਂ ਕਿਸੇ ਵੀ ਪ੍ਰਕਾਸ਼ਕ ਕੋਲੋਂ ਨਾ ਮਿਲੀਆਂ।ਮੈਂ ਲੁਧਿਆਣਾ ਸ਼ਹਿਰ ਦੇ ਸਾਰੇ ਮਸ਼ਹੂਰ ਬੁੱਕ ਡਿਪੂ ਗਾਹ ਮਾਰੇ।ਕਾਰਜ ਭਾਰ ਦੇਣ ਵਿੱਚ ਦੇਰੀ ਹੋ ਰਹੀ ਸੀ।ਪ੍ਰਿੰਸੀਪਲ ਸਾਹਿਬਾ ਨੇ ਲਿਖਤੀ ਹੁਕਮ ਕੱਢ ਕੇ ਆਪਣਾ ਪੱਖ ਬਚਾਅ ਹੇਠ ਕਰ ਲਿਆ।

ਮੇਰੇ ਅਜੀਜ ਤੇ ਉਸਤਾਦ ਮਿੱਤਰ ਲੇਖਕ ਤੇ ਸਟੇਟ ਐਵਾਰਡੀ ਅਧਿਆਪਕ ਸੁਰਜੀਤ ਸਿੰਘ ਲਾਂਬੜਾ ਜੀ ਨੇ ਆਪਣੀਆਂ ਕਵਿਤਾਵਾਂ ਦੀ ਲਿਖੀ ਪੁਸਤਕ "ਦਿਲ ਤਰੰਗ" ਦੀ ਘੁੰਢ ਚੁਕਾਈ ਦੇ ਸਮਾਗਮ ਵਾਸਤੇ ਸੱਦਾ ਦਿੱਤਾ।ਮੈਂ ਆਪਣੇ ਸਕੂਲ ਦੀ ਲਾਇਬ੍ਰੇਰੀ ਦਾ ਚਾਰਜ ਦੇਣ-ਲੈਣ ਅਤੇ ਸੈਂਕੜੇ ਕਿਤਾਬਾਂ ਦੀ ਭਰਪਾਈ ਨਾ ਕਰ ਸਕਣ ਤੋਂ ਇਲਾਵਾ ਮੈਡਮ ਆਹੂਜਾ ਜੀ ਨੂੰ ਕਿਤਾਬਾਂ ਦੀ ਖਾਰਜੀ ਹਿੱਤ ਬੇਨਤੀ ਕਰਨ ਸਬੰਧੀ ਵਿਚਾਰ ਮਸ਼ਵਰਾ ਕੀਤਾ ।

ਦੂਜੇ ਹੀ ਦਿਨ ਲਾਂਬੜਾ ਸਾਹਿਬ ਮੇਰੀ ਸਮੱਸਿਆ ਦੇ ਹੱਲ ਵਾਸਤੇ ਮੈਡਮ ਆਹੂਜਾ ਜੀ ਕੋਲ ਪੁੱਜੇ ਅਤੇ ਮੇਰੇ ਬਾਰੇ ਸਾਰੀ ਗੱਲਬਾਤ ਕੀਤੀ।ਮੈਨੂੰ ਫੋਨ ਕਰਕੇ ਸਕੂਲ ਸੱਦਿਆ ਅਤੇ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ ਜੀ ਨੇ ਆਪਣੀ ਫਰਾਖਦਿਲੀ ਵਿਖਾਉਂਦਿਆਂ ਮੇਰੀਆਂ ਲਾਇਬ੍ਰੇਰੀ ਪ੍ਰਤੀ ਦਿੱਤੀਆਂ ਚੰਗੀਆਂ ਸੇਵਾਵਾਂ ਦੀ ਕਦਰ ਕਰਦਿਆਂ ਸਾਰੀਆਂ ਕਿਤਾਬਾਂ ਨੂੰ ਮਿਤੀਬੱਧ,ਵਿਸ਼ੇਸ ਨੋਟ ਪਾਉਂਦਿਆਂ,ਸਿੱਖਿਆਂ ਸਕੱਤਰ ਦੇ ਹੁਕਮਾਂ ਦੀ ਤਾਮੀਲ ਤਹਿਤ ਕਿਤਾਬਾਂ ਨੂੰ ਬੇਝਿਜਕ ਖਾਰਜ ਕੀਤਾ ਤਾਂ ਸ੍ਰੀ ਸੁਰਜੀਤ ਸਿੰਘ ਲਾਂਬੜਾ ਜੀ ਨੇ ਆਪਣੀ ਪੁਸਤਕ "ਦਿਲ ਤਰੰਗ" ਪ੍ਰਿੰਸੀਪਲ ਸਾਹਿਬਾ ਨੂੰ ਭੇਂਟ ਕੀਤੀ।ਸੱਚਮੁਚ ਦਿਲ ਤਰੰਗ ਪੁਸਤਕ ਨੇ ਤਿੰਨ ਅਜਿਹੀਆਂ ਰੂਹਾਂ ਨੂੰ ਇੱਕ ਸਮੇਂ ਇਕੱਠਾ ਕੀਤਾ ਜੋ ਇੱਕ ਦੂਜੇ ਦੇ ਦਿਲ ਦੀਆਂ ਤਰੰਗਾਂ ਨੂੰ ਬਾਖੂਬੀ ਭਾਂਪਦੇ ਸਨ।

# ਪੱਗ

ਲਿਖਤ : ਮੋਹਨ ਸ਼ਰਮਾ, ਸੰਪਰਕ: 94171-48866

ਮੁੰਡੇ ਦੀ ਜ਼ਿੱਦ ਕਾਰਨ ਉਹ ਉਹਦੇ ਨਾਲ ਭੱਜਣ ਲਈ ਤਿਆਰ ਹੋ ਗਈ। ਪਿਛਲੇ ਦੋ ਸਾਲਾਂ ਤੋਂ ਪਈ ਪਿਆਰ-ਸਾਂਝ ਨੂੰ ਜੀਵਨ ਭਰ ਦੀ ਸਾਂਝ ਵਿੱਚ ਬਦਲਣ ਦਾ ਫ਼ੈਸਲਾ ਕਰ ਲਿਆ। ਅਗਲੇ ਦਿਨ ਉਨ੍ਹਾਂ ਨੇ ਨਿਸ਼ਚਿਤ ਸਥਾਨ 'ਤੇ ਮਿਲਣ ਦਾ ਨਿਰਣਾ ਕਰ ਲਿਆ।

ਕੁੜੀ ਫ਼ੈਸਲਾ ਲੈਣ ਤੋਂ ਬਾਅਦ ਸਾਰੀ ਰਾਤ ਸੋਚਦੀ ਰਹੀ। ਉਹ ਉੱਠ ਕੇ ਬਾਬਲ ਦੇ ਵਿਹੜੇ ਵੱਲ ਨੀਝ ਲਾ ਕੇ ਵਿੰਹਦੀ ਰਹੀ ਜਿੱਥੇ ਫਿਰ ਪਤਾ ਨਹੀਂ ਮੁੜ ਪੈਰ ਪਾਉਣਾ ਸੀ ਜਾਂ ਨਹੀਂ। ਸਾਰੇ ਘਰ ਦੇ ਘੂਕ ਸੁੱਤੇ ਪਏ ਸਨ, ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਕਦੇ ਮੰਜੇ ਤੋਂ ਉੱਠ ਜਾਂਦੀ, ਕਦੇ ਫਿਰ ਪੈ ਜਾਂਦੀ। ਪਾਸੇ ਲੈਂਦਿਆਂ ਨੀਂਦ ਉਸ ਤੋਂ ਕੋਹਾਂ ਦੂਰ ਸੀ ਅਤੇ ਸੋਚਾਂ ਉਸ ਦੇ ਅੰਗ-ਸੰਗ ਸਨ। ਇਹ ਸੋਚ ਕੇ ਉਹਨੂੰ ਕੰਬਣੀ ਜਿਹੀ ਛਿੜ ਗਈ, 'ਕੱਲ੍ਹ ਜਦੋਂ ਮੈਂ ਉਹਦੇ ਨਾਲ ਭੱਜ ਜਾਵਾਂਗੀ ਤਾਂ ਸਾਰੇ



ਪਿੰਡ ਦੇ ਨਾਲ ਨਾਲ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਥੂ ਥੂ ਹੋ ਜਾਵੇਗੀ। ਛੋਟਾ ਭਰਾ ਆਪਣੇ ਹਾਣੀਆਂ ਨਾਲ ਅੱਖ ਨਹੀਂ ਮਿਲਾ ਸਕੇਗਾ। ਸ਼ਾਇਦ ਸ਼ਰਮ ਦਾ ਮਾਰਿਆ ਘਰੋਂ ਹੀ ਨਾ ਨਿਕਲੇ। ਮਾਂ ਨੇ ਭੁੱਬੀਂ ਰੋਂਦਿਆਂ ਆਪਣਾ ਆਪ ਪਿੱਟਦਿਆਂ ਕਹਿਣੈ, ਕੁਲ ਨੂੰ ਦਾਗ ਲਾਉਣ ਵਾਲੀ ਕੁਲਹਿਣੀ ਨੂੰ ਮੈਂ ਜੰਮਿਆ ਹੀ ਕਿਉਂ? ਬਾਬਲ ਦੀ ਪੱਗ ਵੀ ਰੁਲ ਜਾਵੇਗੀ। ਲੋਕ ਮੇਰੇ ਨਾਲ ਨਾਲ ਮਾਂ ਬਾਪ ਨੂੰ ਵੀ ਥੂ ਥੂ ਕਰਨਗੇ। ਹੋ ਸਕਦੈ ਛੋਟੇ ਭਰਾ ਨੂੰ ਰਿਸ਼ਤਾ ਵੀ ਨਾ ਹੋਵੇ। ਰਿਸ਼ਤਾ ਕਰਨ ਵਾਲੇ ਸੋਚਣਗੇ ਬਈ ਇਨ੍ਹਾਂ ਦਾ ਖਾਨਦਾਨ ਤਾਂ ਦਾਗੀ ਐ। ਇੱਕ ਪਾਸੇ ਮਾਪਿਆਂ ਨਾਲ ਜਨਮ ਜਨਮ ਦੀ ਸਾਂਝ, ਉਨ੍ਹਾਂ ਦੀ ਅੱਖ ਦਾ ਤਾਰਾ! ਪੈਰ ਪੈਰ 'ਤੇ ਮੇਰੀ ਚਿੰਤਾ ਕਰਨ ਵਾਲੇ। ਮਾਂ ਤਾਂ ਮੇਰੇ ਚਿਹਰੇ 'ਤੇ ਉਦਾਸੀ ਵੇਖ ਕੇ ਊਈਂ ਸੂਤੀ ਜਾਂਦੀ ਐ। ਵੱਜਿਆ ਕੰਡਾ ਕਿਹੜਾ ਸਹਾਰਦੀ ਐ ਉਹ। ਦੂਜੇ ਪਾਸੇ ਰਾਜਬੀਰ ਨਾਲ ਤਾਂ ਮੇਰੀ ਦੋ ਸਾਲ ਦੀ ਸਾਂਝ ਹੈ ਅਤੇ ਇਸ ਸਾਂਝ ਪਿੱਛੇ ਮੈਂ ਮਾਪਿਆਂ ਨਾਲ ਜਨਮ ਦੀ ਸਾਂਝ ਤੋੜ ਕੇ ਉਨ੍ਹਾਂ 'ਤੇ ਦੁੱਖਾਂ ਦਾ ਪਹਾੜ ਕਿਉਂ ਡੇਗਾਂ? ਇਹ ਮੈਂ ਨਹੀਂ ਕਰਾਂਗੀ।' ਇਸ ਫ਼ੈਸਲੇ ਤੋਂ ਬਾਅਦ ਸਵੇਰੇ ਚਾਰ ਕੁ ਵਜੇ ਉਸ ਦੀ ਅੱਖ ਲੱਗ ਗਈ। ਜਦੋਂ ਉਹ ਉੱਠੀ ਤਾਂ ਉਸ ਦਾ ਬਾਪੂ ਇਸ਼ਨਾਨ ਕਰਕੇ ਬਾਥਰੂਮ ਵਿੱਚੋਂ ਨਿਕਲ ਰਿਹਾ ਸੀ। ਉਹ ਸਿਰ ਤੋਂ ਨੰਗਾ ਸੀ। ਉਹ ਕਾਹਲੀ ਨਾਲ ਬਾਪੂ ਵਾਲੀ ਬੈਠਕ ਵਿੱਚ ਗਈ। ਬਾਪੂ ਦੀ ਪੱਗ ਚੁੱਕ ਕੇ ਉਸ ਦੇ ਸਿਰ 'ਤੇ ਰੱਖਦਿਆਂ ਅੱਖਾਂ ਭਰ ਕੇ ਕਿਹਾ, "ਬਾਪੂ ਤੇਰੀ ਪੱਗ...।" ਉਹ ਅਗਾਂਹ ਕੁਝ ਬੋਲ ਨਾ ਸਕੀ। ਉਸ ਦਾ ਗੱਚ ਭਰ ਆਇਆ ਸੀ।

# ਗੱਲ ਤਾਂ ਜ਼ਮੀਰ ਦੀ ਹੈ



ਲਿਖਤ : ਪ੍ਰਿੰ. ਵਿਜੈ ਕੁਮਾਰ

ਅਜੇ ਕੈਨੇਡਾ ਪਹੁੰਚਿਆਂ ਸਾਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਇੱਕ ਦਿਨ ਪੁੱਤਰ ਨੇ ਕਿਹਾ, "ਪਾਪਾ, ਸਟੋਰ ਤੋਂ ਸਮਾਨ ਲੈਣ ਜਾਣਾ ਹੈ, ਚੱਲੋਂਗੇ?"

ਥੱਕਿਆ ਹੋਣ ਕਰਕੇ ਮੈਂ ਨਾ ਹਾਂ ਕੀਤੀ ਤੇ ਨਾ ਹੀ ਨਾਂਹ। ਪੁੱਤਰ ਫੇਰ ਕਹਿਣ ਲੱਗਾ, "ਚੱਲ ਪਓ, ਇੰਡੀਅਨ ਸਟੋਰ ਹੈ, ਵੇਖ ਆਇਓ ਤੇ ਨਾਲ ਘੁੰਮਣਾ ਫਿਰਨਾ ਹੋ ਜਾਏਗਾ।"

ਮੈਂ ਅਜੇ ਵੀ ਜੱਕੋਂ ਤੱਕੋਂ ਵਿੱਚ ਹੀ ਸੀ ਕਿ ਕਮਰੇ ਵਿੱਚੋਂ ਪਤਨੀ ਬੋਲ ਪਈ, "ਜਾ ਆਓ, ਮੁੰਡੇ ਦੀ ਗੱਲ ਮੰਨ ਲਓ।"

ਅਸੀਂ ਦੋਵੇਂ ਇੰਡੀ ਗਰੋਸਰੀ ਸਟੋਰ ਸਮਾਨ ਲੈਣ ਚਲੇ ਗਏ। ਸਟੋਰ ਵਿੱਚ ਘੁੰਮਦੇ ਲੋਕਾਂ ਤੇ ਕੰਮ ਕਰਦੇ ਪੰਜਾਬੀ ਮੁੰਡਿਆਂ ਕੁੜੀਆਂ ਨੂੰ ਵੇਖਕੇ ਲਗਦਾ ਹੀ ਨਹੀਂ ਸੀ ਕਿ ਮੈਂ ਕੈਨੇਡਾ ਆਇਆ ਹੋਇਆ ਹਾਂ। ਸਟੋਰ ਵਿੱਚ ਪਈਆਂ ਚੀਜ਼ਾਂ ਦੀ ਸਫ਼ਾਈ ਨੂੰ ਵੇਖਕੇ ਮੈਂ ਮਨੋ ਮਨੀ ਸੋਚਣ ਲੱਗ ਪਿਆ ਕਿ ਕੋਈ ਗੱਲ ਤਾਂ ਹੈ ਜਿਸ ਕਰਕੇ ਲੋਕ ਇਸ ਮੁਲਕ ਦੀਆਂ ਗੱਲਾਂ ਕਰਦੇ ਹਨ। ਪੰਜਾਬੀ ਮੁੰਡੇ ਕੁੜੀਆਂ ਨੂੰ ਕੰਮ ਵਿੱਚ ਰੁੱਝੇ ਵੇਖ ਕੇ ਅਤੇ ਉਨ੍ਹਾਂ ਦੀ ਬੋਲ ਬਾਣੀ ਸੁਣ ਮੇਰੇ ਮਨ ਵਿੱਚ ਇਹ ਸਵਾਲ ਆ ਰਿਹਾ ਸੀ ਕਿ ਜੇਕਰ ਇਹ ਬੱਚੇ ਆਪਣੇ ਮੁਲਕ ਵਿੱਚ ਐਨੀ ਹਲੀਮੀ ਨਾਲ ਮਿਹਨਤ ਕਰਨਾ ਸ਼ੁਰੂ ਕਰ ਦੇਣ ਤਾਂ ਸਾਡੇ ਮੁਲਕ ਵਿੱਚ ਕੀ ਮੁੱਕਿਆ ਹੋਇਆ ਹੈ? ਮੈਨੂੰ ਪਤਾ ਵੀ ਨਹੀਂ ਲੱਗਾ ਕਿ ਕਦੋਂ ਪੁੱਤਰ ਨੇ ਟਰਾਲੀ ਵਿੱਚ ਲੋੜੀਂਦਾ ਸਮਾਨ ਪਾ ਲਿਆ। ਸਟੋਰ ਵਿੱਚ ਚੀਜ਼ਾਂ ਖਰੀਦਣ ਆਏ ਲੋਕਾਂ, ਵਿਸ਼ੇਸ਼ ਕਰਕੇ ਗੋਰਿਆਂ ਨਾਲ ਆਪਣੇ ਮੁੰਡੇ ਕੁੜੀਆਂ ਨੂੰ ਫਰਾਟੇਦਾਰ ਅੰਗੇਰਜ਼ੀ ਵਿੱਚ ਗੱਲ ਕਰਦਿਆਂ ਵੇਖ ਕੇ ਮੈਨੂੰ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਸਮਾਨ ਦੀ ਅਦਾਇਗੀ ਕਰਨ ਤੋਂ ਬਾਅਦ ਅਸੀਂ ਗੱਡੀ ਵਿੱਚ ਆਪਣੇ ਘਰ ਨੂੰ ਚੱਲ ਪਏ।

ਸਾਡਾ ਘਰ ਸਟੋਰ ਤੋਂ ਸੱਤ ਕੁ ਕਿਲੋਮੀਟਰ ਦੀ ਦੂਰੀ 'ਤੇ ਸੀ। ਅਸੀਂ ਦੋਵੇਂ ਚੁੱਪ ਸਾਂ। ਮੈਂ ਚੁੱਪ ਤੋੜਦਿਆਂ ਹੋਇਆਂ ਪੁੱਤਰ ਨਾਲ ਗੱਲਬਾਤ ਸ਼ੁਰੂ ਕੀਤੀ। ਉਹ ਕੋਈ ਜਵਾਬ ਦੇਣ ਦੀ ਬਜਾਏ ਹੂੰ-ਹੂੰ ਹੀ ਕਰ ਰਿਹਾ ਸੀ। ਮੈਨੂੰ ਲੱਗਾ ਕਿ ਉਹ ਮੇਰੀ ਗੱਲ ਸੁਣਨੀ ਨਹੀਂ ਚਾਹੁੰਦਾ ਸੀ। ਮੈਨੂੰ ਖਿਝ ਜਿਹੀ ਚੜ੍ਹ ਗਈ। ਮੈਂ ਚੁੱਪ ਚੁਪੀਤੇ ਪੁੱਤਰ ਦਾ ਚਿਹਰਾ ਪੜ੍ਹਨ ਲੱਗਾ। ਪੁੱਤਰ ਇੱਕ ਦਮ ਗੱਡੀ ਇੱਕ ਪਾਸੇ ਲਗਾਕੇ ਡਿੱਗੀ ਖੋਲ੍ਹਕੇ ਸਟੋਰ ਤੋਂ ਲਿਆਂਦਾ ਸਮਾਨ ਅਦਾਇਗੀ ਵਾਲੀ ਲਿਸਟ ਨਾਲ ਮਿਲਾਉਣ ਲੱਗ ਪਿਆ। ਆਪਣੇ ਮਨ ਦੀ ਖਿਝ ਕਾਰਨ ਮੈਂ ਉਸ ਨੂੰ ਕੋਈ ਸਵਾਲ ਨਾ ਕੀਤਾ। ਉਸਨੇ ਇੱਕ ਦਮ ਗੱਡੀ ਮੋੜਦੇ ਹੋਏ ਕਿਹਾ, "ਪਾਪਾ, ਸਾਨੂੰ ਮੁੜ ਸਟੋਰ ਨੂੰ ਜਾਣਾ ਪਵੇਗਾ।"

ਉਸ ਵਾਂਗ ਭਾਵੇਂ ਮੈਂ ਵੀ ਉਸ ਨੂੰ ਵਾਪਸ ਜਾਣ ਦਾ ਕਾਰਣ ਨਹੀਂ ਪੁੱਛਿਆ ਪਰ ਫੇਰ ਵੀ ਮੈਂ ਆਪਣੇ ਮਨ ਵਿੱਚ ਕਿਆਸ ਅਰਾਈਆਂ ਲਗਾਉਂਦਾ ਰਿਹਾ ਕਿ ਉਸਦੇ ਮੁੜਣ ਦਾ ਕੀ ਕਾਰਨ ਹੋ ਸਕਦਾ ਹੈ। ਪਹਿਲਾਂ ਮਨ ਵਿੱਚ ਆਇਆ ਕਿ ਹੋ ਸਕਦਾ ਹੈ ਕਿ ਕੋਈ ਚੀਜ਼ ਲਿਆਉਣ ਤੋਂ ਰਹਿ ਗਈ ਹੋਵੇ. ਫੇਰ ਮਨ ਵਿੱਚ ਆਇਆ ਕਿ ਚੀਜ਼ ਤਾਂ ਫਿਰ ਵੀ ਆ ਜਾਣੀ ਸੀ, ਕਿਤੇ ਪੈਸੇ ਨਾ ਵੱਧ ਦਿੱਤੇ ਗਏ ਹੋਣ। ਫੇਰ ਇੱਕ ਦਮ ਮਨ ਵਿੱਚ ਆਇਆ, ਪੈਸੇ ਕਿਵੇਂ ਵੱਧ ਲਏ ਜਾ ਸਕਦੇ ਨੇ? ਹਿਸਾਬ ਤਾਂ ਕੰਪਿਊਟਰ 'ਤੇ ਹੁੰਦਾ ਹੈ।

ਥੋੜ੍ਹੀ ਦੇਰ ਵਿੱਚ ਹੀ ਅਸੀਂ ਮੁੜ ਸਟੋਰ 'ਤੇ ਪਹੁੰਚ ਗਏ। ਪੁੱਤਰ ਨੇ ਡਿੱਗੀ ਖੋਲ੍ਹਕੇ ਵਿੱਚੋਂ ਇੱਕ ਪੈਕਟ ਕੱਢ ਲਿਆਂਦਾ। ਉਸਦੇ ਹੱਥ ਵਿੱਚ ਪੈਕਟ ਵੇਖਕੇ ਮਨ ਵਿੱਚ ਆਇਆ ਕਿ ਜਾਂ ਤਾਂ ਇਸ ਪੈਕਟ ਦੇ ਪੈਸੇ ਵੱਧ ਲੱਗ ਗਏ ਹੋਣਗੇ ਜਾਂ ਫੇਰ ਬਦਲਕੇ ਕੋਈ ਹੋਰ ਚੀਜ਼ ਲੈਣੀ ਹੋਵੇਗੀ। ਮੈਂ ਮੁੜ ਸਟੋਰ ਅੰਦਰ ਜਾਣਾ ਨਹੀਂ ਚਾਹੁੰਦਾ ਸਾਂ ਪਰ ਵਾਪਸ ਮੁੜ ਆਉਣ ਦਾ ਕਾਰਨ ਜਾਣਨ ਲਈ ਮੈਂ ਵੀ ਨਾਲ ਅੰਦਰ ਚਲਾ ਗਿਆ। ਪੁੱਤਰ ਨੇ ਡਿੱਗੀ ਅੰਦਰੋਂ ਲਿਆਂਦਾ ਪੈਕਟ ਕਾਊਂਟਰ 'ਤੇ ਰੱਖਕੇ ਕਿਹਾ, "ਗਲਤੀ ਨਾਲ ਇਸ ਪੈਕਟ ਦੇ ਪੈਸੇ ਦੇਣ ਤੋਂ ਰਹਿ ਗਏ ਸਨ, ਇਸਦੇ ਪੈਸੇ ਲੈ ਲਓ।"

ਕੰਪਿਊਟਰ 'ਤੇ ਖੜ੍ਹੀ ਕੁੜੀ ਨੇ ਉਸ ਪੈਕਟ ਦੀ ਅਦਾਇਗੀ ਲੈ ਕੇ ਅਣਮੰਨੇ ਜਿਹੇ ਮਨ ਨਾਲ ਸਿਰਫ ਹਲਕੀ ਜਿਹੀ ਆਵਾਜ਼ ਵਿੱਚ ਥੈਂਕ ਯੂ ਹੀ ਕਿਹਾ। ਅਸੀਂ ਗੱਡੀ ਵਿੱਚ ਮੁੜ ਘਰ ਨੂੰ ਤੁਰ ਪਏ। ਹੁਣ ਮੇਰੀ ਹੈਰਾਨੀ ਹੋਰ ਵੀ ਜ਼ਿਆਦਾ ਵਧ ਗਈ ਸੀ ਪਰ ਹੁਣ ਹੈਰਾਨੀ ਦਾ ਕਾਰਨ ਇਹ ਸੀ ਕਿ ਉਸ ਕੁੜੀ ਨੇ ਪੁੱਤਰ ਦੀ ਇਮਾਨਦਾਰੀ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਸੀ। ਜੇਕਰ ਸਾਡੇ ਮੁਲਕ ਵਿੱਚ ਕਿਸੇ ਗਾਹਕ ਨੇ ਐਨੀ ਇਮਾਨਦਾਰੀ ਵਿਖਾਈ ਹੁੰਦੀ ਤਾਂ ਦੁਕਾਨਦਾਰ ਨੇ ਸੌ ਵਾਰ ਗਾਹਕ ਦਾ ਸ਼ੁਕਰਾਨਾ ਕਰਨਾ ਸੀ। ਹੁਣ ਪੁੱਤਰ ਕੁਝ ਕਹਿਣਾ ਚਾਹੁੰਦਾ ਸੀ ਪਰ ਅਜੇ ਵੀ ਮੇਰੇ ਮਨ ਦੀ ਖਿਝ ਗਈ ਨਹੀਂ ਸੀ। ਪੁੱਤਰ ਦੇ ਚਿਹਰੇ ਤੋਂ ਲੱਗਦਾ ਸੀ ਕਿ ਜਿਵੇਂ ਉਸਦੇ ਮਨ ਦਾ ਬੋਝ ਉੱਤਰ ਗਿਆ ਹੋਵੇ।

ਘਰ ਪਹੁੰਚਕੇ ਮੈਂ ਪਤਨੀ ਨੂੰ ਚਾਹ ਬਣਾਉਣ ਲਈ ਕਿਹਾ। ਘਰ ਦੇ ਮਾਹੌਲ ਨੇ ਮਨ ਦਾ ਗੁੱਸਾ ਸ਼ਾਂਤ ਕਰ ਦਿੱਤਾ। ਚਾਹ ਦਾ ਘੁੱਟ ਭਰਦਿਆਂ ਮੈਂ ਪੁੱਤਰ ਨੂੰ ਕਿਹਾ, "ਬੇਟਾ, ਤੇਰੀ ਇਮਾਨਦਾਰੀ ਤੋਂ ਤਾਂ ਮੇਰਾ ਮਨ ਬਹੁਤ ਖੁਸ਼ ਹੈ ਪਰ ਪੈਕਟ ਦੀ ਅਦਾਇਗੀ ਲਈ ਰਸਤੇ ਵਿੱਚੋਂ ਮੁੜਨ ਦੀ ਕੀ ਲੋੜ ਸੀ? ਜਦੋਂ ਸਟੋਰ 'ਤੇ ਦੁਬਾਰਾ ਜਾਂਦਾ, ਅਦਾਇਗੀ ਕਰ ਆਉਂਦਾ।"

ਪੁੱਤਰ ਬੋਲਿਆ, "ਪਾਪਾ, ਸਟੋਰ 'ਤੇ ਪਤਾ ਨਹੀਂ ਕਦੋਂ ਜਾਣਾ ਹੋਣਾ ਸੀ, ਐਨੀ ਦੇਰ ਮੈਥੋਂ ਆਪਣੀ ਇਸ ਗਲਤੀ ਦਾ ਬੋਝ ਨਹੀਂ ਸਿਹਾ ਜਾਣਾ ਸੀ। ਇੱਕ ਗਲਤੀ ਕਰਕੇ ਮੈਂ ਦੂਜੀ ਗਲਤੀ ਨਹੀਂ ਕਰਨਾ ਚਾਹੁੰਦਾ ਸੀ।"

ਮੇਰਾ ਪੁੱਤਰ ਨੂੰ ਅਗਲਾ ਸਵਾਲ ਸੀ, "ਬੇਟਾ, ਕੀ ਸਟੋਰ ਵਾਲਿਆਂ ਨੂੰ ਇਹ ਪਤਾ ਲੱਗ ਜਾਣਾ ਸੀ ਕਿ ਇੱਕ ਪੈਕਟ ਦੀ ਅਦਾਇਗੀ ਰਹਿ ਗਈ ਹੈ, ਉਸ ਕੁੜੀ ਨੇ ਤਾਂ ਤੇਰੀ ਇਮਾਨਦਾਰੀ ਦਾ ਚੰਗੀ ਤਰ੍ਹਾਂ ਧੰਨਵਾਦ ਵੀ ਨਹੀਂ ਕੀਤਾ?"

ਪੁੱਤਰ ਬੋਲਿਆ, "ਪਾਪਾ, ਇਸ ਮੁਲਕ ਵਿੱਚ ਇਹ ਕੋਈ ਬਹੁਤੀ ਵੱਡੀ ਗੱਲ ਨਹੀਂ। ਇੱਥੇ ਸਾਰਾ ਕੁਝ ਵਿਸ਼ਵਾਸ ਪਰ ਹੀ ਚੱਲਦਾ ਹੈ। ਇਸ ਸਟੋਰ ਦਾ ਮਾਲਕ ਕਦੇ ਕਦੇ ਹੀ ਆਉਂਦਾ ਹੈ, ਸਾਰਾ ਸਟੋਰ ਇਹ ਮੁੰਡੇ ਕੁੜੀਆਂ ਹੀ ਸੰਭਾਲਦੇ ਹਨ। ਗੱਲ ਪੈਕਟ ਦੀ ਅਦਾਇਗੀ ਦੀ ਨਹੀਂ ਸੀ, ਗੱਲ ਜ਼ਮੀਰ ਦੀ ਸੀ।"

ਪੁੱਤਰ ਦੀਆਂ ਗੱਲਾਂ ਸੁਣਨ ਤੋਂ ਬਾਅਦ ਮੇਰੇ ਪਾਸ ਕੁਝ ਕਹਿਣ ਨੂੰ ਰਹਿ ਤਾਂ ਨਹੀਂ ਗਿਆ ਸੀ ਪਰ ਮੈਂ ਇਹ ਸੋਚ ਰਿਹਾ ਸਾਂ ਕਿ ਜੇਕਰ ਸਾਡੇ ਮੁਲਕ ਵਿੱਚ ਲੋਕ ਐਨੇ ਇਮਾਨਦਾਰ ਹੋ ਜਾਣ ਤਾਂ ਸਾਡੇ ਮੁਲਕ ਵਿੱਚ ਕਿਸ ਗੱਲ ਦੀ ਕਮੀ ਹੈ।

---

# ਸੋਚ



ਲਿਖਤ : ਸ਼ਵਿੰਦਰ ਕੌਰ, ਸੰਪਰਕ: 76260-63596

ਇਸ ਵਾਰ ਪੇਕੇ ਘਰ ਗਈ ਤਾਂ ਅੱਗੇ ਭੂਆ ਮੁਖਤਿਆਰੋ ਨੂੰ ਆਈ ਬੈਠੀ ਦੇਖ ਕੇ ਖ਼ੁਸ਼ੀ ਦੇ ਨਾਲ ਹੈਰਾਨੀ ਵੀ ਹੋਈ। ਖ਼ੁਸ਼ ਹੋਣ ਦਾ ਕਾਰਨ ਤਾਂ ਭੂਆ ਕੋਲ ਬੈਠ ਕੇ ਬਚਪਨ ਦੀਆਂ ਯਾਦਾਂ ਨੂੰ ਮੁੜ ਤਰੋਤਾਜ਼ਾ ਕਰਨ ਦਾ ਮੌਕਾ ਮਿਲਣਾ ਸੀ। ਹੈਰਾਨੀ ਇਸ ਗੱਲ ਦੀ ਸੀ ਕਿ ਹੁਣ ਜਦੋਂ ਭੂਆ ਦੇ ਗੋਡੇ ਤੁਰਨੋਂ ਆਕੀ ਹੁੰਦੇ ਜਾ ਰਹੇ ਹਨ ਤੇ ਉਹ ਖੂੰਡੀ ਦੇ ਸਹਾਰੇ ਹੀ ਹੌਲੀ ਹੌਲੀ ਕਦਮ ਪੁੱਟਦੀ ਹੈ, ਫਿਰ ਵੀ ਪਤਾ ਨਹੀਂ ਇਸ ਅੰਦਰ ਆਪਣਿਆਂ ਨੂੰ ਮਿਲਣ ਦੀ ਚਾਹਤ ਕਿੰਨੀ ਕੁ ਡੂੰਘੀ ਸਮੋਈ ਹੋਈ ਹੈ, ਇਹ ਕਿਵੇਂ ਨਾ ਕਿਵੇਂ ਤਰੱਦਦ ਕਰ ਕੇ ਆਪਣੀ ਭੂਆ ਦੇ ਘਰ ਪਹੁੰਚ ਜਾਂਦੀ ਹੈ। ਹੁਣ ਨਾ ਤਾਂ ਇਸ ਦੇ ਭੂਆ ਫੁੱਫੜ ਰਹੇ ਹਨ ਤੇ ਨਾ ਹੀ ਭਰਾ ਭਰਜਾਈ। ਅਸਲ 'ਚ ਇਹ ਭੂਆ ਮੇਰੀ ਦਾਦੀ ਦੀ ਭਤੀਜੀ ਹੈ ਜੋ ਬਚਪਨ ਵਿੱਚ ਬਹੁਤਾ ਆਪਣੀ ਭੂਆ ਕੋਲ ਹੀ ਰਹਿੰਦੀ ਰਹੀ। ਬਚਪਨ ਦਾ ਬਣਿਆ ਮੋਹ ਪਿਆਰ ਉਹ ਅੱਜ ਵੀ ਜ਼ਿੰਦਗੀ ਦੇ ਆਖ਼ਰੀ ਪਹਿਰ ਤੱਕ ਆਪਣੇ ਅੰਦਰ ਸਾਂਭੀ ਬੈਠੀ ਹੈ।

ਰਾਤ ਦੀ ਰੋਟੀ ਖਾ ਕੇ ਗੱਲਾਂ ਬਾਤਾਂ ਕਰਦਿਆਂ ਤੋਂ ਹੀ ਭੂਆ ਤਾਂ ਸੌਂ ਗਈ, ਪਰ ਮੈਨੂੰ ਬਚਪਨ ਵਿੱਚ ਦੇਖੇ ਉਸ ਦੇ ਵਿਆਹ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਨੇ ਉਲਝਾ ਲਿਆ। ਯਾਦ ਆ ਰਿਹਾ ਸੀ ਕਿਵੇਂ ਬਚਪਨ ਵਿੱਚ ਉਸ ਦੇ ਵਿਆਹ ਸਮੇਂ ਅਸੀਂ ਸਾਰਾ ਪਰਿਵਾਰ ਬੜੇ ਚਾਅ ਨਾਲ ਗਏ ਸੀ। ਪਹਿਲੀ ਵਾਰ ਉੱਥੇ ਵਿਆਹ ਵਿੱਚ ਆਈਆਂ ਕਾਰਾਂ ਦੇਖੀਆਂ ਸਨ। ਭਾਵੇਂ ਦਾਦੀ ਦੇ ਪੇਕੇ ਵੀ ਸੋਹਣਾ ਗੁਜ਼ਾਰਾ ਕਰਨ ਵਾਲੇ ਸਨ ਕਿਉਂਕਿ ਉਹ ਸੰਜਮ ਨਾਲ ਵਰਤਣ ਵਾਲਾ ਅਤੇ ਦਿਨ ਰਾਤ ਮਿਹਨਤ ਨਾਲ ਕਮਾਈ ਕਰਨ ਵਾਲਾ ਪਰਿਵਾਰ ਸੀ। ਪਰ ਭੂਆ ਦੇ ਸਹੁਰੇ ਤਾਂ ਰਾਜਸਥਾਨ ਵਿੱਚ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਸਨ। ਉਂਝ ਇਸ ਰਿਸ਼ਤੇ ਹੋਣ ਦਾ ਕਾਰਨ ਭੂਆ ਦਾ ਉੱਚੇ ਲੰਮੇ ਕੱਦ-ਕਾਠ ਦੀ ਅਤਿ ਸੋਹਣੀ ਸਨੁੱਖੀ ਹੋਣਾ ਸੀ। ਘਰ ਵਿੱਚ ਪਹਿਲਾਂ ਵਿਆਹ ਹੋਣ ਕਰਕੇ ਸਭ ਰਿਸ਼ਤੇਦਾਰ ਸੱਦੇ ਹੋਣ ਕਰਕੇ ਖ਼ੂਬ ਰੌਣਕਾਂ ਲੱਗੀਆਂ ਸਨ।

ਵਿਆਹ ਤੋਂ ਬਾਅਦ ਭੂਆ ਸਾਨੂੰ ਮਿਲਣ ਆਈ ਤਾਂ ਉਸ ਦੇ ਗੱਲ ਗੱਲ 'ਤੇ ਛਕਣਦੇ ਹਾਸੇ ਤੱਕ ਕੇ ਦੇਖਣ ਵਾਲੇ ਨੂੰ ਅੰਦਾਜ਼ਾ ਹੋ ਜਾਂਦਾ ਸੀ ਕਿ ਉਹ ਆਪਣੇ ਘਰ ਪੂਰੀ ਸੌਖੀ ਹੈ। ਜਦੋਂ ਮਿਲਣ ਆਈ ਉਹ ਦੱਸਦੀ ਕਿ ਉਨ੍ਹਾਂ ਦੇ ਘਰ ਰੋਟੀਆਂ ਪਕਾਉਣ ਤੋਂ ਲੈ ਕੇ ਹਰ ਕੰਮ ਲਈ ਨੌਕਰ ਰੱਖੇ ਹੋਏ ਹਨ ਤਾਂ ਸਾਨੂੰ ਬੜੀ ਹੈਰਾਨੀ ਹੁੰਦੀ। ਸਹੁਰਿਆਂ ਦੀਆਂ ਸਿਫ਼ਤਾਂ ਕਰਦਿਆਂ ਤਾਂ ਜਿਵੇਂ ਉਸ ਨੂੰ ਰੱਜ ਹੀ ਨਹੀਂ ਆਉਂਦਾ ਸੀ। ਮੇਰੀ ਦਾਦੀ ਉਸ ਦੀਆਂ ਗੱਲਾਂ ਸੁਣ ਕੇ ਬੜੀ ਖ਼ੁਸ਼ ਹੁੰਦੀ। ਉਹ ਕਹਿੰਦੀ ਕਿ ਭਾਵੇਂ ਮੇਰੇ ਭਰਾ ਨੇ ਵਿਆਹ 'ਤੇ ਵਿੱਤੋਂ ਵੱਧ ਖਰਚ ਕੀਤਾ ਸੀ, ਚਲੋ ਲਾਇਆ ਰਾਸ ਆ ਗਿਆ ਕੁੜੀ ਆਵਦੇ ਘਰੇ ਸੌਖੀ ਵੱਸਦੀ ਹੈ।

ਫਿਰ ਸੱਤ ਅੱਠ ਸਾਲ ਨਾ ਭੂਆ ਮਿਲਣ ਆਈ ਤੇ ਨਾ ਹੀ ਸਾਡੇ ਪਰਿਵਾਰ ਵਿੱਚੋਂ ਕਿਸੇ ਤੋਂ ਮਿਲਣ ਜਾਇਆ ਗਿਆ। ਫਿਰ ਇੱਕ ਦਿਨ ਜਦੋਂ ਭੂਆ ਆਪਣੀ ਮਾਂ ਨਾਲ ਮਿਲਣ ਆਈ ਤਾਂ ਭੂਆ ਦੇ ਚਿਹਰੇ 'ਤੇ ਪਹਿਲਾਂ ਵਾਲਾ ਜਲੌਅ ਨਹੀਂ ਸੀ। ਉਦਾਸ ਚਿਹਰਾ, ਸੁਭਾਅ ਤੋਂ ਉਲਟ ਚੁੱਪ-ਗੜੁੱਪ ਜਿਵੇਂ ਉਹ ਪਹਿਲਾਂ ਵਾਲੀ ਭੂਆ ਨਾ ਹੋਵੇ। ਉਸ ਨੂੰ ਤੱਕ ਕੇ ਲੱਗਦਾ ਸੀ ਜਿਵੇਂ ਕਿਸੇ ਦੀ ਪੱਕੀ ਫ਼ਸਲ 'ਤੇ ਗੜੇਮਾਰੀ ਹੋ ਗਈ ਹੋਵੇ। ਉਂਝ ਭਾਵੇਂ ਮੈਂ ਸਕੂਲ ਦਾ ਕੰਮ ਕਰ ਰਹੀ ਸੀ, ਪਰ ਮੇਰਾ ਧਿਆਨ ਭੂਆ ਦੀਆਂ ਗੱਲਾਂ ਵੱਲ ਸੀ। ਉਹ ਮੇਰੀ ਮਾਂ ਕੋਲ ਆਪਣਾ ਦੁੱਖ ਫਰੋਲ ਰਹੀ ਸੀ, "ਭਾਬੀ, ਮੇਰੇ ਬੱਚਾ ਕਾਹਦਾ ਨਹੀਂ ਹੋਇਆ ਜਿਵੇਂ ਮੇਰੇ ਨਾਲ ਤਾਂ ਸਾਰੇ ਚਾਅ ਹੀ ਰੁੱਸ ਗਏ। ਘਰ ਵਿੱਚ ਮੇਰੇ ਨਾਲ ਕੋਈ ਸਿੱਧੇ ਮੂੰਹ ਗੱਲ ਨਹੀਂ ਕਰਦਾ। ਮੇਰੀ ਸੱਸ ਤਾਂ ਸਾਰਾ ਦਿਨ ਮਿਹਣੇ ਦੇ ਕੇ ਮੇਰਾ ਜਿਊਣਾ ਦੁੱਭਰ ਕਰੀ ਰੱਖਦੀ ਹੈ। ਆਖੂ ਕਿ ਇਸ ਬਾਂਝ ਕੋਲੋਂ ਕਿੱਥੋਂ ਲਾਲ ਦੀ ਆਸ ਰੱਖਦੈਂ! ਇਹ ਤਾਂ ਇਸ ਘਰ ਦਾ ਦੀਵਾ ਗੁੱਲ ਕਰਨ ਆਈ ਹੈ। ਜਾਇਦਾਦ ਸ਼ਰੀਕਾਂ ਜੋਗੀ ਰਹਿ ਜਾਊ। ਘਰ ਵਿੱਚ ਮੇਰੀ ਕਦਰ ਇੱਕ ਨੌਕਰ ਨਾਲੋਂ ਵੀ ਗਈ ਗੁਜ਼ਰੀ ਹੈ।" "ਬੀਬੀ, ਕਿਸੇ ਡਾਕਟਰ ਨੂੰ ਦਿਖਾਉਣਾ ਸੀ, ਅੱਜਕੱਲ੍ਹ ਤਾਂ ਬਥੇਰੇ ਇਲਾਜ ਚੱਲੇ ਹੋਏ ਹਨ," ਮੇਰੀ ਮਾਂ ਉਸ ਨੂੰ ਦਿਲਾਸਾ ਦਿੰਦਿਆਂ ਕਹਿ ਰਹੀ ਸੀ। "ਮੇਰੀ ਮਾਂ ਨੇ ਬਥੇਰੀਆਂ ਡਾਕਟਰਾਂ ਨੂੰ ਦਿਖਾਇਆ ਹੈ। ਸਭ ਕਹਿੰਦੀਆਂ ਹਨ ਤੇਰੇ ਵਿੱਚ ਕੋਈ ਨੁਕਸ ਨਹੀਂ ਆਪਣੇ ਘਰ ਵਾਲੇ ਨੂੰ ਲੈ ਕੇ ਆ। ਪਰ ਉਹ ਤਾਂ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦਾ। ਉਲਟਾ ਮੇਰੇ ਗਲ ਪੈ ਜਾਂਦਾ ਹੈ ਕਿ ਹੁਣ ਆਪਣੀ ਊਣਤਾਈ ਨੂੰ ਮੇਰੇ ਸਿਰ ਮੜ੍ਹ ਦੇ।" ਬੁਸ ਬੁਸ ਕਰਦੀ ਭੂਆ ਅਗਲੇ ਦਿਨ ਚਲੀ ਗਈ ਸੀ।

ਮੈਂ ਵੀ ਇੱਕ ਦਿਨ ਪੇਕਾ ਘਰ ਛੱਡ ਕੇ ਆਪਣੇ ਸਹੁਰੇ ਘਰ ਆ ਗਈ। ਜਦੋਂ ਪੇਕੇ ਘਰ ਜਾਂਦੀ, ਸੋਚਦੀ ਕਿ ਭੂਆ ਬਾਰੇ ਪੁੱਛਾਂਗੀ, ਪਰ ਹਰ ਵਾਰ ਮਨ 'ਚੋਂ ਗੱਲ ਵਿਸਰ ਜਾਂਦੀ ਮੇਰੀ ਦਾਦੀ ਦੇ ਭੋਗ 'ਤੇ ਭੂਆ ਮਿਲੀ ਤਾਂ ਪਤਾ ਲੱਗਿਆ ਕਿ ਉਸ ਦੇ ਸਰਦਾਰ ਨੇ ਦੂਸਰਾ ਵਿਆਹ ਕਰਵਾ ਲਿਆ ਸੀ, ਪਰ ਬੱਚਾ ਉਸ ਦੀ ਦੂਸਰੀ ਪਤਨੀ ਦੇ ਵੀ ਨਹੀਂ ਹੋਇਆ ਸੀ। ਫਿਰ ਉਸ ਘਰ ਵਿੱਚ ਬਹੁਤੀ ਬੇਕਦਰੀ ਹੁੰਦੀ ਦੇਖ ਕੇ ਉਸ ਨੂੰ ਉਸ ਦਾ ਬਾਪ ਨਾਲ ਲੈ ਆਇਆ ਸੀ। ਉਸ ਦੇ ਅੰਦਰ ਧੀ ਨੂੰ ਆਪਣੇ ਤੋਂ ਉੱਚੇ ਘਰ ਵਿਆਹੁਣ ਦਾ ਪਛਤਾਵਾ ਸੀ ਜਾਂ ਫਿਰ ਧੀ ਦੀ ਆਉਣ ਵਾਲੀ ਜ਼ਿੰਦਗੀ ਦਾ ਫ਼ਿਕਰ, ਉਸ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਆਪਣੇ ਦੋ ਮੁੰਡਿਆਂ ਦੇ ਨਾਲ ਨਾਲ ਭੂਆ ਦੇ ਨਾਂ ਵੀ ਜਿਉਂਦੇ ਜੀਅ ਜ਼ਮੀਨ ਲਗਵਾ ਦਿੱਤੀ ਸੀ ਤਾਂ ਜੋ ਬੁਢਾਪੇ ਵਿੱਚ ਉਹ ਕਿਸੇ ਦੀ ਮੁਥਾਜ ਨਾ ਹੋਵੇ। ਜ਼ਮੀਨ ਦੇ ਲਾਲਚ ਨੂੰ ਉਸ ਦੀ ਸਾਂਭ ਸੰਭਾਲ ਹੁੰਦੀ ਰਹੇ। ਸੋਚਾਂ ਦੇ ਸਮੁੰਦਰ 'ਚ ਗੋਤੇ ਲਾਉਂਦਿਆਂ ਪਤਾ ਹੀ ਨਾ ਲੱਗਿਆ ਮੈਨੂੰ ਵੀ ਕਦੋਂ ਨੀਂਦ ਆ ਗਈ।

ਮੈਂ ਤਾਂ ਰਾਤ ਰਹਿ ਕੇ ਵਾਪਸ ਆਉਣਾ ਸੀ। ਅਗਲੇ ਦਿਨ ਤੁਰਨ ਤੋਂ ਪਹਿਲਾਂ ਰੋਟੀ ਖਾਣ ਤੋਂ ਬਾਅਦ ਸਾਰਾ ਪਰਿਵਾਰ ਕੁਝ ਦੇਰ ਇਕੱਠੇ ਬੈਠ ਕੇ ਗੱਲਾਂ ਕਰਨ ਲੱਗ ਪਏ। ਘਰੇਲੂ ਗੱਲਾਂ ਕਰਦਿਆਂ ਤੋਂ ਪਤਾ ਹੀ ਨਾ ਲੱਗਾ ਕਦੋਂ ਗੱਲਾਂ ਦਾ ਰੁਖ਼ ਰੂਸ ਤੇ ਯੂਕਰੇਨ ਦੀ ਲੜਾਈ ਵੱਲ ਮੁੜ ਗਿਆ ਕਿ ਕਿਵੇਂ ਉੱਥੋਂ ਦੇ ਲੋਕ ਜੰਗ ਕਾਰਨ ਭਿਆਨਕ ਤਬਾਹੀ ਤੇ ਬਰਬਾਦੀ ਦੇ ਪੜਾਅ ਵਿੱਚੋਂ ਗੁਜ਼ਰ ਰਹੇ ਹਨ।

ਵਾਤਾਵਰਣ ਪ੍ਰੇਮੀ ਚਾਚਾ ਕਹਿਣ ਲੱਗਾ, "ਉਂਝ ਤਾਂ ਹਰ ਜੰਗ ਆਪਣੀ ਸਰਵੋਤਮਤਾ ਸਾਬਿਤ ਕਰਨ ਅਤੇ ਰਾਜਸੀ ਚੌਧਰ ਕਾਇਮ ਕਰਨ ਲਈ ਲੜੀ ਜਾਂਦੀ ਹੈ ਜੋ ਦੂਜੇ ਖਿੱਤੇ ਦੇ ਬਰਬਾਦ ਹੋਣ ਦਾ ਕਾਰਨ ਬਣਦੀ ਹੈ। ਜਦੋਂ ਆਹਮਣੇ ਸਾਹਮਣੇ ਹੋ ਕੇ ਲੜਾਈਆਂ ਲੜੀਆਂ ਜਾਂਦੀਆਂ ਸਨ ਤਾਂ ਮਨੁੱਖਤਾ ਦਾ ਘਾਣ ਉਸ ਸਮੇਂ ਵੀ ਹੁੰਦਾ ਹੀ ਸੀ, ਪਰ ਵਾਤਾਵਰਣ ਦੀ ਤਬਾਹੀ ਘੱਟ ਹੁੰਦੀ ਸੀ। ਸਾਇੰਸ ਦੀਆਂ ਕਾਢਾਂ ਨਾਲ ਬਣੇ ਘਾਤਕ ਹਥਿਆਰਾਂ ਨਾਲ ਤਾਂ ਪਲਾਂ ਛਿਣਾਂ ਵਿੱਚ ਹੀ ਹੱਸਦੀ ਵੱਸਦੀ ਮਨੁੱਖਤਾ ਤੇ ਪ੍ਰਕਿਰਤੀ ਤਬਾਹ ਹੋ ਜਾਂਦੀ ਹੈ। ਫਿਰ ਸਦੀਆਂ ਲੱਗ ਜਾਂਦੀਆਂ ਹਨ ਉਸ ਨੂੰ ਵਸਾਉਣ 'ਤੇ।"

ਭੂਆ ਸਾਡੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਉਹ ਬੋਲੀ, "ਮੈਨੂੰ ਇਨ੍ਹਾਂ ਜੰਗਾਂ ਬਾਰੇ ਤਾਂ ਨਹੀਂ ਪਤਾ। ਪਰ ਇੱਕ ਗੱਲ ਦਾ ਜ਼ਰੂਰ ਪਤਾ ਹੈ ਕਿ ਸਾਇੰਸ ਦੀਆਂ ਕਾਢਾਂ ਜੇ ਮਨੁੱਖਤਾ ਦੇ ਭਲੇ ਲਈ ਵਰਤੀਆਂ ਜਾਣ ਤਾਂ ਇਨ੍ਹਾਂ ਦਾ ਕੋਈ ਸਾਨੀ ਨਹੀਂ। ਇਹ ਤਾਂ ਮਨੁੱਖ ਦੀ ਸੋਚ 'ਤੇ ਨਿਰਭਰ ਹੈ ਕਿ ਉਹ ਉਸ ਦੀ ਵਰਤੋਂ ਦੁਨੀਆਂ ਨੂੰ ਹੋਰ ਬਿਹਤਰ ਬਣਾਉਣ ਲਈ ਕਰਦਾ ਹੈ ਜਾਂ ਉਸ ਨੂੰ ਤਬਾਹ ਕਰਨ ਲਈ। ਹੁਣ ਤੁਸੀਂ ਹੀ ਦੇਖ ਲਵੋ ਆਪਣੇ ਘਰ ਰੰਗੀ ਵੱਸਦੀ ਨੂੰ ਬੱਚਾ ਨਾ ਹੋਣ ਕਰਕੇ ਮੈਨੂੰ ਜ਼ਿੰਦਗੀ ਭਰ ਸੋਗੀ ਰੁੱਤ ਹੰਢਾਉਣ ਲਈ ਮਜਬੂਰ ਕਰ ਦਿੱਤਾ। ਤੇ ਹੁਣ ਕੀ ਕਹਿੰਦੇ ਆਹ ਉਹਨੂੰ, ਆਈ.ਵੀ.ਐਫ. ਸ਼ਾਇਦ ਇਹੀ ਕਹਿੰਦੇ ਐ ਜਿਸ ਦੀ ਕਾਢ ਨੇ ਕਰਕੇ ਮੇਰੇ ਵਰਗੀਆਂ ਲੱਖਾਂ ਧੀਆਂ ਨੂੰ ਪੇਕਿਆਂ ਦੇ ਦਰ 'ਤੇ ਬੈਠਣ ਤੋਂ ਰੋਕ ਲਿਆ ਹੈ।" ਭੂਆ ਦੇ ਇਨ੍ਹਾਂ ਲਫ਼ਜ਼ਾਂ ਵਿੱਚੋਂ ਜ਼ਿੰਦਗੀ ਭਰ ਹੰਢਾਇਆ ਦਰਦ ਛਲਕ ਰਿਹਾ ਸੀ।



# ਸਿਹਤ ਸੰਸਾਰ



## ਨੀਂਦ ਨਾ ਆਉਣ ਦੀ ਵੱਧ ਰਹੀ ਸਮੱਸਿਆ




ਲਿਖਤ

ਅਵਤਾਰ ਨਿਊਜ਼ੀਲੈਂਡ
00642139214




ਨੀਂਦ ਨਾ ਆਉਣਾ ਅੰਤਰ ਰਾਸ਼ਟਰੀ ਸਮੱਸਿਆ ਬਣ ਗਈ ਹੈ। ਜਦੋਂ ਦੀ ਦੁਨੀਆਂ ਤੇ ਨੱਠ ਭੱਜ ਵਧੀ ਹੈ ਉਦੋਂ ਤੋਂ ਹੀ ਦੁਨੀਆਂ ਤੇ ਬਹੁਤ ਲੋਕ ਨੀਂਦ ਨਾ ਆਉਣ ਦੀ ਸ਼ਿਕਾਇਤ ਕਰਦੇ ਹਨ ।

ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਤਾਂਘ ਅਤੇ ਰਾਤੋ ਰਾਤ ਅਮੀਰ ਬਣਨ ਦੀ ਇੱਛਾ ਇਨਸਾਨ ਨੂੰ ਅਰਾਮ ਦੀ ਜਿੰਦਗੀ ਜਿਉਣ ਨਹੀਂ ਦਿੰਦੀ। ਇਨਸਾਨ ਫੈਸਲਾ ਹੀ ਨਹੀਂ ਕਰ ਪਾਉਂਦਾ ਕਿ ਉਸ ਨੂੰ ਆਪਣੀ ਜਿੰਦਗੀ ਲਈ ਕੀ ਚਾਹੀਦਾ ਹੈ, ਕਦੋਂ ਚਾਹੀਦਾ ਹੈ ਅਤੇ ਕਿੰਨਾ ਚਾਹੀਦਾ ਹੈ?

ਨੀਂਦ ਨਾ ਆਉਣ ਵਾਲਿਆਂ ਵਿੱਚ ਗਰੀਬ, ਮੱਧ ਵਰਗ ਅਤੇ ਅਮੀਰ ਲੋਕ ਵੀ ਸ਼ਾਮਲ ਹਨ। ਆਪਣਾ ਅਤੇ ਬੱਚਿਆਂ ਦਾ ਵਧੀਆ ਭਵਿੱਖ ਬਣਾਉਣ ਦੀ ਆਸ ਵਿੱਚ ਇਨਸਾਨ ਆਪਣਾ ਵਰਤਮਾਨ ਖਰਾਬ ਕਰ ਲੈਂਦਾ ਹੈ।ਜਦੋਂ ਉਸ ਨੂੰ ਇਸ ਖਰਾਬੀ ਦਾ ਪਤਾ ਲਗਦਾ ਹੈ ਤਾਂ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਭਾਵ ਪੁਲਾਂ ਥੱਲਿਓਂ ਪਾਣੀ ਲੰਘ ਚੁੱਕਾ ਹੁੰਦਾ ਹੈ ਜੋ ਵਾਪਸ ਨਹੀਂ ਮੁੜਨਾ ਹੁੰਦਾ। ਉਸ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ । ਨੀਂਦ ਨਾ ਆਉਣ ਦੇ ਕਈ ਕਾਰਣ ਹੋ ਸਕਦੇ ਹਨ ਪਰ ਮੁੱਖ ਕਾਰਣ ਚਿੰਤਾ/ਫਿਕਰ ਹੁੰਦਾ ਹੈ। ਦਿਮਾਗੀ ਪ੍ਰੇਸ਼ਾਨੀ ਹੋਣਾ, ਕਿਸੇ ਦਵਾਈ ਦਾ ਮਾੜਾ ਅਸਰ ਹੋਣਾ, ਬਹੁਤ ਜਿਆਦਾ ਘੰਟੇ ਕੰਮ ਕਰਨ ਨਾਲ ਨਾ ਸੌਣ ਦੀ ਆਦਤ ਪਾ ਲੈਣੀ, ਸੌਣ ਤੋਂ ਪਹਿਲਾਂ ਮੋਬਾਇਲ ਵਰਤਦੇ ਰਹਿਣਾ, ਸੌਣ ਤੋਂ ਪਹਿਲਾਂ ਕੋਈ ਡਰਾਉਣੀ ਫਿਲਮ ਦੇਖ ਲੈਣੀ, ਜਿਆਦਾ ਮਿਰਚਾਂ ਮਸਾਲਿਆਂ ਵਾਲਾ ਖਾਣਾ ਖਾ ਕੇ ਸੌਣਾ, ਸੌਣ ਤੋਂ ਪਹਿਲਾਂ ਬਹੁਤ ਜਿਆਦਾ ਖਾ ਲੈਣਾ ਜਾਂ ਬਹੁਤ ਭੁੱਖੇ ਹੋਣਾ ਆਦਿ ਨੀਂਦ ਨਾ ਆਉਣ ਦੇ ਕਾਰਣ ਹੁੰਦੇ ਹਨ । ਸੌਣ ਤੋਂ ਪਹਿਲਾਂ ਕਿਸੇ ਨਾਲ ਗੁੱਸੇ ਹੋਣਾ ਜਾਂ ਲੜ ਪੈਣਾ ਰਾਤ ਨੂੰ ਸੌਣ ਨਹੀਂ ਦਿੰਦਾ, ਮੈਗਨੀਜ਼ੀਅਮ ਦੀ ਘਾਟ ਕਰਕੇ ਵੀ ਨੀਂਦ ਨਹੀਂ ਆਉਂਦੀ ਹੈ। ਮੈਗਨੀਜ਼ੀਅਮ ਨਰਵਸ ਸਿਸਟਮ (ਂਇਰਵੌਸ ਸ਼ੇਸਟਇਮ) ਨੂੰ ਸਪੋਰਟ ਕਰਦਾ ਹੈ ਅਤੇ ਘਾਟ ਪੂਰੀ ਹੋਣ ਤੇ ਨੀਂਦ ਆਉਣ ਲੱਗ ਪੈਂਦੀ ਹੈ। ਮੈਗਨੀਜ਼ੀਅਮ ਦੀ ਘਾਟ ਨਾਲ ਰਾਤ ਨੂੰ ਨਾੜਾਂ ਚੜ੍ਹਨ ਦੀ ਸਮੱਸਿਆ ਵੀ ਹੋ ਜਾਂਦੀ ਹੈ ਜਿਸ ਨਾਲ ਵਾਰ ਵਾਰ ਅੱਖ ਖੁੱਲ੍ਹ ਜਾਂਦੀ ਹੈ, ਸੌਣ ਤੋਂ ਪਹਿਲਾਂ ਚਾਹ ਜਾਂ ਕੌਫੀ ਪੀਣ ਨਾਲ ਵੀ ਨੀਂਦ ਨਹੀਂ ਆਉਂਦੀ ਅਤੇ ਪੇਟ ਵਿੱਚ ਗੈਸ ਭਰੇ ਹੋਣ ਨਾਲ ਵੀ ਨੀਂਦ ਨਹੀਂ ਆਉਂਦੀ ।

ਕੁੱਝ ਲੋਕ ਜਦੋਂ ਆਪਣਾ ਕਾਰੋਬਾਰ ਖੋਲ੍ਹ ਲੈਂਦੇ ਹਨ ਤਾਂ ਕੋਸ਼ਿਸ਼ ਕਰਦੇ ਹਨ ਕਿ ਜਿਆਦਾ ਕੰਮ ਖੁਦ ਹੀ ਕੀਤਾ ਜਾਵੇ ਤਾਂ ਕਿ ਕਾਮਿਆਂ ਨੂੰ ਪੈਸੇ ਨਾ ਦੇਣੇ ਪੈਣ ਜਾਂ ਘੱਟ ਦੇਣੇ ਪੈਣ। ਭਾਵ ਉਹ ਬਹੁਤ ਪੈਸਾ ਕਮਾਉਣਾ ਚਾਹੁੰਦੇ ਹਨ ਪਰ ਦੂਜਿਆਂ ਨੂੰ ਦੇਣਾ ਹੀ ਨਹੀਂ ਚਾਹੁੰਦੇ। ਇਸ ਤਰਾਂ ਦਾ ਕਾਰੋਬਾਰ ਉਨ੍ਹਾਂ ਦੀ ਪਰਿਵਾਰਿਕ ਜਿੰਦਗੀ ਵੀ ਤਬਾਹ ਕਰ ਦਿੰਦਾ ਹੈ। ਇੱਕ ਕਹਾਵਤ ਹੈ ਕਿ "ਸੋਨੇ ਨੂੰ ਕੀ ਕਰਨਾ ਜਿਹੜਾ ਕੰਨਾਂ ਨੂੰ ਖਾਵੇ?" ਇਸ ਤਰਾਂ ਦੇ ਕਾਰੋਬਾਰ ਨਾਲੋਂ ਦੂਜੇ ਦੇ ਕੰਮ ਕਰਨਾ ਜਿਆਦਾ ਵਧੀਆ ਰਹਿੰਦਾ ਹੈ।

ਕੁੱਝ ਲੋਕ ਨਰਕ ਸਵਰਗ ਦੀ ਚਿੰਤਾ ਕਰਨ ਲੱਗ ਪੈਂਦੇ ਹਨ ਅਤੇ ਮਨ ਵਿੱਚ ਪਰਲੋਕ ਦਾ ਭਰਮ ਪਾਲਦੇ ਹਨ। ਕਈ ਮਰਨ ਤੋਂ ਬਾਦ ਜਮਾਂ ਦੀ ਮਾਰ ਤੋਂ ਡਰਨ ਦਾ ਭਰਮ ਪਾਲਣ ਲੱਗ ਪੈਂਦੇ ਹਨ। ਕਈਆਂ ਨੂੰ ਅਗਲੇ ਜਨਮ ਦਾ ਫਿਕਰ ਸੌਣ ਨਹੀਂ ਦਿੰਦਾ ਜਦ ਕਿ ਅਗਲਾ ਜਨਮ ਕਿਸੇ ਦਾ ਹੁੰਦਾ ਹੀ ਨਹੀਂ। ਕੁੱਝ ਲੋਕ ਭੂਤਾਂ, ਚੁੜੇਲਾਂ, ਦੇਆਂ ਦੀਆਂ ਕਹਾਣੀਆਂ ਸੁਣਦੇ ਅਤੇ ਪੜ੍ਹਦੇ ਹਨ। ਉਨ੍ਹਾਂ ਨੂੰ ਰਾਤ ਨੂੰ ਉਹ ਕੁੱਝ ਹੀ ਦਿਖਾਈ ਦੇਣ ਲੱਗ ਪੈਂਦਾ ਹੈ ਜੋ ਉਹ ਦਿਨ ਵੇਲੇ ਪੜ੍ਹਦੇ ਜਾਂ ਸੁਣਦੇ ਹਨ। ਉਹ ਇਹ ਸਭ ਯਾਦ ਕਰਕੇ ਵਾਰ ਵਾਰ ਉੱਠਦੇ ਹਨ।

ਨੀਂਦ ਨਾ ਆਉਣਾ ਕਈ ਹੋਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਅਤੇ ਲੰਬਾ ਸਮਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਣਾ ਸਿਹਤ ਲਈ ਮਾੜਾ ਹੁੰਦਾ ਹੈ। ਕਸਰਤ ਕਰਨੀ ਨੀਂਦ ਵਾਸਤੇ ਵਧੀਆ ਹੁੰਦੀ ਹੈ। ਜੇਕਰ ਦਿਨ ਵਿੱਚ 30 ਕੁ ਮਿੰਟ ਹੌਲੀ ਰਫਤਾਰ ਨਾਲ ਜਾਂ ਤੇਜ਼ ਰਫਤਾਰ ਨਾਲ ਦੌੜਦੇ ਹੋ ਤਾਂ ਇਹ ਸੌਣ ਲਈ ਅਤੇ ਸਿਹਤ ਲਈ ਬਹੁਤ ਵਧੀਆ ਹੈ। ਇਹ ਕਸਰਤ ਆਪਣੀ ਉਮਰ ਦੇ ਹਿਸਾਬ ਨਾਲ ਘੱਟ ਵੱਧ ਕੀਤੀ ਜਾ ਸਕਦੀ ਹੈ। ਜੇਕਰ ਇਹ ਕਸਰਤ ਨਹੀਂ ਕਰ ਸਕਦੇ ਤਾਂ ਹੋਰ ਕੋਈ ਵੀ ਕਸਰਤ ਕਰ ਸਕਦੇ ਹੋ । ਸਾਇਕਲ ਚਲਾਉਣਾ ਬਹੁਤ ਵਧੀਆ ਕਸਰਤ ਹੈ ਜਿਸ ਨਾਲ ਗੋਡੇ ਵੀ ਕਾਫੀ ਮਜ਼ਬੂਤ ਰਹਿੰਦੇ ਹਨ ਪਰ ਜਿਵੇਂ ਜਿਵੇਂ ਇਨਸਾਨ ਕੋਲ ਪੈਸਾ ਆਉਂਦਾ ਹੈ ਉਹ ਸਾਇਕਲ ਛੱਡ ਕੇ ਕਾਰਾਂ ਵੱਲ ਭੱਜਦਾ ਹੈ। ਕੁੱਝ ਮੁਲਕਾਂ ਵਿੱਚ ਕਾਰ ਖਰੀਦਣਾ ਮਜ਼ਬੂਰੀ ਹੁੰਦੀ ਹੈ ਪਰ ਭਾਰਤ ਵਰਗੇ ਮੁਲਕ ਵਿੱਚ ਕਾਫੀ ਗਿਣਤੀ ਦਿਖਾਵੇ ਲਈ ਹੀ ਕਾਰਾਂ ਖਰੀਦਦੀ ਹੈ ਜਿਸ ਨਾਲ ਪੈਸੇ ਅਤੇ ਸਿਹਤ ਦੀ ਬਰਬਾਦੀ ਹੁੰਦੀ ਹੈ। ਵੱਡੀ ਉਮਰ ਦੇ ਲੋਕ ਜਿਹੜੇ ਜਿਆਦਾ ਤੁਰ ਜਾਂ ਦੌੜ ਨਹੀਂ ਸਕਦੇ ਉਹ ਮਸਲ ਸਟਰੇਚ (ੁਸਚਲਏ ਸ਼ਟਰਏਟਚਹ) ਕਰਨ ਵਾਲੀਆਂ ਸੌਖੀਆਂ ਕਸਰਤਾਂ ਕਰ ਸਕਦੇ ਹਨ। ਇਨ੍ਹਾਂ ਵਾਸਤੇ ਕੋਈ ਖਰਚਾ ਵੀ ਨਹੀਂ ਆਉਂਦਾ।

ਨੀਂਦ ਨਾ ਆਉਣ ਦੀ ਹਾਲਤ ਵਿੱਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਪਰ ਦਵਾਈਆਂ ਤੋਂ ਬਚਣਾ ਚਾਹੀਦਾ ਹੈ। ਸਭ ਤੋਂ ਵਧੀਆ ਆਪਣੇ ਡਾਕਟਰ ਤੁਸੀਂ ਖੁਦ ਹੁੰਦੇ ਹੋ। ਆਪਣੀ ਨੀਂਦ ਨਾ ਆਉਣ ਦੇ ਕਾਰਣ ਖੁਦ ਲੱਭੋ। ਜਿੰਦਗੀ ਇੱਕ ਵਾਰ ਮਿਲਦੀ ਹੈ। ਇਸ ਦਾ ਵੱਧ ਤੋਂ ਵੱਧ ਅਨੰਦ ਮਾਨਣਾ ਚਾਹੀਦਾ ਹੈ।

## ਤਣਾਅ ਨੇ ਵਧਾ ਦਿੱਤਾ ਹੈ ਮਾਨਸਿਕ ਰੋਗੀਆਂ ਦਾ ਅੰਕੜਾ




ਲਿਖਤ

ਅਨਿਲ ਧੀਰ
647.853.5800


ਵਿਸ਼ਵ ਮਾਨਸਿਕ ਸਿਹਤ ਦਿਵਸ 10 ਅਕਤੂਬਰ ਨੂੰ ਦੁਨੀਆ ਭਰ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਸਾਲ 2013 ਤੋਂ ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਸਿਹਤ ਦਿਵਸ ਲਈ ਇੱਕ ਗਲੋਬਲ ਮੁਹਿਮ ਚਲਾਈ ਹੋਈ ਹੈ। ਇਸ ਮੁਹਿਮ ਦੌਰਾਣ ਵਿਸ਼ਵ ਭਰ ਵਿਚ ਲੋਕਾਂ ਦੀ ਮਾਨਸਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਬਾਰੇ ਵਿਚਾਰ ਕੀਤਾ ਜਾਂਦਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 77%, ਆਰਥਿਕ ਤੰਗੀ 81%, ਸਿਹਤ-ਸੰਬੰਧੀ 75%, ਵਾਤਾਵਰਣ ਤਬਦੀਲੀ 58% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ।ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੇਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ।ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

**ਸਟ੍ਰੈਸ ਘਟਾ ਕੇ ਮਨ ਨੂੰ ਫਿੱਟ ਰੱਖੋ:**

- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੁਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਅਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਓਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੁਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੁਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

ਨੋਟ: ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।

# ਖੇਤੀਬਾੜੀ ਲਈ ਬਣਦਾ ਬਜਟ ਜ਼ਰੂਰੀ ਕਿਉਂ



ਦਵਿੰਦਰ ਸ਼ਰਮਾ

1996 ਦਾ ਸਾਲ ਸੀ। ਚੋਣਾਂ ਦੇ ਨਤੀਜੇ ਆ ਚੁੱਕੇ ਸਨ ਅਤੇ ਅਟਲ ਬਿਹਾਰੀ ਵਾਜਪਾਈ ਨੂੰ ਮਨੋਨੀਤ ਪ੍ਰਧਾਨ ਮੰਤਰੀ ਐਲਾਨ ਦਿੱਤਾ ਗਿਆ ਸੀ। ਇੱਕ ਦੋ ਦਿਨ ਬੀਤੇ ਹੋਣਗੇ ਕਿ ਨਵੀਂ ਦਿੱਲੀ ਵਿੱਚ ਕੁਝ ਉੱਘੇ ਅਰਥ ਸ਼ਾਸਤਰੀਆਂ ਨਾਲ ਬੰਦ ਕਮਰਾ ਮੁਲਾਕਾਤ ਰੱਖੀ ਗਈ। ਮਨੋਨੀਤ ਪ੍ਰਧਾਨ ਮੰਤਰੀ ਦੇ ਨਾ ਪਹੁੰਚ ਸਕਣ ਕਰ ਕੇ ਉਨ੍ਹਾਂ ਦੀ ਥਾਂ ਇੱਕ ਹੋਰ ਪ੍ਰਮੁੱਖ ਆਗੂ ਮੁਰਲੀ ਮਨੋਹਰ ਜੋਸ਼ੀ ਨੇ ਮੀਟਿੰਗ ਦੀ ਸਦਾਰਤ ਕੀਤੀ।

ਅਰਥ ਸ਼ਾਸਤਰੀਆਂ ਨੂੰ ਐੱਨਡੀਏ ਸਰਕਾਰ ਲਈ ਅਜਿਹੀਆਂ ਆਰਥਿਕ ਨੀਤੀਆਂ ਸੁਝਾਉਣ ਦਾ ਕੰਮ ਦਿੱਤਾ ਗਿਆ ਤਾਂ ਕਿ ਸਰਕਾਰ ਨੂੰ ਸੱਤਾ ਵਿਰੋਧ ਦਾ ਸਾਹਮਣਾ ਨਾ ਕਰਨਾ ਪਵੇ। ਮੀਟਿੰਗ ਵਿੱਚ ਹਾਜ਼ਰ ਬਹੁਤੇ ਅਰਥ ਸ਼ਾਸਤਰੀਆਂ ਨੇ ਰਾਜਕੋਸ਼ੀ ਘਾਟੇ ਉੱਪਰ ਕਰੀਬੀ ਨਜ਼ਰ ਰੱਖਣ ਅਤੇ ਚਲੰਤ ਖਾਤਾ ਘਾਟੇ ਨੂੰ ਹੇਠਾਂ ਲਿਆਉਣ ਉੱਪਰ ਜ਼ੋਰ ਦਿੱਤਾ। ਉੱਥੇ ਉਠਾਏ ਗਏ ਮੁੱਦਿਆਂ ਉੱਪਰ ਕਾਫ਼ੀ ਬਹਿਸ ਹੋਈ ਅਤੇ ਬਿਨਾਂ ਸ਼ੱਕ ਰੁਜ਼ਗਾਰ ਪੈਦਾ ਕਰਨ, ਨਿਰਮਾਣ ਵਧਾਉਣ ਅਤੇ ਬਰਾਮਦਾਂ ਨੂੰ ਹੁਲਾਰਾ ਦੇਣ ਜਿਹੇ ਕਈ ਮੁੱਦਿਆਂ ਉੱਪਰ ਵੀ ਕਾਫ਼ੀ ਚਰਚਾ ਹੋਈ। ਜਦੋਂ ਮੈਥੋਂ ਪੁੱਛਿਆ ਗਿਆ ਕਿ ਕਿਹੜੀ ਨੀਤੀ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਤਾਂ ਮੇਰਾ ਜਵਾਬ ਸੀ ਕਿ ਖੇਤੀਬਾੜੀ ਵਿੱਚ ਲੱਗੀ 60 ਫ਼ੀਸਦੀ ਆਬਾਦੀ ਲਈ 60 ਫ਼ੀਸਦੀ ਬਜਟ ਦੇਣਾ ਚਾਹੀਦਾ ਹੈ। ਮੇਰੇ ਕਈ ਸਾਥੀ ਇਸ ਨਾਲ ਸਹਿਮਤ ਨਾ ਹੋਏ। ਕੁਝ ਨੇ ਤਾਂ ਚਿਤਾਵਨੀ ਵਾਲੀ ਸੁਰ ਵਿੱਚ ਆਖਿਆ ਕਿ ਜੇ ਖੇਤੀਬਾੜੀ ਲਈ 60 ਫ਼ੀਸਦੀ ਬਜਟ ਰੱਖਿਆ ਜਾਂਦਾ ਹੈ ਤਾਂ ਅਰਥਚਾਰਾ ਤਬਾਹ ਹੋ ਜਾਵੇਗਾ। ਸਨਅਤ ਅਤੇ ਨਿਰਮਾਣ ਖੇਤਰ ਲਈ ਹੋਰ ਜ਼ਿਆਦਾ ਰਕਮਾਂ ਰੱਖਣ 'ਤੇ ਜ਼ੋਰ ਦਿੱਤਾ ਗਿਆ ਕਿ ਇਸ ਤਰ੍ਹਾਂ ਹੀ ਉਚੇਰਾ ਆਰਥਿਕ ਵਿਕਾਸ ਹੋਵੇਗਾ।

ਬਹਰਹਾਲ, ਮੈਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਨਵੀਂ ਤਰਜ਼ ਅਤੇ ਆਰਥਿਕ ਸੋਚ ਅਪਣਾਉਣ ਦਾ ਸਮਾਂ ਆ ਗਿਆ ਹੈ ਅਤੇ ਜਿੰਨੀ ਦੇਰ ਖੇਤੀਬਾੜੀ ਲਈ ਢੁਕਵਾਂ ਬਜਟ ਨਹੀਂ ਰੱਖਿਆ ਜਾਂਦਾ, ਓਨੀ ਦੇਰ ਦੇਸ਼ ਵਿੱਚ ਬਹੁਪੱਖੀ ਵਿਕਾਸ ਸੰਭਵ ਨਹੀਂ ਹੋ ਸਕੇਗਾ। ਮੈਂ ਜਾਣਦਾ ਸੀ ਕਿ ਮੇਰੀ ਤਜਵੀਜ਼ ਮੁੱਖਧਾਰਾ ਦੀ ਆਰਥਿਕ ਸੋਚ ਨੂੰ ਹਜ਼ਮ ਨਹੀਂ ਹੋਵੇਗੀ ਪਰ ਮੇਰੀ ਇਹ ਸਮਝ ਸੀ ਕਿ ਸੱਤਾ ਵਿਰੋਧ ਦੀਆਂ ਪੀੜਾਂ ਤੋਂ ਬਚਣ ਦਾ ਇੱਕਮਾਤਰ ਰਾਹ ਇਹੀ ਸੀ ਕਿ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਵਿੱਚ ਵੱਡੇ ਦਿਲ ਨਾਲ ਨਿਵੇਸ਼ ਕੀਤਾ ਜਾਵੇ। ਅਖ਼ੀਰ ਵਿੱਚ ਜੋਸ਼ੀ ਹੁਰਾਂ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ ਕਿ ਉਹ ਸਾਡੇ ਵਿਚਾਰ ਪ੍ਰਧਾਨ ਮੰਤਰੀ ਤੱਕ ਪੁੱਜਦੇ ਕਰ ਦੇਣਗੇ।

ਕੁਝ ਦਿਨਾਂ ਬਾਅਦ ਮੈਂ ਬਹੁਤ ਹੈਰਾਨ ਹੋਇਆ ਜਦੋਂ ਨਵੀਂ ਸਰਕਾਰ ਨੇ ਖੇਤੀਬਾੜੀ ਲਈ 60 ਫ਼ੀਸਦੀ ਬਜਟ ਮੁਹੱਈਆ ਕਰਾਉਣ ਦਾ ਆਪਣਾ ਇਰਾਦਾ ਉਜਾਗਰ ਕਰ ਦਿੱਤਾ। ਇਸ ਨਾਲ ਮੀਡੀਆ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ ਕਿ ਖੇਤੀਬਾੜੀ ਲਈ ਐਨੇ ਵਸੀਲੇ ਝੋਕਣ ਦੀ ਕੀ ਲੋੜ ਹੈ ਤੇ ਨਾਲ ਹੀ ਕੁਝ ਮਾਹਿਰਾਂ ਨੇ ਤਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਸ ਨਾਲ ਅਰਥਚਾਰੇ ਦੇ ਪੁੱਠੇ ਦਿਨ ਆ ਜਾਣਗੇ ਪਰ ਮੇਰਾ ਤਰਕ ਸੀ ਕਿ ਇਹ ਉੱਚ ਪੱਧਰੇ ਵਿਕਾਸ ਦੀ ਪਰਵਾਜ਼ ਦੀ ਨਿਸ਼ਾਨੀ ਹੈ ਅਤੇ ਪਿੰਡਾਂ ਵਿੱਚ ਰਹਿੰਦੀ ਆਪਣੀ ਦੋ ਤਿਹਾਈ ਆਬਾਦੀ ਨੂੰ ਪਿਛਾਂਹ ਛੱਡ ਦੇਣਾ ਭਾਰਤ ਨੂੰ ਵਾਰਾ ਨਹੀਂ ਖਾ ਸਕਦਾ। ਇਸ ਨੂੰ ਸਾਕਾਰ ਕਰਨ ਲਈ ਅਤੇ ਜੌਨ ਰਾਓਲ ਦੇ ਵਾਜਬੀਅਤ ਤੇ ਨਿਆਂ ਦੇ ਅਸੂਲ ਮੁਤਾਬਿਕ ਨੀਤੀਗਤ ਉੱਦਮ ਇਹ ਹੋਣਾ ਚਾਹੀਦਾ ਹੈ ਕਿ ਮਨੁੱਖੀ ਪੂੰਜੀ ਨਿਵੇਸ਼, ਖੇਤੀਬਾੜੀ ਅਤੇ ਕਿਸਾਨੀ ਨੂੰ ਮੁੜ ਪੈਰਾਂ 'ਤੇ ਖੜ੍ਹੇ ਕਰਨ ਅਤੇ ਸਿਹਤ ਤੇ ਸਿਖਿਆ ਖੇਤਰਾਂ ਸਣੇ ਦਿਹਾਤੀ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਭਰਵੇਂ ਮਾਲੀ ਸਾਧਨ ਜੁਟਾਏ ਜਾਣ ਅਤੇ ਇਸੇ ਦੌਰਾਨ ਦਿਹਾਤੀ ਅਰਥਚਾਰੇ ਵਿੱਚ ਨਵੀਂ ਰੂਹ ਫੂਕੀ ਜਾਵੇ। ਸੰਖੇਪ ਵਿੱਚ ਆਰਥਿਕ ਸੋਚ ਅਤੇ ਪਹੁੰਚ ਵਿੱਚ ਬੁਨਿਆਦੀ ਤਬਦੀਲੀ ਲਿਆ ਕੇ ਪ੍ਰਧਾਨ ਮੰਤਰੀ ਵੱਲੋਂ ਹੁਣ ਜਿਸ 'ਸਬਕਾ ਸਾਥ, ਸਬਕਾ ਵਿਕਾਸ' ਦੀ ਗੱਲ ਕੀਤੀ ਜਾ ਰਹੀ ਹੈ, ਉਸ ਦੀ ਰੂਪ-ਰੇਖਾ ਉਲੀਕੀ ਜਾ ਸਕਦੀ ਹੈ।

ਉਂਝ, ਵਾਜਪਾਈ ਸਰਕਾਰ ਸਿਰਫ਼ 13 ਦਿਨ ਤੱਕ ਚੱਲ ਸਕੀ ਸੀ ਜਿਸ ਕਰ ਕੇ ਉਹ ਇਸ ਪਰਿਵਰਤਨਕਾਰੀ ਵਿਚਾਰ ਦਾ ਮਜ਼ਬੂਤ ਆਧਾਰ ਵੀ ਵਿੱਚੇ ਹੀ ਗੁਆਚ ਗਿਆ। ਇਹ ਗੱਲਾਂ ਸਾਂਝੀਆਂ ਕਰਨ ਦਾ ਮੇਰਾ ਮਕਸਦ ਇਹ ਹੈ ਕਿ ਖੇਤੀਬਾੜੀ ਲਈ ਕੁੱਲ ਬਜਟ ਘਟ ਰਿਹਾ ਹੈ। ਇਹ ਚਿੰਤਾਜਨਕ ਪੱਧਰ ਤੱਕ ਘਟ ਗਿਆ ਹੈ ਹਾਲਾਂਕਿ ਖੇਤੀਬਾੜੀ ਵਿੱਚ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। 2019-20 ਵਿੱਚ ਖੇਤੀਬਾੜੀ ਬਜਟ 5.44 ਫ਼ੀਸਦੀ ਸੀ ਜੋ 2024-25 ਦੇ ਬਜਟ ਵਿੱਚ ਖੇਤੀਬਾੜੀ ਲਈ ਰੱਖਿਆ ਗਿਆ ਬਜਟ ਘਟ ਕੇ 3.15 ਫ਼ੀਸਦੀ ਰਹਿ ਗਿਆ ਹੈ। ਇਹ ਜਾਣਨ 'ਤੇ ਕਿ ਸਿਆਸੀ ਤੇ ਆਰਥਿਕ ਪੱਖ (ਜ਼ਿਆਦਾਤਰ ਵੱਡੇ ਕਾਰੋਬਾਰਾਂ ਦੇ ਪ੍ਰਭਾਵ ਹੇਠ) ਸਰੋਤਾਂ ਦੀ ਵੰਡ 'ਤੇ ਭਾਰੂ ਹਨ, ਫ਼ਰਕ ਪ੍ਰਤੱਖ ਨਜ਼ਰ ਆਉਂਦੇ ਹਨ। ਹੈਰਾਨੀ ਨਹੀਂ ਹੁੰਦੀ ਕਿ 42.3 ਪ੍ਰਤੀਸ਼ਤ ਆਬਾਦੀ ਖੇਤੀਬਾੜੀ 'ਚ ਲੱਗੀ ਹੋਣ ਦੇ ਬਾਵਜੂਦ ਇਸ ਦਾ ਵਾਧਾ ਮੌਜੂਦਾ ਸਮੇਂ 1.4 ਪ੍ਰਤੀਸ਼ਤ ਦੇ ਇਰਦ-ਗਿਰਦ ਘੁੰਮ ਰਿਹਾ ਹੈ। ਇਸ ਤੋਂ ਵੀ ਬਦਤਰ, ਔਸਤਨ ਖੇਤੀ ਆਮਦਨੀ ਗਹਿਰੇ ਘਾਟੇ ਵੱਲ ਵਧ ਰਹੀ ਹੈ। ਅਸਲ ਦਿਹਾਤੀ ਉਜਰਤਾਂ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਸਥਿਰ ਹਨ। ਖੇਤੀ 'ਚ ਇਸ ਲਗਾਤਾਰ ਗੰਭੀਰ ਤੰਗੀ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ; ਜਿਵੇਂ ਮੈਂ ਪਹਿਲਾਂ ਵੀ ਅਕਸਰ ਕਿਹਾ ਹੈ, ਇਹ ਇਸ ਕਰ ਕੇ ਹੈ ਕਿਉਂਕਿ ਖੇਤੀ ਨੂੰ ਜਾਣਬੁੱਝ ਕੇ ਕਮਜ਼ੋਰ ਰੱਖਿਆ ਗਿਆ ਹੈ।

ਕਈ ਅਧਿਐਨ ਦੱਸਦੇ ਹਨ ਕਿ ਜੇ ਕਿਸਾਨਾਂ ਨੂੰ ਹੋਰ ਬਦਲ ਮਿਲਣ ਤਾਂ ਲਗਭਗ 60 ਪ੍ਰਤੀਸ਼ਤ ਕਿਸਾਨ ਖੇਤੀਬਾੜੀ ਛੱਡਣਾ ਚਾਹੁੰਦੇ ਹਨ; ਤੇ ਜੇ ਤੁਸੀਂ ਸੋਚ ਰਹੇ ਹੋ ਕਿ ਭਾਰਤ ਕਿਸਾਨਾਂ ਦੀ ਕਾਰਗੁਜ਼ਾਰੀ ਇੰਨੀ ਮਾੜੀ ਕਿਵੇਂ ਹੈ; ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓਈਸੀਡੀ) ਦੇ ਹਾਲੀਆ ਅਧਿਐਨ ਵਿੱਚ ਕੁਝ ਠੋਸ ਸੂਚਕ ਹਨ ਜੋ ਦੱਸਦੇ ਹਨ ਕਿ ਕਿਸ ਚੀਜ਼ ਨੇ ਖੇਤੀਬਾੜੀ ਦੇ ਨਿਘਾਰ ਵਿੱਚ ਯੋਗਦਾਨ ਪਾਇਆ ਹੈ। ਅਧਿਐਨ ਭਾਰਤੀ ਖੇਤੀਬਾੜੀ ਨੂੰ ਸਭ ਤੋਂ ਹੇਠਾਂ ਦਿਖਾਉਂਦਾ ਹੈ ਜਿਸ ਨੂੰ 2022 ਵਿੱਚ 'ਨੈਗੇਟਿਵ' ਕੁੱਲ ਖੇਤੀ ਲਾਭ (ਮਨਫ਼ੀ 20.18) ਮਿਲਿਆ ਹੈ। ਭਾਰਤ 54 ਵੱਡੇ ਅਰਥਚਾਰਿਆਂ ਵਿੱਚੋਂ ਇੱਕੋ-ਇੱਕ ਮੁਲਕ ਹੈ ਜਿੱਥੇ ਖੇਤੀ ਘਾਟਿਆਂ ਨੂੰ ਪੂਰਨ ਲਈ ਮਾਇਕ ਮਦਦ ਵਿੱਚ ਵਾਧਾ ਨਹੀਂ ਕੀਤਾ ਗਿਆ।

ਇਸ ਦਾ ਹਾਲਾਂਕਿ ਵੱਡਾ ਲਾਭਕਾਰੀ ਅਰਥ ਹੁੰਦਾ ਜੇਕਰ ਖੇਤੀਬਾੜੀ ਨੂੰ ਗੁਜ਼ਰੇ ਸਾਲਾਂ ਦੌਰਾਨ ਆਬਾਦੀ ਵਿੱਚ ਇਸ ਦੇ ਯੋਗਦਾਨ ਦੇ ਮੁਤਾਬਿਕ ਵੱਧ ਤੋਂ ਵੱਧ ਸਰੋਤ ਉਪਲਬਧ ਕਰਾਏ ਗਏ ਹੁੰਦੇ। ਇਸ 'ਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਸਰੋਤਾਂ ਦੀ ਘਟਦੀ ਜਾਂਦੀ ਵੰਡ ਦੇ ਨਾਲ, ਖੇਤੀਬਾੜੀ ਵਿੱਚ ਕਿਸੇ ਚਮਤਕਾਰ ਦੀ ਯਕੀਨੀ ਤੌਰ 'ਤੇ ਕੋਈ ਆਸ ਨਹੀਂ ਕੀਤੀ ਜਾ ਸਕਦੀ। ਜੇ 1996 ਵਿੱਚ ਉਸ ਵੇਲੇ ਦੀ ਐੱਨਡੀਏ ਸਰਕਾਰ ਖੇਤੀਬਾੜੀ ਤੇ ਦਿਹਾਤੀ ਵਿਕਾਸ ਲਈ ਬਜਟ ਦਾ 60 ਫ਼ੀਸਦੀ ਹਿੱਸਾ ਦੇਣਾ ਮੰਨ ਜਾਂਦੀ, ਤੇ ਇਹ ਜਾਰੀ ਰਿਹਾ ਹੁੰਦਾ ਤਾਂ ਭਾਰਤ ਦਾ ਦਿਹਾਤੀ ਦ੍ਰਿਸ਼ ਹੁਣ ਤੱਕ ਪੂਰੀ ਤਰ੍ਹਾਂ ਬਦਲ ਗਿਆ ਹੁੰਦਾ।


ਹੁਣ ਵੀ ਖੇਤੀਬਾੜੀ ਨਾਲ ਜੁੜੀ ਭਾਵੇਂ ਆਬਾਦੀ ਘਟ ਕੇ 42.3 ਪ੍ਰਤੀਸ਼ਤ ਰਹਿ ਗਈ ਹੈ, ਫਿਰ ਵੀ ਕਈ ਠੋਸ ਕਾਰਨ ਹਨ ਜੋ ਇਹ ਯਕੀਨੀ ਬਣਾਉਣ ਦੀ ਮੰਗ ਕਰਦੇ ਹਨ ਕਿ 48 ਲੱਖ ਕਰੋੜ ਰੁਪਏ ਦੇ ਸਾਲਾਨਾ ਬਜਟ ਦਾ 50 ਪ੍ਰਤੀਸ਼ਤ ਖੇਤੀਬਾੜੀ ਤੇ ਦਿਹਾਤੀ ਖੇਤਰਾਂ ਲਈ ਰੱਖਿਆ ਜਾਵੇ। ਇਹ ਸ਼ਾਇਦ, ਨਵੀਆਂ ਚਾਰ 'ਜਾਤੀਆਂ' ਤੱਕ ਪਹੁੰਚ ਕਰਨ ਦਾ ਸਭ ਤੋਂ ਵਧੀਆ ਢੰਗ ਹੈ ਜਿਨ੍ਹਾਂ ਨੂੰ ਗ਼ਰੀਬ, ਮਹਿਲਾਵਾਂ, ਯੁਵਾ ਤੇ ਅੰਨਦਾਤਾ (ਕਿਸਾਨ) ਕਿਹਾ ਗਿਆ ਹੈ। ਖੇਤੀਬਾੜੀ, ਅਸਲ ਵਿੱਚ ਹਰੇਕ ਤਰ੍ਹਾਂ ਦੇ ਜਾਤੀ ਪ੍ਰਬੰਧਾਂ ਨੂੰ ਰੁਜ਼ਗਾਰ ਦਿੰਦੀ ਹੈ। ਖੇਤੀ ਲਈ ਲੋੜੀਂਦੇ ਸਰੋਤ ਵਰਤਣ ਨਾਲ ਨਾ ਸਿਰਫ਼ ਕਾਰਗੁਜ਼ਾਰੀ ਨਿਖਰਦੀ ਹੈ ਤੇ ਟਿਕਾਊ ਰੁਜ਼ਗਾਰ ਵਿਕਸਿਤ ਹੁੰਦੇ ਹਨ ਬਲਕਿ ਨਾਲ ਹੀ ਨਵੇਂ ਉੱਦਮਾਂ ਦੀ ਭਾਵਨਾ ਨੂੰ ਵੀ ਹੁਲਾਰਾ ਮਿਲਦਾ ਹੈ। ਵਿਸ਼ਵ ਬੈਂਕ ਵੀ ਕਿਤੇ ਨਾ ਕਿਤੇ ਇਹ ਮੰਨਦੀ ਹੈ ਕਿ ਖੇਤੀ 'ਚ ਢੁੱਕਵਾਂ ਨਿਵੇਸ਼ ਸੰਸਾਰ ਦੇ 75 ਪ੍ਰਤੀਸ਼ਤ ਗ਼ਰੀਬਾਂ ਦੀ ਗ਼ਰੀਬੀ ਨੂੰ ਘਟਾ ਸਕਦਾ ਹੈ। ਅਜਿਹੇ ਸਮੇਂ ਜਦੋਂ ਸੰਸਾਰ ਦੀ ਸਭ ਤੋਂ ਅਮੀਰ ਇੱਕ ਪ੍ਰਤੀਸ਼ਤ ਆਬਾਦੀ ਨੇ ਹੇਠਲੀ 95 ਪ੍ਰਤੀਸ਼ਤ ਆਬਾਦੀ ਨਾਲੋਂ ਵੱਧ ਸੰਪਤੀ ਜੋੜ ਲਈ ਹੈ, ਵਿੱਤੀ ਥਿਊਰੀਆਂ ਨਾਲ ਝੂਟਦੇ ਰਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਜਿਨ੍ਹਾਂ ਨਾ-ਬਰਾਬਰੀ ਨੂੰ ਹੋਰ ਵੀ ਬਦਤਰ ਕਰ ਦਿੱਤਾ ਹੈ। ਇਸ ਲਈ ਭਾਰਤ ਨੂੰ ਆਪਣੀ ਕਹਾਣੀ ਆਪ ਲਿਖਣ ਦੀ ਲੋੜ ਹੈ ਤੇ ਇਹ ਸਭ ਕੁਝ ਖੇਤੀਬਾੜੀ 'ਚ ਫਿਰ ਤੋਂ ਊਰਜਾ ਭਰਨ ਨਾਲ ਹੀ ਆਰੰਭ ਹੋਵੇਗਾ।

# ਵਰਣਮਾਲਾ ਅਤੇ ਅੱਖਰਬੋਧ

ਲਿਖਤ : ਅਮਰਜੀਤ ਸਿੰਘ ਫ਼ੌਜੀ, ਸੰਪਰਕ: 94174-04804

ਮਾਰਚ ਦੇ ਮਹੀਨੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪਹਿਲੀ ਜਮਾਤ ਦੇ ਬੱਚਿਆਂ ਦੇ ਦਾਖਲੇ ਹੋ ਗਏ ਸਨ ਅਤੇ ਬੱਚਿਆਂ ਦੀ ਗਿਣਤੀ ਕਾਫ਼ੀ ਹੋ ਚੁੱਕੀ ਸੀ। ਮੁੱਖ ਅਧਿਆਪਕ ਵੱਲੋਂ ਸਾਰੇ ਦੂਜੇ ਅਧਿਆਪਕਾਂ ਨੂੰ ਦਫਤਰ ਵਿੱਚ ਬੁਲਾ ਕੇ ਜਮਾਤਾਂ ਦੀ ਵੰਡ ਕਰਦੇ ਹੋਏ ਦੱਸਿਆ ਗਿਆ ਕਿ ਪਹਿਲੀ ਜਮਾਤ ਨੂੰ ਹਰਦੀਪ ਸਿੰਘ ਪੜ੍ਹਾਏਗਾ, ਦੂਜੀ ਨੂੰ ਸਰਵਣ ਸਿੰਘ, ਤੀਜੀ ਨੂੰ ਗੁਰਦੇਵ ਸਿੰਘ, ਚੌਥੀ ਨੂੰ ਹਰਜੀਤ ਕੌਰ ਅਤੇ ਪੰਜਵੀਂ ਜਮਾਤ ਨੂੰ ਮੈਂ ਖ਼ੁਦ ਪੜ੍ਹਾਵਾਂਗਾ। ਅੱਜ ਤੁਸੀਂ ਆਪਣੀ ਆਪਣੀ ਜਮਾਤ ਦੇ ਬੱਚਿਆਂ ਨਾਲ ਜਾਣ ਪਛਾਣ ਕਰ ਕੇ ਕਿਤਾਬਾਂ ਦੀ ਵੰਡ ਕਰ ਦਿਓ ਅਤੇ ਨਵੇਂ ਦਾਖਲ ਹੋਏ ਪਹਿਲੀ ਜਮਾਤ ਦੇ ਬੱਚਿਆਂ ਨੂੰ ਵੀ ਨਵੇਂ ਕਾਇਦੇ ਵੰਡ ਦਿਓ ਅਤੇ ਕੱਲ੍ਹ ਤੋਂ ਪੱਕੇ ਰਜਿਸਟਰ 'ਤੇ ਹਾਜ਼ਰੀ ਲਗਾ ਕੇ ਪੜ੍ਹਾਈ ਸ਼ੁਰੂ ਕਰ ਦਿੱਤੀ ਜਾਵੇ। ਸਾਰੇ ਅਧਿਆਪਕਾਂ ਨੇ ਆਪਣੀ ਆਪਣੀ ਜਮਾਤ ਵਿੱਚ ਜਾ ਕੇ ਬੱਚਿਆਂ ਦੇ ਨਾਮ ਰਜਿਸਟਰ 'ਤੇ ਲਿਖੇ ਅਤੇ ਕਿਤਾਬਾਂ ਵੰਡ ਦਿੱਤੀਆਂ। ਹਰਦੀਪ ਮਾਸਟਰ ਨੇ ਵੀ ਪਹਿਲੀ ਜਮਾਤ ਨੂੰ ਕਾਇਦੇ ਵੰਡ ਦਿੱਤੇ ਅਤੇ ਬੱਚਿਆਂ ਨਾਲ ਗੱਲਾਂ ਬਾਤਾਂ ਕਰਦੇ ਕਰਦੇ ਸਾਰੀ ਛੁੱਟੀ ਦਾ ਸਮਾਂ ਹੋਣ 'ਤੇ ਉਸ ਨੇ ਬੱਚਿਆਂ ਨੂੰ ਕਿਹਾ, "ਬੱਚਿਓ, ਹੁਣ ਛੁੱਟੀ ਦਾ ਸਮਾਂ ਹੋ ਗਿਆ ਹੈ ਤੁਸੀਂ ਹੌਲੀ ਹੌਲੀ ਆਰਾਮ ਨਾਲ ਘਰ ਨੂੰ ਜਾਓ ਅਤੇ ਕੱਲ੍ਹ ਨੂੰ ਸਮੇਂ ਸਿਰ ਸਕੂਲ ਆਉਣਾ ਹੈ। ਕਾਇਦੇ ਵੀ ਨਾਲ ਲੈ ਕੇ ਆਉਣੇ ਹਨ। ਆਪਾਂ ਕੱਲ੍ਹ ਤੋਂ ਪੜ੍ਹਾਈ ਸ਼ੁਰੂ ਕਰਾਂਗੇ।" ਇਸ ਦੇ ਨਾਲ ਹੀ ਛੁੱਟੀ ਦੀ ਘੰਟੀ ਵੱਜ ਗਈ।

ਅਗਲੇ ਦਿਨ ਸਾਰੇ ਬੱਚੇ ਪ੍ਰਾਰਥਨਾ ਕਰਨ ਤੋਂ ਬਾਅਦ ਆਪਣੀ ਆਪਣੀ ਜਮਾਤ ਵਿੱਚ ਪਹੁੰਚ ਗਏ ਅਤੇ ਅਧਿਆਪਕ ਵੀ ਜਮਾਤਾਂ ਵਿੱਚ ਪਹੁੰਚ ਗਏ।



ਮਾਸਟਰ ਹਰਦੀਪ ਸਿੰਘ ਨੇ ਪਹਿਲੀ ਜਮਾਤ ਨੂੰ ਪਹਿਲੇ ਇੱਕ ਹਫ਼ਤੇ ਵਿੱਚ ਹੀ ਗੁਰਮੁਖੀ ਪੈਂਤੀ ਦੀ ਵਰਨਮਾਲਾ ਯਾਦ ਕਰਵਾ ਦਿੱਤੀ ਅਤੇ ਅਗਲੇ ਹਫ਼ਤੇ ਕਾਇਦੇ ਤੋਂ ਅੱਖਰਬੋਧ ਪੜ੍ਹਾਉਣ ਲੱਗਾ। ਬੋਲੋ ਬੱਚਿਓ ਊੜਾ ਊਠ, ਐੜਾ ਅੰਬ, ਈੜੀ ਇੱਟ, ਇਸ ਤਰ੍ਹਾਂ ਸਾਰੀ ਪੈਂਤੀ ਪੜ੍ਹਾ ਦਿੱਤੀ। ਅਗਲੇ ਦਿਨ ਬੱਚਿਆਂ ਕੋਲੋਂ ਸੁਣਨ ਲੱਗਾ। ਇੰਨੇ ਨੂੰ ਜਮਾਤ ਵਿੱਚੋਂ ਇੱਕ ਬੱਚਾ ਸੁਖਮਨ ਉੱਠਿਆ ਅਤੇ ਤੋਤਲੀ ਜਿਹੀ ਭਾਸ਼ਾ ਵਿੱਚ ਕਹਿਣ ਲੱਗਾ, "ਮਾਸਟਰ ਜੀ, ਇਹ ਊੜਾ ਊਠ ਕੀ ਹੁੰਦਾ ਹੈ ਜੀ?" ਮਾਸਟਰ ਕਹਿੰਦਾ, "ਇਹ ਊਠ ਇੱਕ ਬਹੁਤ ਵੱਡਾ ਤਾਕਤਵਰ ਪਸ਼ੂ ਹੁੰਦਾ ਹੈ ਜੋ ਭਾਰ ਢੋਣ ਅਤੇ ਖੇਤੀ ਕਰਨ ਦੇ ਕੰਮ ਆਉਂਦਾ ਹੈ।" ਬੱਚਾ ਕਹਿੰਦਾ, "ਮਾਸਟਰ ਜੀ, ਅਸੀਂ ਤਾਂ ਕਦੇ ਦੇਖਿਆ ਹੀ ਨਹੀਂ?" ਮਾਸਟਰ ਹਰਦੀਪ ਨੇ ਊਠ ਦੀ ਫੋਟੋ ਦਿਖਾ ਕੇ ਕਿਹਾ, "ਦੇਖਿਓ ਬੱਚਿਓ ਇਹ ਹੁੰਦਾ ਹੈ ਊਠ।" ਤਾਂ ਹਰਪ੍ਰੀਤ ਬੋਲ ਪਿਆ, "ਜੀ ਮੇਰਾ ਦਾਦਾ ਤਾਂ ਕਹਿੰਦਾ ਸੀ ਇਹ ਬੋਤਾ ਹੁੰਦਾ ਹੈ ਜੀ।" ਅਧਿਆਪਕ ਬੋਲਿਆ, "ਹਾਂ ਹਾਂ ਪੰਜਾਬ ਵਿੱਚ ਇਸ ਨੂੰ ਬੋਤਾ ਵੀ ਕਹਿੰਦੇ ਹਨ ਤੇ ਦੂਜੇ ਸੂਬਿਆਂ ਵਿੱਚ ਇਸ ਨੂੰ ਊਠ ਕਹਿੰਦੇ ਹਨ। ਅੱਜਕੱਲ੍ਹ ਇਹ ਰਾਜਸਥਾਨ ਵਿੱਚ ਜ਼ਿਆਦਾ ਪਾਇਆ ਜਾਂਦਾ ਹੈ ਕਿਉਂਕਿ ਉੱਥੇ ਟਿੱਬੇ ਬਹੁਤ ਹਨ ਅਤੇ ਇਹ ਟਿੱਬਿਆਂ ਵਿੱਚ ਭਾਰ ਚੁੱਕ ਕੇ ਵੀ ਤੁਰ ਸਕਦਾ ਹੈ। ਇਸ ਲਈ ਇਸ ਨੂੰ ਮਾਰੂਥਲ ਦਾ ਜਹਾਜ਼ ਵੀ ਕਹਿੰਦੇ ਹਨ।" ਇੰਨੀ ਗੱਲ ਸੁਣ ਕੇ ਇੱਕ ਹੋਰ ਬੱਚਾ ਬੋਲਿਆ, "ਮਾਸਟਰ ਜੀ, ਇਹ ਟਿੱਬੇ ਕੀ ਹੁੰਦੇ ਹਨ?"

ਅਧਿਆਪਕ ਨੇ ਕਿਹਾ, "ਬੇਟਾ, ਇਹ ਰੇਤੇ ਦੇ ਬਹੁਤ ਵੱਡੇ ਵੱਡੇ ਢੇਰ ਹੁੰਦੇ ਹਨ ਪਹਾੜਾਂ ਵਰਗੇ।" ਬੱਚਾ ਬੋਲਿਆ, "ਮਾਸਟਰ ਜੀ ਅਸੀਂ ਤਾਂ ਟਿੱਬੇ ਵੀ ਨਹੀਂ ਦੇਖੇ।" ਬੱਚੇ ਦੀ ਗੱਲ ਸੁਣ ਕੇ ਮਾਸਟਰ ਹਰਦੀਪ ਸਿੰਘ ਸੋਚੀਂ ਪੈ ਗਿਆ ਕਿ ਪੰਜਾਬ ਵਿੱਚ ਵਿਕਾਸ ਦੇ ਨਾਂ 'ਤੇ ਕੁਦਰਤੀ ਸਰੋਤਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਨਾ ਹੀ ਊਠ ਰਹੇ ਹਨ ਤੇ ਨਾ ਹੀ ਟਿੱਬੇ ਬਚੇ ਹਨ। ਇਸ ਲਈ ਬੱਚਿਆਂ ਨੂੰ ਕਿਵੇਂ ਸਮਝਾਈਏ ਤੇ ਕੀ ਦਿਖਾਈਏ।



# ਆਓ, ਜੰਗਲੀ ਜੀਵਨ ਦੀ ਖ਼ੈਰ ਮੰਗੀਏ

ਜੰਗਲੀ ਜੀਵਨ ਸੁਰੱਖਿਆ ਹਫ਼ਤਾ

ਲਿਖਤ : ਰਣਜੀਤ ਸਿੰਘ ਟੱਲੇਵਾਲ
ਮੋਬਾਈਲ : 98765-28579



ਪਿਆਰੇ ਬੱਚਿਓ, ਸਾਡੀ ਧਰਤੀ ਗ੍ਰਹਿ ਦਾ ਉਹ ਵੱਡਾ ਖੇਤਰ ਜਿਸ ਵਿਚ ਬਹੁਤ ਸਾਰੀਆਂ ਕਿਸਮਾਂ ਦੇ ਵੇਲ, ਬੂਟੇ-ਬੂਟੀਆਂ, ਝਾੜੀਆਂ ਅਤੇ ਦਰੱਖਤ ਹੋਣ ਨੂੰ ਜੰਗਲ ਕਿਹਾ ਜਾਂਦਾ ਹੈ। ਜੰਗਲ ਜੈਵਿਕ ਵਿਭਿੰਨਤਾ ਦਾ ਵਡਮੁੱਲਾ ਖਜ਼ਾਨਾ ਹਨ। ਜੰਗਲ ਵਾਯੂ ਮੰਡਲੀ ਕਾਰਬਨ ਡਾਈਆਕਸਾਈਡ ਅਤੇ ਆਕਸੀਜਨ ਨੂੰ ਬਣਾਈ ਰੱਖਦੇ ਹਨ। ਜੰਗਲ ਪੌਦੇ ਅਤੇ ਜੀਵ ਜੰਤੂਆਂ ਨੂੰ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ। ਜੰਗਲਾਂ ਵਿਚ ਖੁੱਲ੍ਹੇ ਰੂਪ, ਕੁਦਰਤੀ ਵਾਤਾਵਰਨ, ਹਰ ਜੀਵ ਆਦਤਾਂ ਮੁਤਾਬਿਕ, ਭੋਜਨ ਪ੍ਰਾਪਤੀ, ਜਣਨ-ਕਿਰਿਆ ਕਰਨ ਅਤੇ ਬੱਚਿਆਂ ਦੇ ਰੱਖ-ਰਖਾਓ ਲਈ ਵੱਡੀ ਗਿਣਤੀ ਵਿਚ ਜੀਵ-ਜੰਤੂ ਰਹਿੰਦੇ ਹਨ ਤੇ ਵਿਗਸਦੇ ਹਨ, ਜੰਗਲੀ ਜੀਵਨ ਅਖਵਾਉਂਦਾ ਹੈ। ਹਰ ਸਾਲ ਲੋਕਾਂ ਨੂੰ ਜੰਗਲੀ ਜੀਵਨ ਬਾਰੇ ਜਾਗਰੂਕ ਕਰਨ, ਇਸ ਦੀ ਸਾਂਭ-ਸੰਭਾਲ ਲਈ ਸਿੱਖਿਅਤ ਕਰਨ, ਉਤਸ਼ਾਹਿਤ ਕਰਨ ਅਤੇ ਇਸ ਦੀ ਸਾਡੇ ਜੀਵਨ ਲਈ ਕੀ ਮਹੱਤਤਾ ਹੈ, ਹਰ ਸਾਲ ਵਿਸ਼ਵ ਜੰਗਲੀ ਜੀਵਨ ਸੁਰੱਖਿਆ ਹਫ਼ਤਾ (ਅਕਤੂਬਰ ਦਾ ਪਹਿਲਾ ਹਫ਼ਤਾ) ਮਨਾਇਆ ਜਾਂਦਾ ਹੈ।


ਪਿਆਰੇ ਬੱਚਿਓ, ਇਹ ਕਥਨ ਸਹੀ ਹੈ ਕਿ ਜਲ, ਜ਼ਮੀਨ ਤੇ ਜੰਗਲ ਨੇ ਤਾਂ ਹੀ ਧਰਤੀ ਤੇ ਮੰਗਲ ਨੇ। ਜੰਗਲੀ ਜੀਵਨ 'ਚ ਦਵਾਈਆਂ ਦੇਣ ਵਾਲੀਆਂ ਜੜ੍ਹੀਆਂ ਬੂਟੀਆਂ, ਜੰਗਲੀ ਜੀਵਨ ਦੇ ਕੁਦਰਤੀ ਨਜ਼ਾਰੇ ਸਾਡੇ ਲਈ ਸੈਰ-ਸਪਾਟਾ ਦੇ ਸਾਧਨ, ਰੁਜ਼ਗਾਰ ਦਾ ਵਸੀਲਾ, ਭਾਰਤੀ ਸੰਸਕ੍ਰਿਤ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿਚ ਬਹੁਤ ਮਹੱਤਤਾ ਹੈ। ਕਈ ਜੀਵ ਜੰਤੂ ਜਿਵੇਂ ਬਾਂਦਰ, ਰਿਛ (ਭਾਲੂ), ਹਾਥੀ, ਤੋਤਾ ਸਾਡੇ ਲਈ ਮਨੋਰੰਜਨ ਕਿਰਿਆ ਕਰਕੇ ਮਨਪ੍ਰਚਾਵਾ ਕਰਦੇ ਹਨ। ਪੰਛੀ ਮਿੱਠੜੇ ਬੋਲ ਬੋਲ ਕੇ ਜੀਵਨ ਦਾ ਸਮਤੋਲ ਰੱਖਦੇ ਹਨ। ਜੰਗਲੀ ਜੀਵਨ ਖੋਜਾਂ, ਅਧਿਐਨ, ਵਿਗਿਆਨਕ ਤਜਰਬਿਆਂ ਆਦਿ ਲਈ ਲਾਹੇਵੰਦ ਹੈ। ਜੰਗਲੀ ਜੀਵਨ ਦੀ ਸੁਰੱਖਿਆ ਹੀ ਸਾਡੀ ਸੁਰੱਖਿਆ ਹੈ। ਆਓ, ਜੰਗਲੀ ਜੀਵਨ ਦੀ ਖੈਰ ਮੰਗੀਏ।

ਜੰਗਲੀ ਜੀਵਨ ਦੀ ਸੁਰੱਖਿਆ ਲਈ ਭਾਰਤ ਸਰਕਾਰ ਨੇ ਬਹੁਤ ਸਾਰੇ ਰੂਲਜ਼ ਕਾਨੂੰਨ ਅਤੇ ਐਕਟ ਬਣਾਏ ਹਨ। ਪਾਰਕ, ਰੱਖਾਂ ਅਤੇ ਬੀੜ ਬਣਾਏ ਹਨ। ਪੰਜਾਬ ਵਿਚ ਮਹਿੰਦਰਾ ਚੌਧਰੀ ਜੁਆਲੋਜੀ ਪਾਰਕ ਛੱਤ ਬੀੜ, ਹਿਰਨ ਪਾਰਕ ਅਤੇ ਬੀੜ ਮੋਤੀ ਬਾਗ਼ ਪਟਿਆਲਾ ਅਤੇ ਬੀੜ ਬਠਿੰਡਾ ਆਦਿ ਮੌਜੂਦ ਹਨ। ਜੰਗਲੀ ਜੀਵਾਂ ਲਈ ਸਾਨੂੰ ਸਾਂਭ-ਸੰਭਾਲ, ਸੁਰੱਖਿਆ, ਅਪਣੱਤ, ਮੋਹ ਭਰਿਆ ਵਤੀਰਾ ਅਪਣਾਉਣਾ ਚਾਹੀਦਾ ਹੈ। ਜੀਵਾਂ ਦਾ ਸ਼ਿਕਾਰ, ਇਨ੍ਹਾਂ ਨੂੰ ਤਸੀਹੇ ਅਤੇ ਮਾਰਕੁੱਟ ਤੋਂ ਪ੍ਰਹੇਜ਼ ਕਰੀਏ। ਜੰਗਲਾਂ ਦੀ ਸਾਂਭ-ਸੰਭਾਲ ਕਰੀਏ। ਇਹ ਨਾਅਰਾ ਬੁਲੰਦ ਕਰੀਏ, ਜੰਗਲੀ ਜੀਵਨ ਸਾਡੇ ਲਈ ਵਰਦਾਨ, ਇਸ ਦੀ ਸਾਂਭ-ਸੰਭਾਲ ਵਿਚ ਸਾਡੀ ਸ਼ਾਨ।

## ਰਸਤਾ ਲੱਭੋ




## ਬਿੰਦੂ ਮਿਲਾਓ



ਲਿਖਤ : ਮਨਮੋਹਨ ਸਿੰਘ ਦਾਊਂ
ਮੋਬਾਈਲ : 98151-23900

# ਅੱਥਰੂਆਂ ਵਾਲੇ ਗੁਲਾਬ

ਐਤਵਾਰ ਦਾ ਦਿਨ ਸੀ। ਕਰਨ ਅੱਜ ਘਰ ਹੀ ਸੀ। ਉਸ ਦੇ ਮਾਤਾ-ਪਿਤਾ ਵੀ ਛੁੱਟੀ ਕਾਰਨ ਘਰ ਦੇ ਕੰਮਾਂ ਵਿਚ ਰੁੱਝੇ ਹੋਏ ਸਨ। ਕਰਨ ਵੀ ਆਪਣੀ ਪੜ੍ਹਾਈ ਕਰ ਰਿਹਾ ਸੀ। ਉਹ ਅੱਠਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ।

ਕਈ ਦਿਨਾਂ ਤੋਂ ਸ਼ਹਿਰ ਵਿਚ ਨਗਰ ਨਿਗਮ ਦੇ ਮੇਅਰ ਵਲੋਂ ਸ਼ਹਿਰ ਨੂੰ ਸੁੰਦਰੀਕਰਨ ਦੇ ਉਪਰਾਲੇ ਸ਼ੁਰੂ ਕੀਤੇ ਹੋਏ ਸਨ। ਸ਼ਹਿਰ ਦੀ ਸਫ਼ਾਈ ਕਰਨ ਕਾਮੇ ਲੱਗੇ ਹੋਏ ਸਨ।

ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੇ ਆਪਣੇ ਘਰਾਂ ਦੇ ਅੱਗੇ ਫਾਲਤੂ ਸਾਮਾਨ ਰੱਖਿਆ ਹੋਇਆ ਸੀ। ਆਵਾਜਾਈ ਵਿਚ ਔਕੜਾਂ ਆਉਂਦੀਆਂ ਸਨ। ਕਈਆਂ ਦੇ ਡਿਗਣ ਕਾਰਨ ਸੱਟਾਂ ਵੀ ਲੱਗੀਆਂ ਸਨ। ਬਜ਼ੁਰਗਾਂ ਨੂੰ ਤਾਂ ਹੋਰ ਮੁਸ਼ਕਿਲ ਆਉਂਦੀ। ਸਾਈਕਲ ਚਲਾਉਂਦੇ ਬੱਚੇ ਆਪਸ ਵਿਚ ਭਿੜ ਪੈਂਦੇ।

ਨਗਰ ਨਿਗਮ ਨੇ ਮਤਾ ਪਾਸ ਕਰਕੇ ਘਰਾਂ ਦੇ ਅੱਗੇ ਦੀਵਾਰਾਂ ਦੇ ਨਾਲ-ਨਾਲ ਸੀਮੈਂਟ ਦੀਆਂ ਇੱਟਾਂ (ਇੰਟਰ ਬਲਾਕਸ) ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਮੁਹੱਲਿਆਂ ਵਿਚ ਇਹ ਕੰਮ ਸ਼ੁਰੂ ਹੋ ਗਿਆ ਸੀ। ਇਸ ਕੰਮ ਵਿਚ ਕਈ ਮੁਸ਼ਕਿਲਾਂ ਵੀ ਆਈਆਂ। ਕਈ ਬਿਜਲੀ ਦੇ ਖੰਭੇ ਅੜਿੱਕਾਂ ਲਾਉਂਦੇ ਸਨ। ਕਈ ਲੋਕਾਂ ਨੇ ਫਾਲਤੂ ਜੰਗਲੇ ਬਣਾਏ ਹੋਏ ਸਨ। ਕਈਆਂ ਨੇ ਆਲੇ-ਦੁਆਲੇ ਕਬਾੜ ਸੁੱਟਿਆ ਹੋਇਆ ਸੀ।



ਨਗਰ ਨਿਗਮ ਅਧਿਕਾਰੀ ਇਹ ਸੂਚਨਾ ਵੀ ਦਿੰਦੇ ਸਨ ਕਿ ਆਪਣੀ ਥਾਂ ਤੋਂ ਬਿਨਾਂ, ਗ਼ੈਰ-ਅਧਿਕਾਰਤ ਥਾਂ 'ਤੇ ਮਾਲਕ ਮਕਾਨਾਂ ਦਾ ਹੱਕ ਨਹੀਂ। ਕਾਨੂੰਨ ਸਭ ਲਈ ਸਾਂਝਾ ਹੁੰਦਾ ਹੈ। ਕਾਨੂੰਨ ਦੀ ਪਾਲਣਾ ਕਰਨਾ, ਹਰ ਇਕ ਨਾਗਰਿਕ ਦਾ ਫ਼ਰਜ਼ ਹੈ।

ਹੁਣ ਪੀਲੇ ਪੰਜੇ ਵਾਲੀ ਮਸ਼ੀਨ ਕਰਨ ਦੀ ਗਲੀ ਵਿਚ ਆ ਗਈ ਸੀ। ਟਰੈਕਟਰ-ਟਰਾਲੀ 'ਚ ਪੰਜੇ ਵਾਲੀ ਮਸ਼ੀਨ ਕਾਮਿਆਂ ਨਾਲ ਫਾਲਤੂ ਸਮਾਨ ਚੁੱਕ-ਚੁੱਕ ਕੇ ਲੱਦ ਰਹੀ ਸੀ। ਲੋਕ ਸਭ ਕੁਝ ਵੇਖ ਰਹੇ ਸਨ। ਦੀਵਾਰਾਂ ਤੋਂ ਬਾਹਰ ਲਾਏ ਜੰਗਲੇ ਤੋੜੇ ਜਾ ਰਹੇ ਸਨ। ਟੁੱਟੀਆਂ ਵਸਤਾਂ ਤੇ ਕਬਾੜ ਹੂੰਝਿਆ ਜਾ ਰਿਹਾ ਸੀ। ਮਹਿਕਮੇ ਦੇ ਅਧਿਕਾਰੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਦੀਵਾਰਾਂ ਤੋਂ ਬਾਹਰ ਬਣਾਈਆਂ ਕਿਆਰੀਆਂ 'ਚੋਂ ਫੁੱਲ-ਬੂਟੇ ਵੀ ਸਾਫ਼ ਕਰੇ ਜਾ ਰਹੇ ਸਨ। ਸਫਾਈ ਕਰਨ ਤੋਂ ਬਾਅਦ ਇੱਟਾਂ ਲਾਉਣ ਦਾ ਕੰਮ ਸ਼ੁਰੂ ਹੋਣਾ ਸੀ। ਇਸ ਤਰ੍ਹਾਂ ਨਾਲ ਗਲੀ ਦਾ ਰਸਤਾ ਖੁੱਲ੍ਹ ਜਾਣਾ ਸੀ ਤੇ ਆਵਾਜਾਈ ਸੌਖੀ ਹੋ ਜਾਣੀ ਸੀ। ਕਿਤੇ-ਕਿਤੇ ਅਧਿਕਾਰੀਆਂ ਨੂੰ ਸਖਤੀ ਵੀ ਕਰਨੀ ਪਈ।

ਕਰਨ ਦੇ ਘਰ ਅੱਗੇ ਵੀ ਇਕ ਕਿਆਰੀ ਵਿਚ ਉਸ ਦੇ ਪਿਤਾ ਨੇ ਗੁਲਾਬ ਦਾ ਬੂਟਾ ਕਈ ਸਾਲਾਂ ਤੋਂ ਲਾਇਆ ਹੋਇਆ ਸੀ ਤੇ ਹੁਣ ਇਹ ਵੱਡਾ ਹੋ ਗਿਆ ਸੀ। ਫਰਵਰੀ ਦਾ ਮਹੀਨਾ ਹੋਣ ਕਾਰਨ, ਉਸ ਨੂੰ ਉਨਾਭੀ ਰੰਗ ਦੇ ਗੁਲਾਬ ਖਿੜੇ ਹੋਏ ਸਨ। ਕਰਨ ਉਸ ਨੂੰ ਪਾਣੀ ਪਾਉਂਦਾ ਤੇ ਗੋਡੀ ਵੀ ਕਰਿਆ ਕਰਦਾ ਸੀ। ਉਸ ਦੇ ਪਿਤਾ ਸਮੇਂ-ਸਮੇਂ ਦੇਸੀ ਰੂੜੀ (ਖਾਦ) ਵੀ ਪਾਉਂਦੇ ਹੁੰਦੇ ਸਨ। ਹੁਣ ਇਹ ਪੌਦਾ ਵੱਡਾ ਬੂਟਾ ਬਣ ਗਿਆ ਸੀ, ਜਿਸ ਦੀ ਚੱਕਲੀ ਉਤਾਰ ਕੇ ਕਿਸੇ ਗਮਲੇ ਜਾਂ ਹੋਰ ਥਾਂ ਨਹੀਂ ਸੀ ਲਾਇਆ ਜਾ ਸਕਦਾ। ਕਰਨ ਤੇ ਉਸ ਦੇ ਪਿਤਾ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਗੁਲਾਬ ਦਾ ਬੂਟਾ ਤਾਂ ਆਖਰ ਨੂੰ ਪੁੱਟਣਾ ਹੀ ਪੈਣਾ ਹੈ। ਪੰਜਾ-ਮਸ਼ੀਨ ਉਨ੍ਹਾਂ ਦੇ ਘਰ ਅੱਗੇ ਆ ਖਲੋਤੀ। ਕਰਨ ਉਦਾਸ ਹੋਈ ਖੜ੍ਹਿਆ ਸੀ। ਮਸ਼ੀਨ ਨੇ ਤਾਂ ਆਖਰ ਕਾਰਵਾਈ ਕਰਨੀ ਹੀ ਸੀ। ਕਰਨ ਨਜ਼ਰਾਂ ਭਰ-ਭਰ ਕੇ ਖਿੜੇ ਗੁਲਾਬ ਦੇ ਫੁੱਲਾਂ ਨੂੰ ਤੱਕ ਰਿਹਾ ਸੀ। ਉਸ ਦੇ ਪਿਤਾ ਨੂੰ ਪਤਾ ਸੀ ਕਿ ਕਰਨ ਉਸ ਗੁਲਾਬ ਦੇ ਬੂਟੇ ਨੂੰ ਬਹੁਤ ਮੋਹ ਕਰਦਾ ਸੀ। ਉਸ ਨੇ ਖਿੜੇ ਫੁੱਲਾਂ ਦੀ ਫੋਟੋ ਮੋਬਾਈਲ ਵਿਚ ਸਾਂਭ ਲਈ। 'ਕੋਈ ਨਾ ਬੇਟਾ, ਹੌਸਲਾ ਰੱਖ, ਇਸ ਦਾ ਸਬੰਧ ਸਾਡੇ ਨਾਲ ਏਨਾ ਹੀ ਸੀ। ਕਾਨੂੰਨ ਤਾਂ ਸਾਰਿਆਂ ਲਈ ਹੁੰਦਾ ਹੈ। ਆਪਾਂ ਗਮਲਿਆਂ 'ਚ ਹੋਰ ਫੁੱਲ ਲਾ ਲਵਾਂਗੇ', ਕਰਨ ਦੇ ਪਿਤਾ ਨੇ ਉਸ ਨੂੰ ਧੀਰਜ ਦਿੰਦਿਆਂ ਕਿਹਾ।


ਕਰਨ ਭਾਵੁਕ ਹੋ ਗਿਆ, ਫੁੱਲਾਂ ਨੂੰ ਆਪਣੇ ਚੁੰਮਣ ਦੇਣ ਲਈ। ਆਖਰ ਉਸ ਦੇ ਅੱਥਰੂ ਫੁੱਲਾਂ 'ਤੇ ਡੁੱਲ੍ਹ ਪਏ। ਲੋਕ ਵੀ ਕਰਨ ਦੇ ਫੁੱਲਾਂ ਨਾਲ ਮੁਹੱਬਤ 'ਤੇ ਹੈਰਾਨ ਹੋ ਰਹੇ ਸਨ। ਪੰਜਾ ਮਸ਼ੀਨ ਨੇ ਗੁਲਾਬ ਦੇ ਬੂਟੇ ਨੂੰ ਉਖੇੜ ਕੇ ਟਰਾਲੀ 'ਤੇ ਲੱਦ ਦਿੱਤਾ ਸੀ। ਕਿਆਰੀ ਖਾਲੀ ਹੋ ਗਈ ਸੀ। ਕਰਨ ਨੂੰ ਇਉਂ ਲੱਗਿਆ ਜਿਵੇਂ ਅੱਥਰੂਆਂ ਵਾਲੇ ਗੁਲਾਬ ਉਸ ਨੂੰ ਅਲਵਿਦਾ ਕਹਿ ਰਹੇ ਹੋਣ।

*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?*





ਉੱਤਰ : ਪੰਛੀ ਦੀ ਚੁੰਝ, ਭਾਫ਼, ਕੁੱਤੇ ਦੀ ਸਮਾਇਲ, ਵਿਅਕਤੀ ਦੀ ਬਾਜੂ ਅਤੇ ਵਾਲ।




# ਕਾਵਿ-ਲਹਿਰਾਂ

## ਮੇਅਰ ਦੀਆਂ ਵੋਟਾਂ

ਅਸਾਂ ਖਾਧੇ ਬੜੇ ਫੱਟ ਬੇਲੀਓ
ਕਨੇਡਾ ਵਿਚ ਵੋਟ ਪਾਉਣ ਦਾ
ਮਸਾਂ ਮਿਲਿਆ ਏ ਹੱਕ ਬੇਲੀਓ

ਮੋਹਰ ਲਾਉਣੀ ਤਾਂ ਜਰੂਰ ਚਾਹੀਦੀ
ਪਾਓ ਭਾਵੇਂ ਜਿਹਨੂੰ ਮਰਜੀ
ਵੋਟ ਪਾਉਣੀ ਤਾਂ ਜਰੂਰ ਚਾਹੀਦੀ

ਚੰਨ ਬੱਦਲਾਂ ਚ ਲੁਕ ਜਾਂਦੇ
ਲੋਕਾਂ ਦੀਆਂ ਵੋਟਾਂ ਸਾਹਮਣੇ
ਇੱਥੇ ਵੱਡੇ ਵੱਡੇ ਝੁਕ ਜਾਂਦੇ

ਥੱਲੇ ਲਿੱਟਣੇ ਦਾ ਕੀ ਫਾਇਦਾ
ਜੇ ਵੋਟਾਂ ਤੁਸੀਂ ਪਾਉਣੀਆਂ ਨਹੀਂ
ਨਿੱਤ ਪਿੱਟਣੇ ਦਾ ਕੀ ਫਾਇਦਾ

ਕਾਲੀ ਮੁੱਕਣੀ ਨੀ ,ਰਾਤ ਬੇਲੀਓ
ਜੇ ਵੋਟਾਂ ਤੁਸੀਂ ,ਨਾ ਪਾਈਆਂ
ਕਿਸੇ ਪੁੱਛਣੀ ਨੀ ਬਾਤ ਬੇਲੀਓ

ਉਦੋਂ ਹੁੰਦਾ ਮਾੜਾ ,ਅੰਤ ਬੇਲੀਓ
ਮਾੜੀ ਜੇ ਔਲਾਦ ਨਿੱਕਲੇ
ਹੋਵੇ ਮਾੜਾ ਸਰਪੰਚ ਬੇਲੀਓ

ਇੱਥੇ ਸਾਰਿਆਂ ਦੀ ਅੱਖ ਮਿੱਤਰੋ
Surrey ਵਾਲੇ ਮੇਅਰ ਦੀ
ਪੈਂਦੀ ਓਟਵਾ ਚ ਧੱਕ ਮਿੱਤਰੋ

ਖਾਂਦੇ ਸਬਜ਼ੀ ਨੇ, ਮੀਟ ਛੱਡ ਕੇ
ਮੇਅਰ ਵਾਲੀ ਚੋਣ ਲੜਦੇ
ਲੋਕੀਂ ਐਮ.ਪੀ. ਵਾਲੀ, ਸੀਟ ਛੱਡ ਕੇ

ਕਦੇ ਮੁੱਕਣੇ ਨੀ ਦੁੱਖ ਸੋਹਣਿਆ
ਸਾਹੋਂਤੇਆ ਤੂੰ ਮੁੱਕ ਜਾਣਾ
ਤੇਰੀ ਮੁੱਕਣੀ ਨੀ ਭੁੱਖ ਸੋਹਣਿਆ

**ਲਿਖਤ : ਕੁਲਵੀਰ ਸਿੰਘ ਡਾਨਸੀਵਾਲ**
**ਸੰਪਰਕ :** 778 863 2472

## ਇੱਕ ਕੁੜੀ

ਇੱਕ ਕੁੜੀ ਨਿੱਤ,ਸੁਪਨੇ ਬੁਣਦੀ,
ਇੱਕ ਕੁੜੀ ਨਿੱਤ,ਸੁਪਨੇ ਬੁਣਦੀ।
ਸੁਪਨੇ ਬੁਣਦੀ ਰੀਝਾਂ ,ਵਾਲੇ
ਸੁਪਨੇ ਬੁਣਦੀ ਚਾਵਾਂ ,ਵਾਲੇ,

ਕਿਸੇ ਦਾ ਸਾਥ,ਉਹ ਬਣਨਾ, ਚਾਹੁੰਦੀ ।
ਕਿਸੇ ਦਾ ਸਾਥ ,ਨਿਭਾਵਣ , ਵਾਲੇ।

ਤਾਣ ਲੈਂਦੀ ਅੰਬਰ,ਦੀ ਚਾਦਰ,
ਵਿੱਚ ਪਾਉਂਦੀ ,ਰਿਸ਼ਮਾਂ ਤੇ ਤਾਰੇ,
ਨਿੱਕ ਵੱਡੇ,ਸਾਰੇ ਸਾਰੇ,
ਚੰਨ ਵਰਗਾ ਵਿੱਚ,ਮੁੱਖ ਪਾ ਬਹਿੰਦੀ ,
ਮਾਹੀ ਨਾਂ ਦਾ ਅੱਖਰ ਬੁਣਦੀ।..

ਜੇ ਮੈਂ ਆਖਾ ਬੁਰਾ ਜ਼ਮਾਨਾ ਬੀਬਾ,
ਬਣ ਕਿ ਰਹਿ ਕੁੜੀਏ।
ਉਹ ਕਹਿੰਦੀ ਕਿ ਕੁਝ ਨਹੀਂ ਹੁੰਦਾ,
ਮੇਰੀ ਤਾਂ ਉਹ ਗੱਲ ਨਹੀਂ ਸੁਣਦੀ।

ਸਾਂਤ ਸੁਰਤ ਦੀ ਲੰਮ ਸਲੰਮੀ,
ਅੰਬਰੀ ਉੱਡਣਾ ਚਾਹੁੰਦੀ ਏ,
ਗੀਤ ਲਿਖਾ ਜੇ,ਮੈਂ ਉਸਦੇ ਬਾਰੇ,
ਉਹ ਤਾਂ ਮੇਰੇ ਗੀਤ ਵੀ ਪੁਣਦੀ।

ਇੱਕ ਕੁੜੀ ਸੁਪਨੇ ਬੁਣਦੀ,,,,

**ਲਿਖਤ : ਗੁਰਜੀਤ ਫੱਕਰਸਰ**

## ਅਸਰ

ਸੁਭਾਅ ਦੀ ਰੰਗੀਨੀ
ਅਤੇ ਕੱਪੜਿਆਂ ਦੀ ਰੰਗੀਨੀ ਵਿਚ
ਬੜਾ ਫ਼ਰਕ ਹੁੰਦਾ

ਇਤਰ ਦੀ ਖੁਸ਼ਬੋ
ਅਤੇ ਚਰਿੱਤਰ ਦੀ ਖੁਸ਼ਬੋ ਵਿਚ
ਬੜਾ ਫ਼ਰਕ ਹੁੰਦਾ

ਇਸ਼ਕ ਹਕੀਕੀ
ਅਤੇ ਇਸ਼ਕ ਮਿਜਾਜੀ ਵਿਚ
ਬੜਾ ਫ਼ਰਕ ਹੁੰਦਾ

ਚੰਗੀ ਸੀਰਤ ਦੀ ਸੰਗਤ
ਅਤੇ ਸੋਹਣੀ ਸੂਰਤ ਦੀ ਸੰਗਤ ਵਿਚ
ਬੜਾ ਫ਼ਰਕ ਹੁੰਦਾ

ਰੋਹਬ ਨਾਲ਼ ਜੀਊਣ
ਅਤੇ ਪਿਆਰ ਨਾਲ਼ ਜੀਊਣ ਵਿਚ
ਬੜਾ ਫ਼ਰਕ ਹੁੰਦਾ

ਜ਼ਿੰਦਗੀ ਮਾਨਣ
ਅਤੇ ਜ਼ਿੰਦਗੀ ਭੋਗਣ ਵਿਚ
ਬੜਾ ਫ਼ਰਕ ਹੁੰਦਾ

**ਲਿਖਤ : ਵੀਨਾ ਬਟਾਲਵੀ**

## ਲੋਕ ਤੱਥ

ਪੁੱਤ ਬਈ ਜਵਾਨ ਤੇ ਨਾ ਹੱਥ ਚੱਕੀਏ
ਓ ਧੀ ਨੂੰ ਬਣਾ ਕੇ ਸਦਾ ਪੁੱਤ ਰੱਖੀਏ

ਫ਼ੁਕਰੇ ਬੰਦੇ ਦੇ ਨਾਲ ਯਾਰੀ ਲਾਈਏ ਨਾ
ਬੋਲ ਕੇ ਕਬੋਲ ਦਿਲ ਤੜ੍ਹਫਾਈਏ ਨਾ

ਪਿੰਡ ਵਿੱਚ ਸਦਾ ਇੱਜ਼ਤ ਕਮਾਈ ਦੀ
ਇੱਜ਼ਤ ਬੇਗਾਨੀ ਕਦੇ ਨੀ ਤਕਾਈ ਦੀ

ਯਾਰੀ ਵਿੱਚ ਨਫ਼ੇ ਨੁਕਸਾਨ ਹੁੰਦੇ ਨੀ
ਬੰਦੇ ਤਾਂ ਦਲਾਲ ਕਦੇ ਮਿੱਤ ਹੁੰਦੇ ਨੀ

ਰਾਹ ਵਿੱਚ ਜਾਣ ਕੇ ਨਾ ਰੋੜਾ ਬਣੀਏ
ਓ ਜ਼ਬਰ ਦੇ ਮੂਹਰੇ ਸਦਾ ਹਿੱਕ ਤਣੀਏ

ਓ ਸੂਰਮੇ ਨੀ ਡਰਦੇ ਮੈਦਾਨੇ ਜੰਗ 'ਚ
ਜਾਣਕੇ ਨੀ ਖੰਘੀਦਾ ਬੇਗਾਨੀ ਖੰਘ ਚ

ਅੰਨ੍ਹੇ ਵਿਸ਼ਵਾਸ 'ਚ ਨੀ ਡੇਰੇ ਜਾਈਦਾ
ਮਾਰੀਏ ਨਾ ਹੱਕ ਹੱਕ ਦੀ ਕਮਾਈ ਦਾ

ਕਾਮੇ ਦੀ ਨਾ ਕਦੇ ਵੀ ਦਿਹਾੜੀ ਦੱਬੀਏ
ਵਿੱਚ ਮਜਬੂਰੀ ਨਾ ਬਈ ਅੱਕ ਚੱਬੀਏ

ਠੱਗਾਂ ਦੀਆਂ ਗੱਲਾਂ ਵਿੱਚ ਆਈਏ ਨਾ
ਗੱਲਾਂ ਵਿੱਚ ਆ ਕਦੇ ਸਾਂਝ ਪਾਈਏ ਨਾ

ਓ 'ਜੀਤ ਨਮੋਲ' ਲਿਖੇ ਲੋਕ ਤੱਥਾਂ ਨੂੰ
ਗੰਦੇ ਨਹੀਂਓ ਕਰਦੀ ਕਿਰਤ ਹੱਥਾਂ ਨੂੰ

**ਲਿਖਤ : ਸਰਬਜੀਤ ਸਿੰਘ ਨਮੋਲ**
**ਪਿੰਡ ਨਮੋਲ ਜ਼ਿਲ੍ਹਾ ਸੰਗਰੂਰ**

## ਦਲ ਵਾਪਸੀ

ਸਾਲਾਂ ਬੱਧੀ ਕਹਿੰਦੇ ਕੱਟ ਛੁੱਟੀ,
ਪੈਰ ਪੰਥ ਵਿੱਚ ਮੁੜ ਪਾ ਗਿਆ ਉਹ।
ਚੋਰ ਮੋਰੀਆਂ ਰਾਹੀਂ ਕਰ ਸੌਦਾ,
ਕੁਰਸੀ ਫੇਰ ਦਲ 'ਚ ਡਾਹ ਗਿਆ ਉਹ।

ਘਾਟੇ ਰਹਿੰਦੇ ਦੇਊ ਕਰ ਪੂਰੇ,
ਹੱਥ ਦਾਗੀਆਂ ਸੰਗ ਮਿਲਾ ਗਿਆ ਉਹ।
ਪਈਆਂ ਆਦਤਾਂ ਕਦੇ ਜਾਂਦੀਆਂ ਨਾ।
ਸੁੱਚੀਆਂ ਲੁੱਚੀਆਂ ਸਭ ਪਕਾ ਗਿਆ ਉਹ।

ਹਟਣਾ ਆਪ ਤਾਂ ਸੀ ਕੀ 'ਭਗਤਾ',
ਕਿੱਤੇ ਪੁੱਤ ਨੂੰ ਨਸ਼ੇ 'ਚ ਪਾ ਗਿਆ ਉਹ।
ਝੂਠੀ ਸਾਬਤ ਗਿਆ ਕਰ ਕਹਾਵਤ,
ਬੋਹੜ ਹੇਠਾਂ ਬੋਹੜ ਲਾ ਗਿਆ ਉਹ।

ਹੋ ਬਦਰੰਗੋਂ ਨੀਲਾ ਪਹਿਨ ਬਾਣਾ,
ਗੁਨਾਹ ਸਾਰ ਮਾਫ਼ ਕਰਾ ਗਿਆ ਉਹ।
ਸੁੱਚਿਓਂ ਹੋ ਕੇ ਲੁੱਚਾ ਸਿਰੇ ਵਾਲਾ,
ਆਖ਼ਰ ਫਿਰ ਸੁੱਚਾ ਅਖਵਾ ਗਿਆ ਉਹ।

**ਲਿਖਤ : ਬਰਾੜ-ਭਗਤਾ ਭਾਈ ਕਾ**
1-604-751-1113

## ਗ਼ਜ਼ਲ

ਜ਼ਿੰਦਗੀ ਬਣਗੀ ਹਨੇਰਾ,
ਰੋਸ਼ਨੀ ਨਾ ਕਰ ਸਕੇ ।
ਮਰ ਰਹੇ ਕਾਮੇ ਵਿਚਾਰੇ,
ਪੇਟ ਵੀ ਨਾ ਭਰ ਸਕੇ ।

ਬਸਤੀਆਂ ਵਿਚ ਭੁਖਮਰੀ ਹੈ,
ਸਾਰ ਨਾ ਲੈਂਦਾ ਕੋਈ,
ਕਾਮਿਆਂ ਦੇ ਦੁੱਖੜੇ ਨਾ,
ਘੱਟ ਨੇਤਾ ਕਰ ਸਕੇ ।

ਐ ਖ਼ੁਦਾ! ਦਿਲ ਡੋਲਦਾ,
ਦਿਲ ਨੂੰ ਜਰਾ ਤੋਫ਼ੀਕ ਦੇ,
ਸੀਸ ਅਪਣਾ ਦੇਖ ਤੇਰੇ ,
ਭੇਟ ਵੀ ਨਾ ਕਰ ਸਕੇ ।

ਚੱਲ ਆਵਾਂ ਮੰਜ਼ਲਾਂ ਹੀ ,
ਮੰਜ਼ਲਾਂ ਨੇ ਦੋਸਤੋ ,
ਰੁਕ ਗਏ ਤਾਂ ਔਕੜਾਂ ਦਾ,
ਬੋਝ ਨਾ ਹੀ ਜਰ ਸਕੇ।

ਲੱਭ ਨਾ ਸਕਦੇ ਤੁਸੀਂ ਜੇ,
ਮੁਸ਼ਕਿਲਾਂ ਦੇ ਹੱਲ ਜੋ,
ਫੇਰ ਨਾ ਯਾਰੋ ਤੁਸੀਂ ਇਹ,
ਮੰਜ਼ਿਲਾਂ ਸਰ ਕਰ ਸਕੇ।

ਕਾਫ਼ਿਲੇ ਆਏ ਗ਼ਮਾ ਦੇ,
ਜ਼ਿੰਦਗੀ ਨੇ ਜਰ ਲਏ ,
ਰੋਲ ਬੈਠੇ ਜ਼ਿੰਦਗੀ ਨੂੰ ,
ਬੰਦਗੀ ਨਾ ਕਰ ਸਕੇ ।

ਹਰ ਕਦਮ ਤੇ ਕਾਫਰਾਂ,
ਮੈਨੂੰ ਬੜਾ ਹੀ ਘੇਰਿਆ,
ਯਾਰ ਵੀ ਐਸੇ ਮਿਲੇ ,
ਮੇਰੀ ਖੁਸ਼ੀ ਨਾ ਜਰ ਸਕੇ।

**ਲਿਖਤ : ਮਨਜਿੰਦਰ ਗੋਹਲੀ**
**ਫਰੀਦਕੋਟ**

## ਕੁੜੀਆਂ

ਸਾਹ ਤੇ ਨਬਜ਼ ਤਾਂ ਦੋਵੇਂ ਚਲਦੇ
ਕੁਝ ਕੁੜੀਆਂ ਅਜੇ ਵੀ ਡਰੀਆਂ ਨੇ,
ਕਿੰਝ ਲਿਖਾਂ ਮੈਂ ਪਿਆਰ ਮੁਹੱਬਤ
ਉਹ ਹਾਲਾਤਾਂ ਕੋਲੋ ਹਰੀਆਂ ਨੇ ,
ਮੈਂ ਮੋੜਨਾ ਨਹੀਂ ਅਧਵਾਟਿਓ ਹੀ
ਉਨ੍ਹਾਂ ਮਸੀ ਉਡਾਣਾਂ ਭਰੀਆਂ ਨੇ ,
ਅੱਜ ਤਾਈਂ ਤਾਂ ਇਨ੍ਹਾਂ ਕੁੜੀਆਂ ਨੇ
ਬਸ ਸਮਾਜੀ ਹੁਜਤਾਂ ਜਰੀਆਂ ਨੇ ,
ਆਂਢ ਗੁਆਂਢ ਮਿਹਣਿਆਂ ਦੇ
ਉਹ ਅੱਗ ਸਮੁੰਦਰ ਤਰੀਆਂ ਨੇ ,
ਹਾਲਾਤਾਂ ਨੇ ਮੁਕਾਉਣਾ ਚਾਹਿਆ
'ਅਰਸ਼' ਜਿਗਰੇ ਤੋਂ ਨਾ ਮਰੀਆਂ ਨੇ ,

**ਲਿਖਤ : ਅਰਸ਼ਪ੍ਰੀਤ ਕੌਰ ਸਰੋਆ**

## ਚੰਨ ਜਾਵੇ ਛਿਪਦਾ

ਚੜ੍ਹਦੀ ਜਵਾਨੀ ਫਿਰੇ ਜੋਸ਼ ਭਾਲਦੀ
ਥਿੜਕੇ ਪੈਰਾਂ ਦੀ ਰਾਹ ਹੋਸ਼ ਭਾਲਦੀ
ਬੰਦ ਹੋਵੇ ਜਿਹੜਾ ਅੱਜ ਸ਼ਰੇਆਮ ਵਿਕਦਾ
ਹੁਸਨ ਪੰਜਾਬ ਦੇ ਦਾ ਚੰਨ ਜਾਵੇ ਛਿਪਦਾ
ਖੋਰੇ ਕੀਹਦੀ ਲੱਗੀ ਏ ਨਜ਼ਰ ਪੰਜਾਬ ਨੂੰ
ਫਿੱਕਾ ਪਾਉਂਦੀ ਜਾਵੇ ਜਿਹੜੀ ਇਸ ਦੇ ਸ਼ਬਾਬ ਨੂੰ
ਹੋਇਆ ਰੰਗੋ ਬੇਰੰਗ ਪਿਆ ਧੁੰਦਲਾ ਜਿਹਾ ਦਿਸਦਾ
ਹੁਸਨ ਪੰਜਾਬ ਦੇ...
ਸਿਰੋਂ ਲੱਥੀ ਫੁਲਕਾਰੀ ਵਾਲ ਖੁੱਲੇ ਹੋ ਗਏ
ਰੰਗ ਫੈਸ਼ਨਾਂ ਦੇ ਹਰ ਪਾਸੇ ਡੁੱਲ੍ਹੇ ਹੋ ਗਏ
ਮਾਂ ਬੋਲੀ ਦਾ ਜਖਮ ਵੀ ਏ ਦਿਨੋ ਦਿਨ ਰਿਸਦਾ
ਹੁਸ਼ਨ ਪੰਜਾਬ ਦੇ...
ਤ੍ਰਿੰਜਣਾ ਚ ਚਰਖੇ ਦਾ ਸ਼ੋਰ ਨਾ ਰਿਹਾ
ਪੀਘਾਂ ਪਿੱਪਲਾਂ ਦਾ ਮੇਲ ਜੋਲ ਨਾ ਰਿਹਾ
ਹਰ ਪਾਸੇ ਮੌਸਮ ਵੀਰਾਨ ਜਿਹਾ ਦਿੱਸਦਾ
ਹੁਸ਼ਨ ਪੰਜਾਬ ਦੇ...
ਕਿਸੇ ਨੂੰ ਵੀ ਕਿਸੇ ਨਾਲ ਪਿਆਰ ਨਾ ਰਿਹਾ
ਵੱਡਿਆਂ ਦਾ ਦਿਲੋਂ ਸਤਿਕਾਰ ਨਾ ਰਿਹਾ
ਕੁਝ ਪਲਾਂ ਲਈ ਵੀ ਨਾ ਕੋਈ ਕਿਸੇ ਕੋਲ ਟਿਕਦਾ
ਹੁਸ਼ਨ ਪੰਜਾਬ ਦੇ ਦਾ ਚੰਨ ਜਾਵੇ ਛਿਪਦਾ

**ਲਿਖਤ : ਨਿਰਮਲਾ ਗਰਗ**

## ਵਿਕਾਊ....

ਜਦੋਂ ਮਾਨ ਸਨਮਾਨ ਲਈ ਵਿਕਦੀਆਂ ਕਲਮਾਂ,
ਫਿਰ ਸੱਚ ਕਦੋਂ ਨੇ ਲਿਖਦੀਆਂ ਕਲਮਾਂ,

ਜੋ ਸਰਕਾਰ ਤੋਂ ਸਿਆਹੀ ਲੈਣ ਉਧਾਰੀ,
ਓਹੀ ਇਨਾਮ ਨੇ ਜਿੱਤਦੀਆਂ ਕਲਮਾਂ,

ਨਵਿਆਂ ਤੇ ਮਾੜਾ ਪ੍ਰਭਾਵ ਪਾਉਦੀਆਂ,
ਉਹਨਾ ਤੋਂ ਹੀ ਸਿੱਖਦੀਆਂ ਕਲਮਾਂ

ਸਦਾ ਓਹੀ ਸਰਕਾਰਾਂ ਦਾ ਪਾਣੀ ਭਰਦੀਆਂ,
ਜੋ ਇਨਾਮ ਦਾ ਟੀਚਾ ਮਿੱਥਦੀਆਂ ਕਲਮਾ,

ਕਿਉਂ ਕਾਗਜਾਂ ਦੇ ਮੂੰਹ ਨੇ ਕਾਲੇ ਕੀਤੇ,
ਸਿਸਟਮ ਮੂਹਰੇ ਤਾਂ ਲਿਟਦੀਆਂ ਕਲਮਾਂ,

ਨਾਲ ਹਕੂਮਤਾਂ ਕੋਈ ਕੋਈ ਮੱਥਾ ਲਾਉਦਾ,
ਮੈਂ ਪੜ੍ਹ ਲਈਆਂ ਹਰ ਇੱਕ ਦੀਆਂ ਕਲਮਾਂ,
ਜਿਸ ਦੇ ਅੰਦਰ ਸੱਚ ਦੀ ਧੂਣੀ ਧੁਖਦੀ,
ਮਾਨਾ ਉਹ ਕਿਥੋਂ ਨੇ ਟਿਕਦੀਆਂ ਕਲਮਾਂ।

**ਲਿਖਤ : ਜਸਵੀਰ ਮਾਨ**
8437775940

## ਪਾਪ ਪੁੰਨ

ਆਮ ਲੋਕਾਂ ਨੂੰ ਸਮਝ ਨਾ ਆਵੇ,
ਪਾਪ ਪੁੰਨ ਵਿੱਚ ਕੀ ਐ ਫ਼ਰਕ।
ਕੋਈ ਕਹੇ ਮੰਦਰ ਵਿੱਚ ਦਿਉ ਚੜ੍ਹਾਵਾ,
ਕੋਈ ਕੱਪੜੇ,ਪੈਸਾ, ਫ਼ਲ ਵੰਡਣ ਦਾ ਦੇਣ ਤਰਕ।

ਤਰਕ ਨੀਂ ਚੱਲਦੇ ਉਸ ਦਾਤੇ ਅੱਗੇ,
ਗੱਲ ਇਹ ਪੱਕੀ ਖੁਸ਼ੀਆਂ ਵੰਡਣ ਵਾਲਾ ਠੀਕ ਰਾਹ !
ਜੋ ਦੁਖੀ ਕਰਦੇ ਆਲੇ ਦੁਆਲੇ ਤੇ ਸਮਾਜ ਨੂੰ ਹੁੰਦੇ ਦੁਖੀ
ਭਟਕਦੇ ਤੇ ਗੁੰਮਰਾਹ ਹੁੰਦੇ ਬਿਨਾ ਵਜਾਹ ।

ਜਿਦ ਵਾਲਾ ਪੱਖ ਰੱਖਣ ਬਹਿਸਾਂ ਤਕਰਾਰਾਂ ਵਿੱਚ,
ਮੈਂ ਨਾ ਮਾਨੂੰ ਵਾਲੀ ਗੱਲ ਤੇ ਰਹਿਣ ਅੜ੍ਹੇ ।
ਭਲਾਈ ਕਰਨ ਵਾਲਾ ਅਲੰਬਰਦਾਰ ਦੱਸੇ ਵੱਡਾ,
ਅੰਦਰੋ ਅੰਦਰੀ ਈਰਖਾ ਨਾਲ ਰਹਿਣ ਸੜ੍ਹੇ ।

ਕੰਮ ਕਰੋ ਜੀਹਦੇ ਵਿਚ ਨਾਲੇ ਪੁੰਨ ਤੇ ਨਾਲੇ ਫ਼ਲੀਆਂ,
ਨਿਮਰਤਾ ਤੇ ਸਬਰ ਨਾਲ ਵੰਡੋ ਖੁਸ਼ੀਆਂ ਤੇ ਹਾਸੇ।
ਝਗੜਿਆਂ ਤੋਂ ਗੁਰੇਜ਼,ਮਿਲ ਬੈਠ ਕੇ ਕਰੋ ਨਿਪਟਾਰੇ,
ਰੌਣਕ ਮੇਲੇ ਲੱਗਣ ਲੋਕਾਈ ਦੇ,ਚਲਣ ਰੰਗ ਤਮਾਸ਼ੇ।

ਖੁਸ਼ੀ ਨਾ ਉਗੇ ਖੇਤ ਵਿਚ ਨਾ ਮਿਲੇ ਕਿਸੇ ਬਾਜ਼ਾਰ,
ਆਪਣੇ ਅੰਦਰੋਂ ਖੋਜ ਲੈ ਭਰਿਆ ਪਿਆ ਭੰਡਾਰ।
ਕੁਦਰਤ ਤੇ ਮਨੁੱਖਤਾ ਨੂੰ ਪਿਆਰਨ ਵਿੱਚ ਹੀ ਹੈ ਪੁੰਨ,
ਵਧੀਆ ਨਤੀਜਿਆਂ ਲਈ ਕਰਨਾਂ ਪੈਂਦਾ ਇੰਤਜ਼ਾਰ।

**ਲੇਖਕ : ਅਮਰਜੀਤ ਸਿੰਘ ਤੂਰ**
**ਸੰਪਰਕ :** 9878469639

## ਧੀਆਂ ਤੇ ਮਾਣ ਕਰੋ

ਇਹ ਧੀ ਏ ਨਮੋਲ਼ ਦੀ
ਜੋ ਖੜੀ ਸੱਚ ਬੋਲਦੀ
ਝਿੱਪ ਕੇ ਨਾ ਗੱਲ ਕਰੇ
ਸਾਰੇ ਸ਼ਬਦਾਂ ਨੂੰ ਤੋਲਦੀ
ਨਿਡਰ ਨਿਧੜਕ ਹੋ ਕੇ
ਏਹ ਹਕੂਮਤ ਵੰਗਾਰਦੀ
ਲੜਾਈ ਹੱਕ ਸੱਚ ਦੇ ਏ
ਲੜਾਈ ਆਰ ਪਾਰ ਦੀ
ਨਿੱਕੇ ਜਿਹੇ ਦੀਵੇ ਦੀ ਤਾਂ
ਜੋ ਮੱਚਦੀ ਹੋਈ ਲੋਅ ਏ
ਅੱਖਾਂ ਦੀ ਚਮਕ ਵਿੱਚ
ਕੋਈ ਭਰਿਆ ਜਲੌਅ ਏ
ਜੁੱਗਾਂ ਦਾ ਹੀ ਯੁੱਧ ਚੱਲੇ
ਸਾਰੀ ਗੱਲ ਏ ਵਿਚਾਰ ਦੀ
ਲੜਾਈ ਹੱਕ ਸੱਚ ਦੀ ਏ
ਲੜਾਈ ਆਰ ਪਾਰ ਦੀ
ਸਿੱਧੇ ਸਾਦੇ ਪਿੰਡ ਦੀ ਤਾਂ
ਧੀ ਬੜੀ ਸਿਆਣੀ ਏ
ਸੰਘਰਸ਼ ਦੀ ਗੱਲ ਵੱਡੀ
ਪਰ ਮੱਤ ਨਾ ਨਿਆਣੀ ਏ
ਜਾਲਿਮ ਹਕੂਮਤ ਇਹ ਤਾਂ
ਸਾਰੀ ਸਾਨੂੰ ਫਿਰੇ ਚਾਰਦੀ
ਲੜਾਈ ਹੱਕ ਸੱਚ ਦੀ ਏ
ਲੜਾਈ ਆਰ ਪਾਰ ਦੀ
ਡਰਨਾ ਨਾ ਸਿੱਖਿਆ ਏ
ਜੰਗ ਦੇ ਮੈਦਾਨਾਂ ਵਿੱਚ
ਰੱਖੀ ਏ ਯਕੀਨ ਅਸੀਂ
ਸੁਰਜੀ ਅਸਮਾਨਾਂ ਵਿੱਚ
ਡੋਲੀਏ ਨਾ 'ਜੀਤ' ਕਦੇ
ਗੱਲ ਦੁਨੀਆਂ ਪੁਕਾਰਦੀ
ਲੜਾਈ ਹੱਕ ਸੱਚ ਦੀ ਏ
ਲੜਾਈ ਆਰ ਪਾਰ ਦੀ

**ਸਰਬਜੀਤ ਸਿੰਘ ਨਮੋਲ**
9877358044



# ਨਾਰੀ ਸੰਸਾਰ



ਲਿਖਤ : ਸ਼ਮਸ਼ੇਰ ਸਿੰਘ ਸੋਹੀ




ਬਚਪਨ ਇਕ ਅਜਿਹੀ ਅਵਸਥਾ ਹੁੰਦੀ ਹੈ, ਜਿਸ ਸਮੇਂ ਬੱਚੇ ਨੂੰ ਚੰਗੇ-ਮਾੜੇ ਦੀ ਪਹਿਚਾਣ ਨਹੀਂ ਹੁੰਦੀ। ਬਚਪਨ ਵਿਚ ਪਈਆਂ ਆਦਤਾਂ ਸਮਾਂ ਪਾ ਕੇ ਪੱਕ ਜਾਂਦੀਆਂ ਹਨ। ਇਸ ਕਰਕੇ ਮਾਂ-ਬਾਪ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਮਾੜੀਆਂ ਆਦਤਾਂ ਬਚਪਨ ਵਿਚ ਹੀ ਨਾ ਪੈਣ ਦਿੱਤੀਆਂ ਜਾਣ ਕਿਉਂਕਿ ਬਚਪਨ ਵਿਚ ਚੰਗੀਆਂ ਆਦਤਾਂ ਪਾਉਣੀਆਂ ਵੱਡੀ ਉਮਰ ਦੇ ਮੁਕਾਬਲੇ ਸੌਖੀਆਂ ਹੁੰਦੀਆਂ ਹਨ। ਮਾਂ ਹੀ ਬੱਚੇ ਦਾ ਪਹਿਲਾ ਅਧਿਆਪਕ ਹੁੰਦੀ ਹੈ। ਮਾਂ ਹੀ ਹੁੰਦੀ ਹੈ ਜੋ ਬੱਚੇ ਨੂੰ ਅਧਿਆਤਮਿਕ ਤੇ ਸਮਾਜਿਕ ਸਿੱਖਿਆ ਦਿੰਦੀ ਹੈ। ਉਹ ਬੱਚੇ ਨੂੰ ਸੱਚ ਬੋਲਣਾ, ਆਪਣੇ ਤੋਂ ਵੱਡੇ ਦੀ ਇੱਜ਼ਤ ਕਰਨਾ, ਸਵੇਰੇ ਜਲਦੀ ਉੱਠਣਾ ਤੇ ਮਿੱਠਾ ਬੋਲਣਾ ਸਿਖਾਉਂਦੀ ਹੈ।

ਸਾਫ਼-ਸੁਥਰੇ ਬੱਚੇ ਨੂੰ ਵੇਖ ਕੇ ਹਰ ਇਕ ਦਾ ਮਨ ਖ਼ੁਸ਼ ਹੁੰਦਾ ਹੈ। ਇਸ ਕਰਕੇ ਬੱਚੇ ਨੂੰ ਸਕੂਲ ਜਾਣ ਸਮੇਂ ਤੋਂ ਹੀ ਨਹਾਉਣ ਤੇ ਕੱਪੜੇ ਸਾਫ਼-ਸੁਥਰੇ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ। ਸਕੂਲ ਤੋਂ ਜੋ ਵੀ ਕੰਮ ਮਿਲਦਾ ਹੈ, ਬੱਚੇ ਨੂੰ ਹਰ ਰੋਜ਼ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਬੱਚਾ ਅਕਸਰ ਦੇਖ ਕੇ ਜਾਂ ਸੁਣ ਕੇ ਸਿੱਖਦਾ ਹੈ। ਇਸ ਕਰਕੇ ਬੱਚੇ ਦੇ ਸਾਹਮਣੇ ਸਹੀ ਵਤੀਰਾ ਰੱਖਣਾ ਚਾਹੀਦਾ ਹੈ ਤੇ ਭੱਦੀ ਸ਼ਬਦਾਵਲੀ ਵਰਤਣ ਤੋਂ ਬਚਣਾ ਚਾਹੀਦਾ ਹੈ।

ਬੱਚੇ ਨੂੰ ਬਚਪਨ ਤੋਂ ਹੀ ਘਰ ਆਏ ਮਹਿਮਾਨ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਤੇ ਉਨ੍ਹਾਂ ਦੇ ਲਾਗੇ ਆ ਕੇ ਬੈਠਣ ਲਈ ਸਿਖਾਉਣਾ ਚਾਹੀਦਾ ਹੈ। ਬੱਚੇ ਨੂੰ ਬਚਪਨ ਤੋਂ ਹੀ ਫ਼ਜ਼ੂਲ ਖ਼ਰਚੀ ਤੋਂ ਪ੍ਰਹੇਜ਼ ਤੇ ਜੇਬ ਖ਼ਰਚ ਲਈ ਮਿਲਦੇ ਪੈਸਿਆਂ ਵਿਚੋਂ ਕੁਝ ਪੈਸੇ ਜਮ੍ਹਾਂ ਕਰਨ ਲਈ ਦੱਸਣਾ ਚਾਹੀਦਾ ਹੈ, ਤਾਂ ਕਿ ਉਹ ਆਪਣੀ ਪੜ੍ਹਾਈ ਲਈ ਜ਼ਰੂਰੀ ਵਸਤਾਂ ਖ਼ਰੀਦ ਸਕੇ। ਨਹਾਉਣ ਸਮੇਂ ਜਾਂ ਹੱਥ ਧੋਂਦੇ ਸਮੇਂ ਘੱਟ ਪਾਣੀ ਵਰਤਣ, ਕਮਰੇ ਤੋਂ ਬਾਹਰ ਨਿਕਲਣ ਸਮੇਂ ਵਾਧੂ ਬੱਲਬ, ਪੱਖੇ ਬੰਦ ਕਰਨ, ਮੋਬਾਈਲ ਦੀ ਘੱਟ ਵਰਤੋਂ ਕਰਨ, ਘੱਟ ਟੀ.ਵੀ. ਦੇਖਣ ਦੀਆਂ ਆਦਤਾਂ ਬੱਚੇ ਵਿਚ ਬਚਪਨ ਤੋਂ ਹੀ ਪਾਉਣੀਆਂ ਚਾਹੀਦੀਆਂ ਹਨ। ਬੱਚਿਆਂ ਨੂੰ ਬਚਪਨ ਤੋਂ ਹੀ ਬਰਗਰ, ਨੂਡਲਜ਼, ਪੀਜ਼ਾ ਖਾਣ ਤੋਂ ਰੋਕਣਾ ਚਾਹੀਦਾ ਹੈ ਤੇ ਭੋਜਨ ਸੰਬੰਧੀ ਚੰਗੀਆਂ ਆਦਤਾਂ ਪਾਉਣੀਆਂ ਚਾਹੀਦੀਆਂ ਹਨ ਤੇ ਖਾਣਾ ਜਿੰਨਾ ਖਾਣਾ ਹੈ ਓਨਾ ਹੀ ਪਾਉਣ ਲਈ ਸਿਖਾਉਣਾ ਚਾਹੀਦਾ ਹੈ। ਖਾਣਾ ਖਾਣ ਤੋਂ ਪਹਿਲਾਂ ਹੱਥ ਧੋਣੇ, ਰਾਤ ਤੇ ਸਵੇਰ ਸਮੇਂ ਦੰਦ ਸਾਫ਼ ਕਰਨ ਦੀ ਆਦਤ ਬੱਚੇ ਨੂੰ ਬਚਪਨ ਵਿਚ ਹੀ ਪਾਉਣੀ ਚਾਹੀਦੀ ਹੈ। ਬੱਚੇ ਕਈ ਵਾਰ ਮਾਪਿਆਂ ਦੇ ਮੋਬਾਈਲ 'ਤੇ ਆਈ ਕਾਲ ਸੁਣ ਲੈਂਦੇ ਹਨ ਪਰ ਸਹੀ ਤਰੀਕੇ ਨਾਲ ਗੱਲ ਨਹੀਂ ਕਰ ਪਾਉਂਦੇ। ਇਸ ਲਈ ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਛੋਟੀ ਉਮਰ ਵਿਚ ਮੋਬਾਈਲ ਤੋਂ ਦੂਰ ਹੀ ਰੱਖਣ ਤਾਂ ਚੰਗਾ ਹੈ। ਖੇਡਣ ਲਈ ਬੱਚਿਆਂ ਨੂੰ ਸਮਾਂ ਦਿੱਤਾ ਜਾਵੇ ਪਰ ਮੋਬਾਈਲ 'ਤੇ ਗੇਮਾਂ ਨਾ ਖਿਡਾਈਆਂ ਜਾਣ। ਕਈ ਵਾਰ ਬੱਚੇ ਇਕੱਲੇ ਘਰ ਹੁੰਦੇ ਹਨ, ਇਸ ਲਈ ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਘਰ ਇਕੱਲੇ ਰਹਿਣ ਸਮੇਂ ਜ਼ਰੂਰੀ ਗੱਲਾਂ ਜ਼ਰੂਰ ਦੱਸਣ।




ਲਿਖਤ: ਹਰਕੀਰਤ ਕੌਰ
ਮੋਬਾਈਲ: 97791-18066

ਤੁਸੀਂ ... ਵਿਚ ਤੁਸੀਂ ... ਹੋਵੋਗੇ ... ਤੁਹਾਡੇ ਨਜ਼ਰੀਏ ਉੱਪਰ ਨਿਰਭਰ ਕਰਦਾ ਹੈ। ਕੋਈ ਚਿੱਕੜ ਵਿਚ ਉੱਗੇ ਕਮਲ ਉੱਪਰ ਧਿਆਨ ਕੇਂਦਰਿਤ ਕਰੇਗਾ ਅਤੇ ਕੋਈ ਇਕੱਲਾ ਚਿੱਕੜ ਵੇਖੇਗਾ। ਆਮ ਹੀ ਗੱਲ ਸੁਣਨ ਨੂੰ ਮਿਲ ਜਾਂਦੀ ਹੈ ਕਿ ਅੱਧੇ ਪਾਣੀ ਦੇ ਗਿਲਾਸ ਨੂੰ ਵੇਖਣ ਦੇ ਦੋ ਤਰੀਕੇ ਹਨ। ਸਾਕਾਰਾਤਮਿਕ ਸੋਚ ਵਾਲਾ ਵਿਅਕਤੀ ਹਮੇਸ਼ਾ ਅੱਧੇ ਭਰੇ ਗਿਲਾਸ ਬਾਰੇ ਸੋਚੇਗਾ ਅਤੇ ਨਕਾਰਾਤਮਿਕ ਸੋਚ ਰੱਖਣ ਵਾਲੇ ਵਿਅਕਤੀ ਨੂੰ ਅੱਧਾ ਗਿਲਾਸ ਖਾਲੀ ਨਜ਼ਰ ਆਵੇਗਾ। ਕੋਈ ਵਿਅਕਤੀ ਅੱਜ ਤੱਕ ਪੂਰਨ ਨਹੀਂ ਹੋਇਆ। ਹਰ ਵਿਅਕਤੀ ਵਿਚ ਕੋਈ ਨਾ ਕੋਈ ਕਮੀ ਰਹਿ ਜਾਂਦੀ ਹੈ। ਪਰ ਸਾਡੀ ਸੋਚ ਦਾ ਦਾਇਰਾ ਵਿਸ਼ਾਲ ਹੋਣਾ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਦੀ ਸਾਡੀ ਸੋਚ ਹੋਵੇਗੀ, ਉਸੇ ਤਰ੍ਹਾਂ ਦੀ ਸ਼ਖ਼ਸੀਅਤ ਉੱਭਰ ਕੇ ਲੋਕਾਂ ਸਾਹਮਣੇ ਆਵੇਗੀ। ਇਥੇ ਇਹ ਵੀ ਗੱਲ ਯਕੀਨੀ ਹੈ ਕਿ ਹਰ ਕੋਈ ਤੁਹਾਡੇ ਹੱਕ ਵਿਚ ਨਹੀਂ ਖੜ੍ਹਾ ਹੋਵੇਗਾ। ਜਿਥੇ ਤੁਹਾਡੇ ਪ੍ਰਸ਼ੰਸਕ ਹੋਣਗੇ, ਉਥੇ ਤੁਹਾਡੇ ਨਿੰਦਕ ਵੀ ਹੋਣਗੇ। ਜਿਥੇ ਤੁਹਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨ ਵਾਲੇ ਤੁਹਾਡੇ ਨਾਲ ਖੜ੍ਹੇ ਹੋਣਗੇ, ਇਸ ਦੇ ਉਲਟ ਜਿਸ ਪੌੜੀ ਉੱਪਰ ਚੜ੍ਹ ਕੇ ਤੁਸੀਂ ਉੱਪਰ ਜਾ ਰਹੇ ਹੋ, ਉਹ ਖਿੱਚਣ ਵਾਲੇ ਵੀ ਬਹੁਤ ਲੋਕ ਹੋਣਗੇ।

ਹੁਣ ਇਹ ਨਿਰਭਰ ਸਾਡੇ ਉੱਪਰ ਕਰਦਾ ਹੈ ਕਿ ਅਸੀਂ ਧਿਆਨ ਕਿਸ ਉੱਪਰ ਕੇਂਦਰਿਤ ਕਰਨਾ ਹੈ, ਮਾੜੀਆਂ ਚੀਜ਼ਾਂ ਉੱਪਰ ਜਾਂ ਉਨ੍ਹਾਂ ਹਾਲਤਾਂ ਉੱਪਰ ਜੋ ਸਾਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰ ਰਹੀਆਂ ਹਨ। ਜ਼ਿੰਦਗੀ ਇਕ ਸੰਘਰਸ਼ ਹੈ। ਇਸ ਵਿਚ ਆਏ ਦਿਨ ਕੋਈ ਨਵੀਂ ਚੁਣੌਤੀ ਤੁਹਾਡੇ ਮੂਹਰੇ ਆ ਖੜ੍ਹੀ ਹੋਵੇਗੀ। ਕਈ ਵਾਰ ਤਾਂ ਹਾਲਾਤ ਏਦਾਂ ਦੇ ਬਣ ਜਾਂਦੇ ਹਨ ਕਿ ਜਿਸ ਬਾਰੇ ਕਦੇ ਸੋਚਿਆ ਨਹੀਂ ਹੁੰਦਾ, ਅਜਿਹੀਆਂ ਘੜੀਆਂ ਵਿਚ ਮਨੁੱਖ ਦਾ ਡੋਲਣਾ ਸੁਭਾਵਿਕ ਹੀ ਹੈ, ਪਰ ਹਿੰਮਤੀ ਲੋਕ ਡਿਗਦੇ ਹਨ ਅਤੇ ਫਿਰ ਉੱਠਦੇ ਹਨ। ਉਹ ਹਰ ਮਾੜੇ ਚੰਗੇ ਹਾਲਾਤ ਦਾ ਸਾਹਮਣਾ ਕਰਦੇ ਹਨ ਤੇ ਨਵੀਂ ਸਵੇਰ ਨਾਲ ਨਵੀਂ ਸ਼ੁਰੂਆਤ ਕਰਦੇ ਹਨ।

ਹਰ ਵਿਅਕਤੀ ਚਾਹੁੰਦਾ ਹੈ ਕਿ ਉਹ ਕਾਮਯਾਬ ਹੋਵੇ, ਉਸ ਦੀ ਇਕ ਵੱਖਰੀ ਪਹਿਚਾਣ ਹੋਵੇ, ਪਰ ਇਸ ਪਿੱਛੇ ਕਿ ਰਾਜ਼ ਹੈ, ਸਾਕਾਰਾਤਮਿਕ ਸੋਚ ਅਤੇ ਦ੍ਰਿੜ੍ਹ ਵਿਹਾਰ ਦਾ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਦੋਵਾਂ ਨੂੰ ਆਪਣੇ ਸਾਥੀ ਮੰਨ ਮੰਜ਼ਿਲ ਵੱਲ ਵਧਣ ਬਾਰੇ ਸੋਚਿਆ, ਉਹ ਹਮੇਸ਼ਾ ਚੋਟੀ ਨੂੰ ਸਰ ਕਰਕੇ ਵਾਪਸ ਪਰਤੇ ਹਨ। ਸਾਡੀ ਸਾਰਥਕ ਸੋਚ ਸਾਨੂੰ ਬਹੁਤ ਅਗਾਂਹ ਲੈ ਜਾਂਦੀ ਹੈ, ਜਦੋਂ ਕਿ ਨਕਾਰਾਤਮਿਕ ਸੋਚ ਹਮੇਸ਼ਾ ਪਿਛਾਂਹਖਿੱਚੂ ਹੁੰਦੀ ਹੈ। ਹੁਣ ਇਹ ਸਾਡੇ ਉੱਪਰ ਨਿਰਭਰ ਕਰਦਾ ਹੈ ਕਿ ਅਸੀਂ ਆਪਣੀ ਮੰਜ਼ਿਲ ਕਿਹੜੀ ਅਤੇ ਕਿਵੇਂ ਮਿੱਥਣੀ ਹੈ। ਅਸੀਂ ਕਿਸ ਸੋਚ ਦੇ ਧਾਰਨੀ ਬਣਨਾ ਹੈ, ਇਹ ਵੀ ਸਾਡੇ ਉੱਪਰ ਹੀ ਨਿਰਭਰ ਕਰਦਾ ਹੈ। ਚੰਗੀ ਸੋਚ ਦੇ ਬੀਜ ਹਮੇਸ਼ਾ ਅਗਾਂਹਵਧੂ ਹੁੰਦੇ ਹਨ। ਸੋ, ਸਾਡਾ ਯਤਨ ਰਹਿਣਾ ਚਾਹੀਦਾ ਹੈ ਕਿ ਅਸੀਂ ਹਮੇਸ਼ਾ ਚੰਗੀ, ਉੱਚੀ-ਸੁੱਚੀ ਸੋਚ ਦੇ ਧਾਰਨੀ ਹੋਈਏ ਅਤੇ ਹਮੇਸ਼ਾ ਮੰਜ਼ਿਲਾਂ ਦੀਆਂ ਪੈੜਾਂ ਨੱਪਦੇ ਰਹੀਏ।

## ਚਮਕਦਾਰ ਫਰਨੀਚਰ ਨਾਲ ਬਣਦੀ ਹੈ ਘਰ ਦੀ ਸ਼ਾਨ

ਮੌਕਾ ਚਾਹੇ ਦੀਵਾਲੀ, ਕ੍ਰਿਸਮਸ ਜਾਂ ਈਦ ਵਰਗੇ ਤਿਉਹਾਰਾਂ ਦਾ ਹੋਵੇ ਜਾਂ ਆਮ ਦਿਨਾਂ ਦੀ ਗੱਲ ਹੋਵੇ। ਘਰ ਵਿਚ ਜੇਕਰ ਕੋਈ ਮਹਿਮਾਨ ਜਾਂ ਗਵਾਂਢੀ ਆਉਂਦਾ ਹੈ ਅਤੇ ਤੁਹਾਡੇ ਘਰ ਦਾ ਸਾਫ਼-ਸੁਥਰਾ ਤੇ ਚਮਕਦਾਰ ਫਰਨੀਚਰ ਦੇਖ ਕੇ ਤੁਹਾਡੇ ਮੂੰਹ 'ਤੇ ਉਸ ਦੀ ਤਾਰੀਫ਼ ਨਹੀਂ ਵੀ ਕਰਦਾ ਤਾਂ ਵੀ ਇਸ ਨਾਲ ਨਿਸ਼ਚਿਤ ਰੂਪ ਵਿਚ ਉਹ ਪ੍ਰਭਾਵਿਤ ਹੁੰਦਾ ਹੈ ਕਿਉਂਕਿ ਤਰੀਕੇ ਨਾਲ ਸਜਿਆ, ਸਾਫ਼-ਸੁਥਰਾ ਅਤੇ ਚਮਕਦਾ ਫਰਨੀਚਰ ਹਰ ਕਿਸੇ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਪਰ ਸਾਡੇ ਭਾਰਤੀਆਂ ਦੀ ਇਕ ਖ਼ਾਸ ਆਦਤ ਹੈ ਕਿ ਤਿਉਹਾਰਾਂ ਮੌਕੇ ਤਾਂ ਅਸੀਂ ਦਿਨ-ਰਾਤ ਇਕ ਕਰ ਕੇ ਘਰ ਦੀ ਸਾਫ਼-ਸਫ਼ਾਈ ਕਰਦੇ ਹਾਂ ਪਰ ਬਾਕੀ ਸਮੇਂ ਅਸੀਂ ਨਾ ਤਾਂ ਘਰ ਦੀ ਸਾਫ਼-ਸਫ਼ਾਈ 'ਤੇ ਜ਼ਿਆਦਾ ਜ਼ੋਰ ਦਿੰਦੇ ਹਾਂ ਅਤੇ ਨਾ ਹੀ ਫਰਨੀਚਰ ਨੂੰ ਚਮਕਾਉਣ ਦੀ ਕੋਸ਼ਿਸ਼ ਕਰਦੇ ਹਾਂ ਜਦ ਕਿ ਜੇਕਰ ਹਰ ਸਮੇਂ ਘਰ ਦੀ ਸਾਫ਼-ਸਫ਼ਾਈ ਵਿਚ ਥੋੜ੍ਹਾ ਬਹੁਤ ਹੱਥ ਲਗਾਉਂਦੇ ਰਹੀਏ ਤਾਂ ਤਿਉਹਾਰਾਂ 'ਤੇ ਵਾਧੂ ਮਿਹਨਤ ਕਰਨ ਦੀ ਜ਼ਰੂਰਤ ਨਹੀਂ ਪਵੇਗੀ।

ਫਿਲਹਾਲ ਹਰ ਸਮਾਜ ਦਾ ਆਪਣਾ ਸੱਭਿਆਚਾਰ ਹੁੰਦਾ ਹੈ। ਆਓ, ਜਾਣਦੇ ਹਾਂ ਕਿ ਸਾਧਾਰਨ ਦਿਨਾਂ ਵਿਚ ਕਿਸ ਢੰਗ ਨਾਲ ਆਪਣੇ ਫਰਨੀਚਰ ਦੀ ਦੇਖਭਾਲ ਕਰੀਏ ਕਿ ਉਹ ਘਰ ਆਉਣ ਵਾਲੇ ਹਰ ਵਿਅਕਤੀ ਨੂੰ ਆਕਰਸ਼ਿਤ ਕਰੇ। ਪਹਿਲਾਂ ਤਾਂ ਅਸੀਂ ਇਸ ਗੱਲ ਨੂੰ ਸਮਝੀਏ ਕਿ ਫਰਨੀਚਰ ਦਾ ਮਤਲਬ ਸਿਰਫ਼ ਸੋਫ਼ਾ, ਡ੍ਰਾਇੰਗ ਰੂਮ ਵਿਚ ਸਜੇ ਸ਼ੋਅ ਪੀਸ ਜਾਂ ਡਾਇਨਿੰਗ ਮੇਜ਼ ਹੀ ਨਹੀਂ ਹੈ। ਅਲਮਾਰੀ ਅਤੇ ਆਧੁਨਿਕ ਰਸੋਈ ਵੀ ਹੁਣ ਫਰਨੀਚਰ ਦਾ ਹੀ ਜ਼ਰੂਰੀ ਹਿੱਸਾ ਹੈ। ਜੇਕਰ ਅਸੀਂ ਆਪਣੇ ਘਰ ਦੇ ਫਰਨੀਚਰ ਦੀ ਸਹੀ ਢੰਗ ਨਾਲ ਦੇਖਭਾਲ ਕਰੀਏ ਤਾਂ



ਫਰਨੀਚਰ ਨਾ ਸਿਰਫ਼ ਲੰਮੇ ਸਮੇਂ ਤੱਕ ਚੱਲਦਾ ਹੈ, ਸਗੋਂ ਲਗਾਤਾਰ ਚਮਕਦਾ ਹੋਇਆ ਨਵੇਂ ਫਰਨੀਚਰ ਵਰਗਾ ਵੀ ਲੱਗਦਾ ਹੈ। ਅੱਜਕਲ੍ਹ ਲੋਕ ਉਂਝ ਵੀ 'ਵੁਡਨ ਵਰਕ' 'ਤੇ ਕਾਫ਼ੀ ਖ਼ਰਚ ਕਰਦੇ ਹਨ ਤੇ ਫਰਨੀਚਰ ਦੀ ਲਗਾਤਾਰ ਦੇਖਭਾਲ ਦੀ ਆਦਤ ਵੀ ਸਾਨੂੰ ਪਾ ਹੀ ਲੈਣੀ ਚਾਹੀਦੀ ਹੈ।

ਇਸ ਲਈ ਸਾਨੂੰ ਕੁਝ ਰੈਡੀਮੇਡ ਸਾਫ਼-ਸਫ਼ਾਈ ਦੇ ਢੰਗਾਂ ਤੋਂ ਬਚਣਾ ਚਾਹੀਦਾ ਹੈ। ਜਿਵੇਂ ਅਲਮਾਰੀ ਜਾਂ ਸੋਫ਼ੇ ਨੂੰ ਚਮਕਾਉਣ ਲਈ ਵੈਕਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਵੈਕਸ ਨਾਲ ਇਕ ਵਾਰ ਫਰਨੀਚਰ ਚਮਕ ਤਾਂ ਜਾਂਦਾ ਹੈ ਪਰ ਫਿਰ ਇਸ ਚਿਕਨਾਈ ਦੀ ਵਜ੍ਹਾ ਕਰਕੇ ਇਸ ਵਿਚ ਧੂੜ, ਮਿੱਟੀ ਚਿੰਬੜਦੀ ਰਹਿੰਦੀ ਹੈ, ਜਿਸ ਕਾਰਨ ਫਰਨੀਚਰ ਨਾ ਸਿਰਫ਼ ਗੰਦਾ ਦਿਸਣ ਲਗਦਾ ਹੈ ਸਗੋਂ ਖ਼ਰਾਬ ਵੀ ਹੋਣ ਲਗਦਾ ਹੈ। ਇਸ ਨਾਲ ਉਹ ਸਥਾਈ ਰੂਪ ਵਿਚ ਆਪਣੀ ਚਮਕ ਗਵਾ ਦਿੰਦਾ ਹੈ। ਜਦੋਂ ਵੀ ਅਲਮਾਰੀ ਆਦਿ ਦੀ ਚਿਕਨਾਈ ਦੂਰ ਕਰੋ ਤਾਂ ਉਸ ਲਈ ਬੇਕਿੰਗ ਸੋਢੇ ਵਿਚ ਪਾਣੀ ਮਿਲਾ ਕੇ ਇਕ ਗਾੜ੍ਹਾ ਜਿਹਾ ਘੋਲ ਬਣਾ ਲਓ ਅਤੇ ਇਸ ਘੋਲ ਨੂੰ ਹਰ ਉਸ ਥਾਂ 'ਤੇ ਲਗਾਓ, ਜਿਥੇ ਦਾਗ ਧੱਬੇ ਦਿਸਦੇ ਹਨ। ਘੋਲ ਨੂੰ ਇਨ੍ਹਾਂ ਦਾਗ਼ ਧੱਬਿਆਂ 'ਤੇ ਥੋੜ੍ਹੀ ਦੇਰ ਲਈ ਛੱਡ ਦਿਓ, ਫਿਰ ਹਲਕੇ-ਹਲਕੇ ਨਾਲ ਪੂੰਝ ਦਿਓ। ਇਸੇ ਢੰਗ ਨਾਲ ਫਰਨੀਚਰ ਵਿਚ ਜੰਮੇ ਤੇਲ ਨੂੰ ਹਟਾਉਣ ਲਈ ਗਰਮ ਪਾਣੀ ਵਿਚ ਅਮੋਨੀਆ ਪਾਓ ਅਤੇ ਇਕ ਸਪੰਜ ਨੂੰ ਉਸ ਵਿਚ ਭਿਉਂ ਕੇ ਪੂੰਝ ਲਓ। ਇਸ ਦੇ ਤੁਰੰਤ ਬਾਅਦ ਸੁੱਕੇ ਕੱਪੜੇ ਨਾਲ ਫਰਨੀਚਰ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਪੂੰਝ ਦਿਓ ਤਾਂ ਕਿ ਪਾਣੀ ਤੇ ਨਮੀ ਨੂੰ ਫਰਨੀਚਰ ਆਪਣੇ ਅੰਦਰ ਜਜ਼ਬ ਨਾ ਕਰ ਸਕੇ। ਜੇਕਰ ਤੁਹਾਡੇ ਘਰ ਦੀ ਲੱਕੜੀ ਦਾ ਫਰਨੀਚਰ ਵਾਰਨਿਸ਼ ਵਾਲਾ ਹੈ ਤਾਂ ਹਰ ਦਿਨ ਇਸ ਨੂੰ ਸੁੱਕੇ ਕੱਪੜੇ ਨਾਲ ਸਾਫ਼ ਕਰੋ ਤਾਂ ਕਿ ਧੂੜ ਅਤੇ ਗੰਦਗੀ ਦੀ ਪਰਤ ਨਾ ਜੰਮ ਸਕੇ। ਫਰਨੀਚਰ ਦੀ ਧੂੜ ਤੇ ਮਿੱਟੀ ਨੂੰ ਸਾਫ਼ ਕਰਨ ਲਈ ਵੈਕਿਊਮ ਕਲੀਨਰ ਦੀ ਵਰਤੋਂ ਕਰਨਾ ਵੀ ਸਹੀ ਰਹਿੰਦਾ ਹੈ। ਹਾਂ, ਗਿੱਲੇ ਕੱਪੜੇ ਨਾਲ ਜਾਂ ਕਿਸੇ ਤਰਲ ਜਿਵੇਂ ਅਲਕੋਹਲ ਆਦਿ ਨਾਲ ਫਰਨੀਚਰ ਦੀ ਸਫ਼ਾਈ ਕਰਨ ਤੋਂ ਬਚੋ ਤਾਂ ਜ਼ਿਆਦਾ ਠੀਕ ਹੈ।

# ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

.............................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

.............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09



# ਪਛਤਾਵਾ

**ਲੇਖਿਕਾ : ਮਨਪ੍ਰੀਤ ਕੌਰ ਭਾਟੀਆ**
**ਐਮ .ਏ, ਬੀ .ਐੱਡ। ਫ਼ਿਰੋਜ਼ਪੁਰ ਸ਼ਹਿਰ ।**

ਅੱਜ ਐਤਵਾਰ ਵਾਲੇ ਦਿਨ ਮੈਂ ਆਪਣੇ ਪਿੰਡ ਜਾਣ ਦਾ ਮਨ ਬਣਾਇਆ, ਭਾਵੇਂ ਮੈਨੂੰ ਆਪਣੇ ਪਰਿਵਾਰ ਸਮੇਤ ਪਿੰਡੋਂ ਸ਼ਹਿਰ ਵਸਿਆਂ ਕਈ ਵਰ੍ਹੇ ਹੋ ਗਏ ਸੀ। ਪਰ ਪਿੰਡ, ਜਿਥੇ ਮੈਂ ਆਪਣਾ ਬਚਪਨ ਗੁਜਾਰਿਆ,ਜਿੱਥੇ ਜਵਾਨੀ ਬੀਤੀ ਨਾਲ ਮੈਨੂੰ ਅੰਤਾਂ ਦਾ ਮੋਹ ਸੀ। ਸੋ ਆਪਣੇ ਪੁਰਾਣੇ ਬੇਲੀ -ਮਿੱਤਰਾਂ ਨੂੰ ਮਿਲਣ ਦਾ ਮਨ ਬਣਾ ਮੈਂ ਆਪਣੇ ਪਿੰਡ ਵੱਲ ਚੱਲ ਪਿਆ।

ਅੱਜ ਕਈ ਵਰ੍ਹਿਆਂ ਬਾਅਦ ਪੁਰਾਣੇ ਲੰਗੋਟੀਏ ਯਾਰ ਮੈਨੂੰ ਮਿਲ ਕੇ ਅੰਤਾਂ ਦੇ ਪ੍ਰਸੰਨ ਹੋਏ। ਸਭ ਨਾਲ ਹਾਸਾ- ਠੱਠਾ ਕਰ ਕੇ ਦੁਪਿਹਰੋਂ ਬਾਅਦ ਮੈਂ ਵਾਪਿਸ ਮੁੜ ਪਿਆ, ਪਰ ਘਰ ਪਰਤਣ ਤੋਂ ਪਹਿਲਾ ਮੈਂ ਉਸ ਗਲੀ 'ਚੋਂ, ਉਸ ਘਰ ਕੋਲੋਂ ਗੁਜ਼ਰਨਾ ਚਾਹੁੰਦਾ ਸੀ, ਜਿਥੇ ਅਸੀਂ ਪੂਰਾ ਪਰਿਵਾਰ ਚਾਚੇ -ਤਾਏ ਸਭ ਮਿਲ ਜੁਲ ਕੇ ਇਕੱਠੇ ਰਿਹਾ ਕਰਦੇ ਸੀ, ਪਰ ਜਰੂਰਤਾਂ ਤੇ ਸਹੂਲਤਾਂ ਦੀ ਲੋੜ ਕਾਰਨ ਸਭ ਅਲੱਗ -ਅਲੱਗ ਸ਼ਹਿਰਾਂ 'ਚ ਜਾ ਵਸੇ ਸੀ।

ਸੋ ਉਸ ਗਲੀ 'ਚ ਹੁੰਦੇ ਹੋਏ ਆਪਣੇ ਘਰ ਦੇਖਕੇ, ਜੋ ਕਦੇ ਸਾਡਾ ਹੁੰਦਾ ਸੀ, ਮੈਨੂੰ ਚਾਅ ਜਿਹਾ ਚੜ੍ਹ ਗਿਆ । ਹੁਣ ਇਸ ਦੀ ਦਿੱਖ ਵੀ ਬਦਲ ਕੇ ਬਹੁਤ ਸੋਹਣੀ ਹੋ ਗਈ ਸੀ। ਆਸੇ -ਪਾਸੇ ਹੋਰ ਵੀ ਘਰ ਕਾਫੀ ਵਧੀਆ ਬਣ ਗਏ ਸੀ, ਪਰ ਸਾਡੇ ਬਿਲਕੁਲ ਗੁਆਂਢ ਵਾਲਾ ਘਰ, ਜੋ ਕਿ ਕਦੇ ਪਿੰਡ 'ਚੋਂ ਸਭ ਤੋਂ ਵਧੀਆ ਹੁੰਦਾ ਸੀ, ਹੁਣ ਬਹੁਤ ਹੀ ਖਸਤਾ ਹਾਲਤ ਵਿਚ ਸੀਲ ਇਹ ਦੇਖ ਕੇ ਮੈਨੂੰ ਦੁੱਖ ਵੀ ਹੋਇਆ ਹੈ ਅਤੇ ਹੈਰਾਨੀ ਵੀ। ਮੈਂ ਇਸ ਬਾਰੇ ਸੋਚ ਹੀ ਰਿਹਾ ਸੀ ਕੇ ਅਚਾਨਕ ਮੈਨੂੰ ਕਿਸੇ ਔਰਤ ਦੇ ਉੱਚੀ-ਉੱਚੀ ਹੱਸਣ ਤੇ ਫਿਰ ਰੋਣ ਦੀ ਆਵਾਜ਼ ਸੁਣਾਈ ਦਿਤੀ, ਜੋ ਕਿ ਉਸੇ ਗੁਆਂਢ ਵਾਲੇ ਘਰ 'ਚੋਂ ਆ ਰਹੀ ਸੀ। ਮੈਂ ਹੈਰਾਨ ਹੋਇਆ ਉਸ ਘਰ ਅੰਦਰ ਵੜ ਗਿਆ, ਪਰ ਅੰਦਰ ਦਾ ਦ੍ਰਿਸ਼ ਬੜਾ ਹੀ ਡਰਾਉਣਾ ਜਿਹਾ ਸੀ। ਅਜ਼ੀਬ ਜਿਹੀ ਹੁੰਮਸ ਸਾਰੇ ਘਰ ਵਿਚ ਫੈਲੀ ਹੋਈ ਸੀ। ਇਕ ਕਮਜ਼ੋਰ ਜਿਹੀ ਬਜੁਰਗ ਔਰਤ ਹੇਠਾਂ ਜ਼ਮੀਨ 'ਤੇ ਬੈਠੀ ਹੋਈ ਆਪਣੇ- ਆਪ ਵਿੱਚ ਈ ਬੁੜ-ਬੁੜ ਕਰ ਰਹੀ ਸੀ। ਉਸ ਦੇ ਵਾਲ ਬੁਰੀ ਤਰਾਂ ਖਿਲਰੇ ਪਏ, ਗੰਦੇ ਜਿਹੇ ਕੱਪੜੇ ਪਾਏ ਹੋਏ,ਜਿਵੇਂ ਕਈ ਦਿਨਾਂ ਤੋਂ ਨਹਾਤੀ ਨਾ ਹੋਵੇ। ਉਸ ਦੇ ਸਰੀਰ ਅਤੇ ਕੱਪੜਿਆਂ ਤੇ ਗੋਡੇ -ਗੋਡੇ ਮੈਲ ਦੂਰੋਂ ਹੀ ਲਿਸ਼ਕਾਂ ਮਾਰ ਰਹੀ ਸੀਲ ਪੂਰੇ ਘਰ ਵਿਚ ਅਜ਼ੀਬ ਜਿਹੀ ਬਦਬੂ ਫੈਲੀ ਹੋਈ ਸੀ। ਮੈਂ ਜਲਦੀ ਨਾਲ ਬਾਹਰ ਵੱਲ ਜਾਣ ਲੱਗਾ ਤਾਂ ਉਹ ਔਰਤ ਚੀਕੀ, "ਜਰਨੈਲ ਪੁੱਤ ! ਆ ਗਿਆ ਤੂੰ....ਲ" ਤੇ ਉਹ ਭੱਜ ਕੇ ਮੇਰੇ ਨਾਲ ਆ ਲੱਗੀ।

ਮੈਂ ਜਿਵੇਂ ਅਚਾਨਕ ਹੋਏ ਹਮਲੇ ਤੋਂ ਘਬਰਾ ਗਿਆ। "ਮੈਂ.... ਮੈਂ ....ਜਰਨੈਲ ਨਹੀਂ..... ਪ" ਮੈਂ ਉਸ ਔਰਤ ਨੂੰ ਪਰਾਂ ਕਰਨ ਲਈ ਗੁੱਸੇ ਵਿੱਚ ਜ਼ੋਰ ਲਗਾਇਆ, ਪਰ ਉਸ ਨੇ ਮੈਨੂੰ ਘੁੱਟ ਕੇ ਫੜ ਲਿਆ ਅਤੇ ਉੱਚੀ-ਉੱਚੀ ਰੋਣ ਲੱਗੀ। ਮੈਂ ਧਿਆਨ ਨਾਲ ਦੇਖਿਆ, ਇਹ ਹੱਡੀਆਂ ਦੀ ਮੁੱਠ ਬਣੀ ਪਈ ਔਰਤ ਤਾਂ ਸ਼ਰਨਜੀਤ ਸੀ, ਜੋ ਕਈ ਸਾਲ ਪਹਿਲਾ ਹੱਟੀ -ਕੱਟੀ, ਬੜੇ ਹੀ ਰੋਅਬ - ਦਾਅਬ ਵਾਲੀ ਔਰਤ ਸੀ। ਉਦੋਂ ਪੂਰੇ ਪਿੰਡ ਵਿੱਚ ਇਹਨਾਂ ਦੇ ਪਰਿਵਾਰ ਦੀ ਬੜੀ ਧੌਂਸ ਹੁੰਦੀ ਸੀ। ਸਾਰੇ ਪਿੰਡ ਵਾਲੇ ਇਹਨਾਂ ਕੋਲੋਂ ਡਰਦੇ ਸੀ। ਇਨ੍ਹਾਂ ਦਾ ਇਕੋ -ਇੱਕ ਮੁੰਡਾ ਜਰਨੈਲ ਪੂਰਾ ਬਦਮਾਸ਼ ਸੀ, ਪਰ ਜਦ ਇਨ੍ਹਾਂ ਨੇ ਜਰਨੈਲ ਨੂੰ ਵਿਆਹਿਆ ਸੀ, ਤਾਂ ਪੂਰੇ ਪਿੰਡ ਇਨ੍ਹਾਂ ਦੀ ਵਾਹ -ਵਾਹ ਹੋ ਗਈ ਸੀ। ਇਨ੍ਹਾਂ ਦੀ ਨੂੰਹ ਜਸਬੀਰ ਸਾਰੇ ਪਿੰਡ 'ਚੋਂ ਸੋਹਣੀ ਤੇ ਗੁਣੀ ਆਈ ਹੋਣ ਕਾਰਨ ਸਾਰਿਆਂ ਦੀ ਜ਼ੁਬਾਨ 'ਤੇ ਉਸ ਦਾ ਹੀ ਨਾਂਅ ਰਹਿੰਦਾ। ਉਸ ਨੇ ਆਉਂਦਿਆਂ ਹੀ ਸਾਰਾ ਘਰ ਸੰਭਾਲ ਲਿਆ ਸੀ ਤੇ ਉਹ ਸੱਸ-ਸੁਹਰੇ, ਪਤੀ ਦਾ ਬਹੁਤ ਆਦਰ -ਮਾਣ ਕਰਨ ਵਾਲੀ ਸਾਊ ਔਰਤ ਸੀ। ਪਰ ਅਜੇ ਵਿਆਹ ਹੋਇਆਂ ਕੁਝ ਹੀ ਮਹੀਨੇ ਬੀਤੇ ਸੀ ਕਿ ਅਚਾਨਕ ਇੱਕ ਦਿਨ ਪਤਾ ਲੱਗਾ ਕਿ ਜਸਬੀਰ ਬੁਰੀ ਤਰਾਂ ਸੜ ਗਈ ਐ ਤੇ ਹਸਪਤਾਲ 'ਚ ਐ। ਸਭ ਹੈਰਾਨ ਤੇ ਪ੍ਰੇਸ਼ਾਨ ਕੀ ਇੰਝ ਅਚਾਨਕ.....ਲ ਤੇ ਜਦ ਪਤਾ ਲੱਗਾ ਕਿ ਗਹਿਰੇ ਜਖਮਾਂ ਦੀ ਤਾਬ ਨਾ ਝੱਲਦੀ ਹੋਈ ਉਹ ਦਮ ਤੋੜ ਗਈ ਤਾਂ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ। ਸਭ ਉਸ ਦੀ ਅਨਿਆਈ ਮੌਤ 'ਤੇ ਹੈਰਾਨ ਸੀ। ਜਦ ਕੁੜੀ ਦੇ ਪੇਕੇ ਪਰਿਵਾਰ ਨੂੰ ਪਤਾ ਲੱਗਾ ਤਾਂ ਪਤਾ ਲੱਗਦੇ ਹੀ ਕੁੜੀ ਦੀ ਮਾਂ ਨੂੰ ਸਦਮੇ ਕਾਰਨ ਦਿਲ ਦਾ ਦੌਰਾ ਪੈ ਗਿਆ ਤੇ ਉਹ ਥਾਂਏ ਪੂਰੀ ਹੋ ਗਈ ।

ਕੁਝ ਲੋਕ ਤਾਂ ਦੱਬੀ ਜ਼ੁਬਾਨ 'ਚ ਇਹ ਵੀ ਕਹਿੰਦੇ ਸੁਣੇ ਗਏ ਕਿ ਜਸਬੀਰ ਦੀ ਮੌਤ ਸ਼ਰਨਜੀਤ ਹੁਰਾਂ ਦਾ ਈ ਕੰਮ ਐ। ਪਰ ਉਨ੍ਹਾਂ ਤੋਂ ਡਰਦਾ ਕੋਈ ਉਨ੍ਹਾਂ ਦੇ ਖਿਲਾਫ਼ ਬੋਲਿਆ ਤੱਕ ਨਹੀਂ ਸੀ।

"ਫੇਰ... ਫੇਰ...ਕੌ.... ਕੌਣ... ਕੌਣ.. ਐ ਤੂੰ?" ਸ਼ਰਨਜੀਤ ਲੜਖੜਾਉਦੀ ਆਵਾਜ਼ 'ਚ ਬੋਲੀ ਤਾਂ ਮੈਂ ਇਕਦਮ ਅਜੀਤ 'ਚੋਂ ਵਰਤਮਾਨ 'ਚ ਮੁੜ ਆਇਆ। ਮੈਂ ਉਸ ਨੂੰ ਯਾਦ ਕਰਵਾਇਆ ਕਿ 'ਅਸੀਂ ਕੁੱਝ ਵਰ੍ਹੇ ਪਹਿਲਾ ਥੋਡੇ ਗੁਆਂਢ 'ਚ ਰਹਿੰਦੇ ਹੁੰਦੇ ਸੀ...। ਮੈਂ ਦੀਪਾ..... ਗੁਰਸ਼ਰਨ ਸਿੰਘ ਦਾ ਮੁੰਡਾ ।' ਮੈਂ ਉਸ ਨੂੰ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ।

"ਅੱਛਾ, ਅੱਛਾ...ਦੀਪ .....।" ਉਹ ਉੱਚੀ -ਉੱਚੀ ਹੱਸਣ ਲੱਗੀ। "ਦੀਪਾ !" ਉਹ ਫਿਰ ਉੱਚਾ ਹੱਸੀ। ਮੈਂ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੇਰਾ ਹੱਥ ਫੜ ਕੇ ਬਿਠਾ ਲਿਆ।

"ਬਹਿ ਜਾ ਪੁੱਤ, ਬਹੁਤ ਚਿਰ ਬਾਅਦ ਮੇਰੇ ਘਰ ਅੰਦਰ ਕੋਈ ਆਇਆ ਏ । ਨਹੀਂ ਤਾਂ ਏਥੇ ਤਾਂ ਸਾਰੇ ਮੈਨੂੰ ਪਾਗਲ ਈ ਕਹਿੰਦੇ ਨੇ। ਪੁੱਤ ਮੈਂ ਤੈਨੂੰ ਵੀ ਪਾਗਲ ਲੱਗਦੀ ਆ?" ਤੇ ਉਹ ਮੇਰੇ ਮੂੰਹ ਵੱਲ ਝਾਕਣ ਲੱਗੀ। ਪਰ ਮੇਰੇ ਕੁੱਝ ਬੋਲਣ ਤੋਂ ਪਹਿਲਾ ਈ ਉਹ ਬੋਲੀ। "ਮੈਂ ਪਾਗਲ ਨਹੀਂ... ਮੈਨੂੰ ਤਾਂ ਦੁੱਖਾਂ ਨੇ ਅੱਧਮਰੀ ਕਰ ਦਿਤਾ ਏ। ਹੁਣ ਤਾਂ ਨਾ ਖਾਣ -ਪੀਣ ਦੀ ਹੋਸ਼। ਨਾ ਹੀ ਕਿਸੇ ਹੋਰ ਕੰਮ ਦੀ। ਬਹਿ ਜਾ ਪੁੱਤ ਮੇਰੀ ਪੂਰੀ ਗੱਲ ਸੁਣ ਕੇ ਜਾਂਵੀਂ, ਨਹੀਂ ਤਾਂ ਮਰਨ ਤੋਂ ਬਾਅਦ ਵੀ ਮੇਰੀ ਰੂਹ ਨੂੰ ਸ਼ਾਂਤੀ ਨਹੀਂ ਮਿਲਣੀ " "ਜਦ ਦਾ ਜਰਨੈਲ..... ਤੇ ਮੇਰਾ ਘਰ ਵਾਲਾ ਮੈਨੂੰ ਛੱਡ ਕੇ ਗਏ ਨੇ। ਮੈਂ ਤਾ ਜਿਉਂਦੇ ਜੀਅ ਮਰ ਗਈ।" "ਉਹ ਕਿੱਥੇ ਚਲੇ ਗਏ ਨੇ?" ਮੇਰਾ ਇਨ੍ਹਾਂ ਕਹਿੰਦੇ ਈ ਉਹ ਉੱਚੀ -ਉੱਚੀ ਰੋਣ ਲੱਗੀ ਲਈ। "ਇਹ ਤਾ ਸਾਡੇ ਪਾਪਾਂ ਦਾ ਈ ਫਲ ਐ। ਅੱਜ ਤੈਨੂੰ ਸ਼ਾਇਦ ਉਸ ਰੱਬ ਨੇ ਈ ਭੇਜਿਆ ਮੇਰਾ ਦੁੱਖ ਸੁਣਨ ਨੂੰ। ਹੁਣ ਤਾ ਬੱਸ ਉਸ ਘੜੀ ਨੂੰ ਪਈ ਉਡੀਕਦੀ ਆ, ਜਦ ਮੈਨੂੰ ਮੌਤ ਆ ਜਾਵੇ, ਪਰ ਉਹ ਭੈੜੀ ਵੀ ਨਹੀਂ ਆਉਂਦੀ ਲ" ਮੇਰਾ ਕੋਈ ਹੁੰਗਾਰਾ ਸੁਣੇ ਬਿਨਾਂ ਈ ਉਸ ਨੇ ਆਪਣੀ ਗੱਲ ਜਾਰੀ ਰੱਖੀ। "ਪੁੱਤਰਾਂ ਤੈਨੂੰ ਕੀ ਦੱਸਾਂ ! ਜਦ ਦੀ ਜਸਬੀਰ ਗਈ ਐ ਸਾਡੇ ਘਰ ਦੀਆਂ ਖੁਸੀਆਂ ਵੀ ਨਾਲ ਹੀ ਚਲੀਆਂ ਗਈਆਂ। ਅਸੀਂ ਪੁਲਿਸ ਤੋਂ ਤਾਂ ਚਲਾਕੀ ਨਾਲ ਬਚ ਗਏ। ਸਿਆਣੇ ਠੀਕ ਈ ਕਹਿੰਦੇ ਆ, ਸਭ ਬੁਰੇ ਕੰਮਾਂ ਦਾ ਫਲ ਇਸ ਧਰਤੀ 'ਤੇ ਈ ਆ। ਮੈਂ ਜਿਹੜੀ ਕਦੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ, ਰੱਬ ਦੀ ਐਸੀ ਮਾਰ ਵੱਜੀ ਕਿ ਹੁਣ ਮੌਤ ਨੂੰ ਆਵਾਜਾ ਮਾਰਦੀ ਆ। ਸਭ ਪਾਗਲ ਕਹਿੰਦੇ ਨੇ ਮੈਨੂੰ " "ਜਦ ਜਸਵੀਰ ਮਰੀ ਤਾਂ ਅਸੀਂ ਝੱਟ ਮੁੰਡੇ ਦਾ ਦੂਜਾ ਵਿਆਹ ਕਰਵਾ ਦਿਤਾ। ਚੋਖਾ ਦਾਜ ਆਇਆ, ਜਿਸਦੀ ਸਾਨੂੰ ਤਾਂਘ ਸੀ , ਘਰ ਭਰ ਦਿਤਾ ਉਨ੍ਹਾਂ ਸਮਾਨ ਨਾਲ । ਮੈਂ ਵੀ ਚੋੜੀ ਹੋਈ ਫਿਰਦੀ ਸੀ ਕਿ ਕੀ ਕਰ ਲਿਆ ਕਿਸੇ.... ਆਪਣੀ ਮਨ ਆਈ ਕਰ ਕੇ ਛੱਡੀ। ਕੁੱਝ ਵਕਤ ਤਾ ਸੋਹਣਾ ਬੀਤ ਗਿਆ, ਪਰ ਦੂਜੀ ਨਾਲ ਵੀ ਨਾ ਮੇਰੀ ਨਿਭੀ। ਅਗੋ ਉਹ ਵੀ ਬੜੀ ਤੇਜ ਸੀ। ਆਖਿਰ ਇੱਕ ਦਿਨ ਮੈਂ ਮੁੰਡੇ ਨੂੰ ਕਹਿ ਹੀ ਦਿਤਾ ਬਈ ਤਲਾਕ ਲੈ ਲਾ ਇਸ ਤੋਂ, ਜਾਂ ਇਸਨੂੰ ਵੀ ਪਾਰ ਬੁਲਾ ਦੇ। ਪਰ ਮੁੰਡੇ ਨੂੰ ਪਤਾ ਨਹੀਂ ਕੀ ਹੋਇਆ ਸਾਨੂੰ ਬਿਨਾਂ ਦੱਸੇ ਦੂਜੇ ਸ਼ਹਿਰ ਦੀ ਬਦਲੀ ਕਰਵਾ ਲਈ ਤੇ ਵਹੁਟੀ ਨੂੰ ਨਾਲ ਲੈ ਕੇ ਐਸਾ ਗਿਆ ਕੇ ਅੱਜ ਤੱਕ ਸ਼ਕਲ ਨਹੀਂ ਵਿਖਾਈ। ਬੱਸ ਕਿਸੇ ਐਨਾ ਹੀ ਦੱਸਿਆ ਕੇ ਅਜੇ ਤੱਕ ਬੱਚਾ ਨਹੀਂ ਹੋਇਆ ਉਸ ਦੇ। ਇੰਨੇ ਸਾਲ ਬੀਤਣ ਤੇ ਵੀ ਉਹ ਔਲਾਦ ਦਾ ਮੂੰਹ ਵੇਖਣ ਨੂੰ ਤਰਸ ਰਿਹਾ। ਸੁਣਿਆ ਐ ਉਸ ਨੇ ਸਭ ਬੁਰੇ ਕੰਮ ਵੀ ਛੱਡ ਦਿੱਤੇ ਤੇ ਵਾਲ ਰੱਖ ਕੇ ਅੰਮ੍ਰਿਤ ਵੀ ਛਕ ਲਿਆ। ਉਹ ਸਿੱਧੇ ਰਾਹ ਤੇ ਆ ਗਿਆ, ਪਰ ਮੇਰੀ ਸਾਰ ਕਦੇ ਵੀ ਨਹੀਂ ਲੈਣ ਆਇਆ। ਹੁਣ ਸਾਰਾ ਕੀਮਤੀ ਸਮਾਨ ਇਸ ਘਰ ਵਿਚ ਰੁਲਦਾ ਫਿਰਦਾ, ਪਰ ਵਰਤਣ ਵਾਲਾ ਈ ਕੋਈ ਨਹੀਂ ।"

"ਤੇਰੇ ਅੰਕਲ ਨੂੰ ਤਾ ਜਰਨੈਲ ਦੇ ਜਾਣ ਮਗਰੋਂ ਕੁੱਝ ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪੈ ਗਿਆ ਤੇ ਉਹ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਏ.... ਤੇ ਮੈਨੂੰ ਸਭ ਦੇ ਵਿਛੋੜੇ ਨੇ ਅੱਧੀ ਪਾਗਲ ਕਰ ਦਿਤਾ। ਹੁਣ ਤਾ ਇੱਕਲੀ ਬੈਠੀ ਨੂੰ ਰੱਬ ਵੀ ਯਾਦ ਆਉਂਦਾ ਏ ਤੇ ਆਪਣੇ ਮਾੜੇ ਕਰਮ ਵੀ ।"

"ਜਸਬੀਰ ਤੇ... ਤੇ....ਮੈਂ ਖੁਦ ਮਿੱਟੀ ਦਾ ਤੇਲ ਪਾਇਆ। ਹੁਣ ਤਾਂ ਰਾਤੀ ਰੋਜ ਸੁਪਨੇ ਵਿੱਚ ਵੀ ਆਓਂਦੀ ਏ। ਤੇ ਦਿਨੇ ਵੀ ਚਾਰੇ ਪਾਸੇ ਉਹ ਮੈਨੂੰ ਮਿੰਨਤਾਂ ਪਾਉਂਦੀ ਦਿਖਾਈ ਦਿੰਦੀ ਏ। 'ਨਾ ਮਾਰੋ ਮੈਨੂੰ, ਨਾ ਮਾਰੋ......।' ਪਰ ਮੈਂ ਬਲਦੀ ਤੀਲੀ ਐਸੀ ਉਸ ਵੱਲ ਸੁਟੀ ਕਿ ਉਹ ਮਿੰਟਾ ਵਿੱਚ ਹੀ ਚੀਕਦੀ- ਚਲਾਉਦੀ ਸੜ ਕੇ ਸੁਆਹ ਹੋ ਗਈ । ਜਿਉਂਦੀ ਨੂੰ ਅੱਗ ਨਾਲ ਸਾੜ ਸੁਟਿਆ ਮੈਂ। ਉਹ ਬੰਦ ਕਮਰੇ ਵਿੱਚ ਚੀਕਦੀ ਰਹੀ, ਤੜਫਦੀ ਰਹੀ ਤੇ ਅਸੀਂ ਬੇਪਰਵਾਹ ਹੋਏ ਟੀ.ਵੀ. ਉੱਚੀ ਆਵਾਜ ਵਿੱਚ ਛੱਡ ਕੇ ਹੱਸਦੇ ਰਹੇ। ਬੱਸ ਉਹੀ ਹਾਸਾ ਲੈ ਬੈਠਾ ਸਾਨੂੰ ਤੇ ਜਦ ਉਹ ਬੁਰੀ ਤਰਾਂ ਸੜ ਗਈ ਤਾਂ ਚੰਗੇ ਬਣਨ ਲਈ ਅਸੀਂ ਚੀਕਾਂ ਮਾਰਦੀ ਤੇ ਤੜਫਦੀ ਨੂੰ ਹਸਪਤਾਲ ਲੈ ਗਏ, ਜਿਥੇ ਲਿਜਾਦਿਆਂ ਹੀ ਕੁੱਝ ਦੇਰ ਬਾਅਦ ਉਹ... ।" "ਮੈਨੂੰ ਉਸ ਦੀਆਂ ਚੀਕਾਂ ਸੁਣਾਈ ਦੇਂਦੀਆ ਨੇ....ਉਹ ਚੀਕ ਰਹੀ ਏ... ਉਹ ਚੀਕ ਰਹੀ ਏ.... ਉਹ.......। ਤੈਨੂੰ ਸੁਣੀਆਂ ਉਸ ਦੀਆਂ ਚੀਕਾਂ?" 'ਤੇ ਉਸ ਨੇ ਆਪਣੇ ਕੰਨ ਹਥੇਲੀਆਂ ਨਾਲ ਘੁੱਟ ਲਏ।

"ਇਸ ਸੁੰਨਸਾਨ ਪਏ ਘਰ ਵਿੱਚ ਉਸ ਦੀਆਂ ਚੀਕਾਂ ਗੂੰਜਦੀਆਂ ਨੇ ਲ" ਉਹ ਆਪਣੇ ਵਾਲ ਪੁੱਟਦੀ ਫਿਰ ਚੀਕਣ ਲੱਗੀ, "ਕੀ ਕਰਾਂ, ਮੈਂ ਕੀ ਕਰਾਂ? ਦੱਸ ਦੀਪੇ ਕੀ ਕਰਾਂ?" ਉਹ ਕਾਹਲੀ ਕਾਹਲੀ ਬੋਲਦੀ ਫਿਰ ਉੱਚੀ -ਉੱਚੀ ਰੋਣ ਲੱਗ ਪਈਲ ਮੈਂ ਘੜੀ ਵੱਲ ਵੇਖਿਆ ਆਖਰੀ ਬੱਸ ਜਾਣ ਵਿੱਚ ਬਹੁਤ ਘੱਟ ਵਕਤ ਰਹਿ ਗਿਆ ਸੀ। ਮੈਂ ਚਾਹ ਕੇ ਵੀ ਹੋਰ ਰੁਕ ਨਾ ਸਕਿਆਲ ਮੈਂ ਖੜ੍ਹਾ ਹੁੰਦਿਆਂ ਉਸ ਤੋਂ ਇਜਾਜਤ ਮੰਗੀ।

" ਵੇ ਪੁੱਤਰਾਂ ਇੱਕ ਕੰਮ ਕਰੀਂ ਲ" ਮੈਨੂੰ ਉਠਦੇ ਦੇਖ ਜਿਵੇਂ ਉਸ ਦੀ ਲੇਰ ਜਿਹੀ ਨਿਕਲ ਗਈ। ਮੈਂ ਉਸ ਵੱਲ ਦੇਖਦਿਆਂ ਬੋਲਿਆ, "ਦੱਸੋ?" .

ਉਹ ਹੱਥ ਜੋੜ ਕੇ ਬੋਲੀ, " ਬੱਸ.... ਬੱਸ ਰੱਬ ਅੱਗੇ ਦੁਆ ਕਰੀਂ....! ਮੈਨੂੰ ਛੇਤੀ ਚੁੱਕ ਲਵੇ ।" 'ਤੇ ਉਹ ਫਿਰ ਉਸੇ ਤਰਾਂ ਕੁਰਲਾਉਣ ਲੱਗੀ। ਮੈਂ ਉਦਾਸ ਤੇ ਪ੍ਰੇਸ਼ਾਨ ਹੋਇਆ ਜਲਦੀ ਨਾਲ ਉਥੋਂ ਬਾਹਰ ਨਿਕਲ ਆਇਆ। ਸੱਚਮੁੱਚ ਅੱਜ ਉਸ ਦੀਆਂ ਗੱਲਾਂ ਸੁਣ ਕੇ ਮੇਰਾ ਦਿਲ ਦਹਿਲ ਗਿਆ ਸੀ। ਹਨੇਰਾ ਹੋ ਰਿਹਾ ਸੀ। ਮੈਂ ਰੱਬ ਦਾ ਨਾਮ ਲੈਂਦਾ ਜਲਦੀ ਨਾਲ ਬੱਸ ਸਟੈਂਡ ਵੱਲ ਕਦਮ ਪੁੱਟਣ ਲੱਗਾ ।

# ਬ੍ਰਿਟੇਨ ਵਿੱਚ ਭੁੱਖਿਆਂ ਦਾ ਢਿੱਡ ਭਰ ਰਹੇ ਪੰਜਾਬੀ ਨੌਜਵਾਨਾਂ ਦੀ ਕਹਾਣੀ

ਬ੍ਰਿਟੇਨ ਵਿੱਚ ਸਿੱਖਾਂ ਵੱਲੋਂ ਚਲਾਈ ਜਾ ਰਹੀ ਇੱਕ ਚੈਰਿਟੀ ਸੰਸਥਾ ਭੁੱਖੇ ਲੋਕਾਂ ਦਾ ਢਿੱਡ ਭਰ ਰਹੀ ਹੈ। ਸੋਲ ਫੇਡ ਨਾਮ ਦੀ ਇਸ ਸੰਸਥਾ ਦੀ ਸਥਾਪਨਾ ਦੀਪਕ ਸਿੰਘ ਨੇ ਸਾਲ 2017 ਵਿੱਚ ਕੀਤੀ ਸੀ ਅਤੇ ਇਸ ਸੰਸਥਾ ਦਾ ਮੁੱਖ ਮਕਸਦ ਭੁੱਖੇ ਲੋਕਾਂ ਜਾਂ ਖਾਣੇ ਦੀ ਕਮੀ ਨਾਲ ਜੂਝ ਰਹੇ ਲੋਕਾਂ ਨੂੰ ਖਾਣਾ ਮੁਹੱਈਆ ਕਰਵਾਉਣਾ ਹੈ।

ਸੰਸਥਾ ਇਲਫੋਰਡ ਵਿੱਚ ਕੁਲਚਾ ਐਕਸਪ੍ਰੈਸ ਰੈਸਟੋਰੈਂਟ ਦੇ ਮਾਲਕ ਅਤੇ ਸ਼ੈਫ ਰਾਮਜਿੰਦਰ ਮਾਨ ਪਲਵਿੰਦਰ ਸਿੰਘ ਨਾਲ ਮਿਲ ਕੇ ਕੰਮ ਕਰਦੀ ਹੈ ਅਤੇ ਉਹ ਮਿਲ ਕੇ ਪੂਰੇ ਏਸਕਸ ਵਿੱਚ ਸੈਂਕੜੇ ਮੁਫ਼ਤ ਭੋਜਨ ਦੇ ਡੱਬੇ ਲੋੜਵੰਦਾਂ ਨੂੰ ਵੰਡਦੇ ਹਨ।

ਉਹ ਹਰੇਕ ਸ਼ੁੱਕਰਵਾਰ ਨੂੰ ਇਲਫੋਰਡ ਦੇ ਕਨਾਟ ਰੋਡ, ਵਿੱਚ ਫੂਡ ਕਲੈਕਸ਼ਨ ਪੁਆਇੰਟ 'ਤੇ ਭੋਜਨ ਵੰਡਦੇ ਹਨ। ਦੀਪਕ ਸਿੰਘ ਨਾਲ 100 ਤੋਂ ਵੱਧ ਵਲੰਟੀਅਰ ਜੁੜੇ ਹੋਏ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਹਫ਼ਤਾਵਾਰੀ ਵੰਡਿਆ ਜਾਣ ਵਾਲਾ ਖਾਣਾ, "ਸਾਰਿਆਂ ਲਈ ਹੈ ਅਤੇ ਜਿੰਨੀ ਮਰਜ਼ੀ ਗਿਣਤੀ ਵਿੱਚ ਲੋਕ ਆ ਕੇ ਖਾਣਾ ਲੈ ਸਕਦੇ ਹਨ।" ਦੀਪਕ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਸੇਵਾ ਗਰੀਬ ਲੋਕਾਂ ਲਈ ਖਾਣੇ ਦੀ ਕਮੀ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਸੀ। ਉਨ੍ਹਾਂ ਦਾ ਕਹਿਣਾ ਹੈ, "ਅਸੀਂ ਜਾਤ ਅਤੇ ਧਰਮ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਸੀ ਕਿਸਮਤ ਪੱਖੋਂ ਮਾੜੇ ਹਨ ਅਤੇ ਅਸੀਂ ਦੇਖਿਆ ਕਿ ਉਹ ਲੋਕ ਕਿੰਨੇ ਲੋੜਵੰਦ ਹਨ।"

"ਅਸੀਂ ਸੋਸ਼ਲ ਮੀਡੀਆ 'ਤੇ ਵੀ ਦੇਖਦੇ ਹੁੰਦੇ ਸੀ, ਇਸ ਲਈ ਅਸੀਂ ਉਨ੍ਹਾਂ ਲੋਕਾਂ ਲਈ ਸੋਲ ਫੇਡ ਸੰਸਥਾ ਦੀ ਸਥਾਪਨਾ ਕੀਤੀ ਜੋ ਖਾਣੇ ਲਈ ਲੋੜਵੰਦ ਸਨ।" ਦੀਪਕ ਕਰੀਬ ਪਿਛਲੇ 20 ਸਾਲਾਂ ਤੋਂ ਲੋੜਵੰਦਾਂ ਦੀ ਮਦਦ ਕਰਦੇ ਆ ਰਹੇ ਹਨ ਪਰ ਉਹ ਜੋ ਕੁਝ ਵੀ ਕਰ ਰਹੇ ਸਨ ਉਸ ਨੂੰ ਇੱਕ ਰਸਮੀ ਰੂਪ ਦੇਣ ਦਾ ਫ਼ੈਸਲਾ ਕੀਤਾ।" ਲੋਕਾਂ ਨੂੰ ਪੰਜਾਬੀ ਰਵਾਇਤੀ ਖਾਣਾ ਦਿੱਤਾ ਜਾਂਦਾ ਹੈ, ਜੋ ਕੁਲਚਾ ਐਕਸਪ੍ਰੈੱਸ ਵੱਲੋਂ ਦਾਨ ਕੀਤਾ ਜਾਂਦਾ ਹੈ। ਇਸ ਖਾਣੇ ਨੂੰ ਇਲਫੋਰਡ ਰੋਡ 'ਤੇ ਫੂਡ ਪੁਆਇੰਟ 'ਤੇ ਇਕੱਠਾ ਕੀਤਾ ਜਾਂਦਾ ਹੈ। ਸੰਸਥਾ ਭੋਜਨ ਦੀ ਡਿਲੀਵਰੀ ਵੀ ਕਰਦੀ ਹੈ।




ਸੰਸਥਾ ਕੋਲ ਲਗਭਗ ਹਰ ਉਮਰ ਅਤੇ ਧਰਮ ਦੇ ਲੋਕ ਪਹੁੰਚਦੇ ਹਨ, ਇਨ੍ਹਾਂ ਵਿੱਚ ਕੁਝ ਬੇਘਰ ਤੇ ਬੇਰੁਜ਼ਗਾਰ ਵੀ ਸ਼ਾਮਲ ਹਨ। ਇਸ ਲੋਕ ਸੰਸਥਾ ਤੱਕ ਜਾਂ ਤਾਂ ਫੋਨਾਂ ਰਾਹੀਂ ਪਹੁੰਚਦੇ ਹਨ ਜਾਂ ਸੋਸ਼ਲ ਮੀਡੀਆ ਰਾਹੀਂ ਪਹੁੰਚਦੇ ਹਨ। ਇਸ ਤੋਂ ਇਲਾਵਾ ਸੰਸਥਾ ਨੂੰ ਹੋਰ ਚੈਰਿਟੀ ਸੰਸਥਾਵਾਂ ਵੀ ਸੰਪਰਕ ਕਰਦੀਆਂ ਹਨ, ਜੋ ਉਨ੍ਹਾਂ ਨੂੰ ਲੋੜਵੰਦ ਲੋਕਾਂ ਬਾਰੇ ਜਾਣਕਾਰੀ ਦਿੰਦੀਆਂ ਹਨ। ਸੰਸਥਾ ਸੇਵਾ ਮੁਹੱਈਆ ਕਰਵਾਉਣ ਤੋਂ ਪਹਿਲਾਂ ਹਰੇਕ ਕੇਸ ਦਾ ਮੁਲਾਂਕਣ ਕਰਦੀ ਹੈ।

ਦੀਪਕ ਦਾ ਕਹਿਣਾ ਹੈ, "ਅਸੀਂ ਰਹਿਣ-ਸਹਿਣ ਦੇ ਖਰਚੇ ਵਿੱਚ ਵਾਧੇ ਕਾਰਨ ਮੁਫਤ ਭੋਜਨ ਖਾਣ ਲਈ ਆਉਣ ਵਾਲੇ ਲੋਕਾਂ ਵਿੱਚ ਲਗਭਗ 50 ਫੀਸਦ ਵਾਧਾ ਦੇਖਿਆ ਹੈ ਅਤੇ ਇਹ ਖਾਣਾ ਵੀ ਦਰਅਸਲ, ਵਧੀਆ ਹੁੰਦਾ ਹੈ।"

ਉਹ ਅੱਗੇ ਦੱਸਦੇ ਹਨ, "ਅਸੀਂ ਦੇਖਿਆ ਹੈ ਹੋਰ ਲੋਕ ਵੀ ਆ ਰਹੇ ਹਨ ਅਤੇ ਇਹ ਕੋਈ ਸਮੱਸਿਆ ਨਹੀਂ ਕਿਉਂਕਿ ਅਸੀਂ ਹੋਰ ਸੇਵਾ ਕਰਾਂਗੇ।"

### ਇੰਗਲੈਂਡ ਵਿੱਚ ਖਾਣੇ ਦੀ ਕਮੀ ਨਾਲ ਜੂਝਦੇ ਲੋਕ

ਐਂਟੀ ਪੋਵਰਟੀ ਚੈਰਿਟੀ ਟਰੁਸੈਲ ਟਰੱਸਟ ਮੁਤਾਬਕ, ਯੂਕੇ ਵਿੱਚ ਲੱਖਾਂ ਲੋਕ ਭੁੱਖ ਨਾਲ ਲੜ ਰਹੇ ਹਨ ਅਤੇ ਹਰ ਪੰਜਾਂ ਮਗਰ ਇੱਕ ਬੱਚਾ ਕਈ ਪਰੇਸ਼ਾਨੀਆਂ ਤੇ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਹੈ। ਇੰਗਲੈਂਡ ਦੇ 9 ਵਿੱਚੋਂ 5 ਖੇਤਰਾਂ ਵਿੱਚ ਅਪ੍ਰੈਲ 2023 ਅਤੇ ਮਾਰਚ 2024 ਦੇ ਵਿਚਕਾਰ ਭੋਜਨ ਪਾਰਸਲ ਦੀ ਵਿਵਸਥਾ ਵਿੱਚ ਵਾਧਾ ਦੇਖਿਆ ਗਿਆ। ਇੰਗਲੈਂਡ ਦੇ ਪੂਰਬ ਵਿੱਚ ਭੋਜਨ ਦੇ ਪਾਰਸਲਾਂ ਦੀ ਗਿਣਤੀ ਵਿੱਚ ਵੀ 8 ਫੀਸਦ ਵਾਧਾ ਹੋਇਆ, ਜਿਨ੍ਹਾਂ ਦੀ ਗਿਣਤੀ ਕੁੱਲ ਮਿਲਾ ਕੇ 350,000 ਬਣਦੀ ਹੈ। ਤਾਜ਼ਾ ਡੇਟਾ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਬ੍ਰਿਟੇਨ ਵਿੱਚ 63 ਲੱਖ ਬਾਲਗ ਅਤੇ 30 ਲੱਖ ਬੱਚੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ ਇਨ੍ਹਾਂ ਲੋਕਾਂ ਵੱਲੋਂ ਜ਼ਿਆਦਾਤਰ ਫੂਡ ਬੈਂਕ ਵਰਤੇ ਜਾਣ ਦੀ ਸੰਭਾਵਨਾ ਹੈ ਜਾਂ ਅਜਿਹਾ ਕਰਨ ਦੇ ਜੋਖ਼ਮ ਵੱਲ ਵਧ ਰਹੇ ਹਨ।

ਮਾਰਚ 2023 ਤੱਕ ਦਾ ਕੁੱਲ ਅੰਕੜਾ ਪਿਛਲੇ ਸਾਲ ਦੀ ਤੁਲਨਾ ਨਾਲੋਂ 5,80,000 ਵੱਧ ਸੀ ਅਤੇ ਪੰਜ ਸਾਲਾਂ ਵਿੱਚ 10 ਲੱਖ ਵੱਧ ਗਿਆ ਸੀ। ਚੈਰਿਟੀ ਨੇ ਕਿਹਾ ਕਿ 2000 ਵਿੱਚ ਰਿਕਾਰਡ ਸ਼ੁਰੂ ਹੋਣ ਤੋਂ ਬਾਅਦ ਇਹ ਉੱਚੇ ਰਿਕਾਰਡ 'ਤੇ ਸੀ। ਟਰੁਸੈਲ, ਪੂਰੇ ਬ੍ਰਿਟੇਨ ਵਿੱਚ ਭੋਜਨ ਬੈਂਕਾਂ ਦਾ ਨੈਟਵਰਕ ਦਾ ਸੰਚਾਲਨ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਤਾਜ਼ਾ ਅੰਕੜੇ ਦੱਸਦੇ ਹਨ ਕਿ ਸੱਤਾਂ ਵਿੱਚ ਇੱਕ ਵਿਅਕਤੀ ਭੁੱਖਾ ਅਤੇ ਔਕੜਾਂ ਦਾ ਸਾਹਮਣਾ ਕਰ ਰਿਹਾ ਹੈ।

---

ਸਫ਼ਾ 1 ਦਾ ਬਾਕੀ

ਉਹ ਬੱਚਿਆਂ ਨੂੰ ਸਹੀ ਸਿਖਿਆ ਅਤੇ ਸਮਰਥਨ ਦੇਣ। ਮਾਪੇ ਆਪਣੇ ਬੱਚੇ ਦੇ ਪਹਿਲੇ ਅਤੇ ਸਭ ਤੋਂ ਮਹੱਤਵਪੂਰਨ ਅਧਿਆਪਕ ਹੁੰਦੇ ਹਨ। ਬੱਚਿਆਂ ਦੇ ਸਹੀ ਵਿਕਾਸ ਲਈ ਉਨ੍ਹਾਂ ਨੂੰ ਮਜ਼ਬੂਤ ਆਧਾਰ ਦੇਣਾ ਬਹੁਤ ਜ਼ਰੂਰੀ ਹੈ। ਮਾਪੇ ਬੱਚਿਆਂ ਨੂੰ ਸਿਖਾ ਸਕਦੇ ਹਨ ਕਿ ਕਿਵੇਂ ਔਨਲਾਈਨ ਦੁਨੀਆਂ ਵਿੱਚ ਸੁਰੱਖਿਅਤ ਰਹਿਣਾ ਹੈ, ਕਿਵੇਂ ਨਕਾਰਾਤਮਕ ਮਾਹੌਲ ਤੋਂ ਦੂਰ ਰਹਿਣਾ ਹੈ ਅਤੇ ਕਿਹੜੇ ਕੰਮ ਉਨ੍ਹਾਂ ਲਈ ਜ਼ਿਆਦਾ ਮੂਲਯਵਾਨ ਹਨ।

ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ, ਉਹ ਨਵੇਂ ਮੌਕੇ ਅਤੇ ਚੁਣੌਤੀਆਂ ਦੇ ਸਾਹਮਣੇ ਆਉਂਦਾ ਹੈ। ਮਾਪਿਆਂ ਦੀ ਮਦਦ ਅਤੇ ਸਹੀ ਮਾਰਗਦਰਸ਼ਨ ਉਸ ਦੇ ਆਤਮ-ਵਿਸ਼ਵਾਸ ਅਤੇ ਨਿਰਣੇ ਸ਼ਕਤੀ ਨੂੰ ਮਜ਼ਬੂਤ ਕਰ ਸਕਦਾ ਹੈ, ਜਿਸ ਨਾਲ ਉਹ ਆਪਣੀ ਪੜਾਈ, ਸਕੂਲ, ਯੂਨੀਵਰਸਿਟੀ ਜਾਂ ਰੁਜ਼ਗਾਰ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦਾ ਹੈ। ਇਸ ਦੌਰਾਨ, ਬੱਚਿਆਂ ਦੀ ਮਾਨਸਿਕ ਸਿਹਤ, ਤਕਨਾਲੋਜੀ ਦੀ ਸਹੀ ਵਰਤੋਂ ਅਤੇ ਮਾਰਗਦਰਸ਼ਨ ਦੀ ਜ਼ਰੂਰਤ ਹੈ, ਜੋ ਉਨ੍ਹਾਂ ਨੂੰ ਇੱਕ ਸੁਰੱਖਿਅਤ ਅਤੇ ਸਫਲ ਭਵਿੱਖ ਵੱਲ ਲੈ ਕੇ ਜਾਵੇਗਾ।

ਮਾਪਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਨਾਲ ਸਹੀ ਸਮੇਂ 'ਤੇ ਖੁੱਲ੍ਹ ਕੇ ਗੱਲ ਕਰਨ, ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਅਤੇ ਉਨ੍ਹਾਂ ਨੂੰ ਸਮਾਜਿਕ ਅਤੇ ਤਕਨਾਲੋਜੀ ਜ਼ਿੰਮੇਵਾਰੀਆਂ ਬਾਰੇ ਸਿਖਾਉਣ।

ਨਵੀਆਂ ਸਫਲਤਾਵਾਂ ਨੂੰ ਮਾਣੇਗਾ ਕਿਉਂਕਿ ਇੱਕ ਪਹਿਲੇ ਅਧਿਆਪਕ ਨੇ - ਤੁਸੀਂ- ਘਰ ਵਿੱਚ ਉਸ ਨਾਲ ਸਰਗਰਮੀ ਨਾਲ ਗੱਲਬਾਤ ਕਰਨ, ਖੇਡਣ ਅਤੇ ਸੁਣਨ ਨੂੰ ਸਮਾਂ ਦਿੱਤਾ ਹੈ। ਇਸ ਨਾਲ ਉਹ ਸਾਰਾ ਕੁੱਝ ਮਜ਼ਬੂਤ ਹੋਣ ਵਿੱਚ ਮੱਦਦ ਮਿਲਦੀ ਹੈ।

ਸਾਰੇ ਬੱਚੇ ਜਿਉਂ ਵੱਡੇ ਹੁੰਦੇ ਹਨ, ਉਹ ਸਰੀਰਕ, ਬੌਧਿਕ, ਮਾਨਸਿਕ ਅਤੇ ਸਮਾਜਿਕ ਰੂਪ ਵਿੱਚ ਬਦਲਦੇ ਹਨ। ਇਸਦੇ ਬਾਵਜੂਦ ਸਿੱਖਣ ਲਈ ਹਰ ਬੱਚਾ ਵਿੱਲਖਣ ਯੋਗਤਾਵਾਂ, ਲੋੜਾਂ ਅਤੇ ਅਨੁਭਵ ਲੈ ਕੇ ਆਉਂਦਾ ਹੈ।

ਆਪਣੇ ਬੱਚੇ ਦੀ ਵਿੱਲਖਣ ਨਿੱਜੀ ਅਤੇ ਸੱਭਿਆਚਾਰਕ ਪਹਿਚਾਣ ਨੂੰ ਸਵੀਕਾਰ ਕਰਦੇ ਅਤੇ ਪਰਪੱਕ ਕਰਦੇ ਹੋਏ, ਤੁਸੀਂ ਆਪਣੇ ਬੱਚੇ ਨਾਲ ਹਰ ਰੋਜ਼ ਸਮਾਂ ਬਿਤਾਓ ਇਸ ਨਾਲ ਬੱਚੇ ਨੂੰ ਪ੍ਰਫੁੱਲਤ ਹੋਣ ਵਿੱਚ ਮੱਦਦ ਕਰੋਗੇ।

ਹਰ ਰੋਜ਼ ਉਸ ਨਾਲ ਸਕੂਲ 'ਚ ਬਾਰੇ ਗੱਲ ਕਰੋ ਕਿ ਸਕੂਲ 'ਚ ਅੱਜ ਦਾ ਦਿਨ ਕਿਵੇਂ ਬੀਤਿਆ, ਅਤੇ ਇਹ ਜਾਣਨ ਦੀ ਕੋਸ਼ਿਸ਼ ਜ਼ਰੂਰ ਕਿ ਉਹ ਕਿਸੇ ਮਾਨਸਿਕ ਤਣਾਓ ਦਾ ਸ਼ਿਕਾਰ ਤਾਂ ਨਹੀਂ। ਆਪਣੇ ਬੱਚੇ ਨਾਲ ਮੁਸ਼ਕਲਾਂ ਅਤੇ ਹੱਲ ਬਾਰੇ ਗੱਲ ਕਰੋ। ਆਪਣੇ ਬੱਚੇ ਨਾਲ ਗੱਲ ਕਰੋ ਕਿ ਨਿੱਤ ਦਿਨ ਦੀਆਂ ਮੁਸ਼ਕਲਾਂ ਨੂੰ ਕਿਵੇਂ ਨੱਜਿਠਿਆ ਜਾ ਸਕਦਾ ਹੈ ਜਿਵੇਂ ਕਿ ਰਾਤ ਦਾ ਖਾਣਾ ਤਿਆਰ ਕਰਨ ਲਈ ਸਮਾਂ ਕੱਢਣਾ। ਯਕੀਨੀ ਬਣਾਓ ਕਿ ਤੁਹਾਡੇ ਬੱਚੇ ਕੋਲ ਸੁਣਨ ਦਾ ਸਮਾਂ ਹੈ। ਕਈ ਵਾਰ ਇਹ ਸੋਚਣ ਲਈ ਸਮਾਂ ਲੱਗਦਾ ਹੈ ਕਿ ਅੱਗੇ ਕੀ ਬੋਲਣਾ ਹੈ। ਇਸ ਗੱਲ ਦੀ ਉਡੀਕ ਕਰਨ ਲਈ ਤਿਆਰ ਰਹੋ ਕਿ ਬੱਚੇ ਨੇ ਅੱਗੇ ਕੀ ਆਖਣਾ ਹੈ। ਜੇਕਰ ਉਹ ਆਖਦਾ/ ਆਖਦੀ ਹੈ, ''ਮੈਂ ਨਹੀਂ ਜਾਣਦਾ/ਜਾਣਦੀ ਕਿ ਮੈਂ ਕੀ ਸੋਚਦਾ/ਸੋਚਦੀ ਹਾਂ'', ਬਿਹਤਰ

ਜਵਾਬ ਦੀ ਉਡੀਕ ਕਰੋ- ਕੋਈ ਨਾ ਕੋਈ ਗੱਲ ਕਿਤੇ ਜ਼ਰੂਰ ਹੈ। ਆਪਣੇ ਬੱਚਿਆਂ ਨਾਲ ਮਾਂ ਬੋਲੀ ਵਿੱਚ ਗੱਲ ਕਰੋ। ਬੱਚੇ ਆਪਣੇ ਗਿਆਨ ਨੂੰ ਇੱਕ ਬੋਲੀ ਤੋਂ ਦੂਜੀ ਬੋਲੀ ਵਿੱਚ ਬਹੁਤ ਚੰਗੇ ਤਰੀਕੇ ਬਦਲਦੇ ਹਨ। ਉਹ ਸੁਆਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਉਸਦੇ ਖਿਆਲਾਂ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰਨਗੇ। ਆਪਣੇ ਬੱਚੇ ਨੂੰ ਕੁੱਝ ਦੱਸਣ ਦੀ ਥਾਂ, ਉਹ ਸੁਆਲ ਪੁੱਛਣ ਦੀ ਕੋਸ਼ਿਸ਼ ਕਰੋ ਜੋ ਤੁਹਾਡੇ ਬੱਚੇ ਨੂੰ ਉਸ ਬਾਰੇ ਗੱਲ ਕਰਨ ਵੱਲ ਲਿਜਾਵੇਗਾ ਕਿ ਉਹ ਕੀ ਸੋਚਦਾ ਹੈ ਅਤੇ ਬੱਚਿਆਂ ਦੇ ਸਕੂਲ ਦੇ ਅਧਿਆਪਕਾਂ ਨਾਲ ਵੀ ਹਮੇਸ਼ਾਂ ਸੰਪਰਕ 'ਚ ਰਹੋ। ਕਈ ਵਾਰ ਸਕੂਲ 'ਚ ਕਈ ਦੂਜੇ ਬੱਚਿਆਂ ਨਾਲ ਨਸਲਵਾਦੀ ਬੋਲੀ 'ਚ ਛੇੜ ਕੇ ਤੰਗ ਕੀਤਾ ਜਾਂਦਾ ਹੈ ਜਿਸ ਦਾ ਅਸਰ ਕਈ ਵਾਰ ਬੱਚਿਆਂ ਦੀ ਮਾਨਸਿਕਤਾ ਦੇ ਬੁਰਾ ਪੈਂਦਾ ਹੈ। ਇਹ ਵੀ ਦੇਖਣ 'ਚ ਆਇਆ ਹੈ ਕਈ ਬੱਚੇ-ਬੱਚੀਆਂ ਨੂੰ ਤਾਂ ਉਨ੍ਹਾਂ ਦੇ ਜਾਣ-ਪਛਾਣ ਵਾਲਿਆਂ ਵਲੋਂ ਹੀ ਜਿਨਸੀ ਤੌਰ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਿਸ ਕਾਰਨ ਉਹ ਆਪਣੇ ਮਾਪਿਆਂ ਨੂੰ ਵੀ ਇਸ ਬਾਰੇ ਦੱਸਣਾ ਚੰਗਾ ਨਹੀਂ ਸਮਝਦੇ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦੀਆਂ ਹਨ। ਅਜਿਹੀਆਂ ਗੱਲਾਂ ਦਾ ਮਾਪਿਆਂ ਨੂੰ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੱਚਾ ਕਿਸੇ ਵੀ ਕਾਰਨ ਮਾਨਸਿਕ ਤਣਾਅ ਦਾ ਸ਼ਿਕਾਰ ਨਾਲ ਹੋਵੇ। ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਅਧਿਆਪਕਾਂ ਦੇ ਨਾਲ ਮਿਲਕੇ ਪੂਰੀ ਸਿੱਖਿਆ ਦੇਣੀ ਚਾਹੀਦੀ ਹੈ ਕਿ ਕਿਵੇਂ ਜਿਨਸੀ ਸ਼ੋਸ਼ਣ, ਧੱਕੇਸ਼ਾਹੀ, ਮਾਨਸਿਕ ਤਣਾਅ ਦਾ ਕਿਵੇਂ ਸਾਹਮਣਾ ਕਰਨਾ ਚਾਹੀਦਾ ਹੈ।

# ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਜੈਫ਼ਰੀ ਹਿੰਟਨ ਨੂੰ 2024 ਦਾ ਫ਼ਿਜ਼ਿਕਸ ਦਾ ਨੋਬਲ ਪੁਰਸਕਾਰ




ਟੋਰਾਂਟੋ: ਯੂਨੀਵਰਸਿਟੀ ਔਫ਼ ਟੋਰਾਂਟੋ ਦੇ ਵਿਗਿਆਨੀ ਜੈਫ਼ਰੀ ਹਿੰਟਨ ਨੂੰ 2024 ਦੇ ਫ਼ਿਜ਼ਿਕਸ ਦਾ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ। ਇਹ ਪੁਰਸਕਾਰ ਉਨ੍ਹਾਂ ਨੂੰ ਮਸ਼ੀਨ ਲਰਨਿੰਗ ਵਿੱਚ ਕੀਤੀਆਂ ਮਹੱਤਵਪੂਰਨ ਖੋਜਾਂ ਲਈ ਮਿਲਿਆ ਹੈ। ਹਿੰਟਨ, ਜੋ ਆਰਟੀਫੀਸ਼ਲ ਇੰਟੈਲੀਜੈਂਸ (ਅੀ) ਦੇ ਖੇਤਰ ਵਿੱਚ ਅਹਿਮ ਦਰਜਾ ਰੱਖਦੇ ਹਨ, ਨੇ ਪ੍ਰਿੰਸਟਨ ਯੂਨੀਵਰਸਿਟੀ ਦੇ ਜੌਨ ਹੌਪਫੀਲਡ ਨਾਲ ਮਿਲ ਕੇ ਬਣੌਟੀ ਨਿਊਰਲ ਨੈੱਟਵਰਕਾਂ ਦੀ ਵਿਕਾਸਕਾਰੀ ਸੰਰਚਨਾ ਉੱਤੇ ਕੀਤੀਆਂ ਖੋਜਾਂ ਲਈ ਇਹ ਸਨਮਾਨ ਹਾਸਲ ਕੀਤਾ ਹੈ।


ਹਿੰਟਨ ਨੇ ਡੀਪ ਲਰਨਿੰਗ ਅਤੇ ਨਿਊਰਲ ਨੈੱਟਵਰਕਾਂ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਮਸ਼ੀਨਾਂ ਨੂੰ ਵੱਡੇ ਡੇਟਾ ਸੈੱਟਾਂ ਵਿੱਚ ਪੈਟਰਨ ਲੱਭਣ ਅਤੇ ਸਮਝਣ ਦੀ ਸਮਰੱਥਾ ਮਿਲੀ। ਇਹ ਤਕਨੀਕ ਅੱਜ ਚਿਹਰਾ ਪਛਾਣ, ਭਾਸ਼ਾ ਅਨੁਵਾਦ ਅਤੇ ਕਈ ਹੋਰ ਖੇਤਰਾਂ ਵਿੱਚ ਵਰਤੀ ਜਾ ਰਹੀ ਹੈ। ਰਾਇਲ ਸਵੀਡਿਸ਼ ਅਕੈਡਮੀ ਨੇ ਦੱਸਿਆ ਕਿ ਹਿੰਟਨ ਦੀ ਖੋਜ ਨੇ ਮਸ਼ੀਨ ਲਰਨਿੰਗ ਦੇ ਖੇਤਰ ਵਿੱਚ ਵਿਸ਼ਾਲ ਤਰੱਕੀ ਕਰਨ ਵਿੱਚ ਸਹਾਇਕ ਭੂਮਿਕਾ ਨਿਭਾਈ ਹੈ।

ਇਹ ਨੋਬਲ ਪੁਰਸਕਾਰ 11 ਮਿਲੀਅਨ ਸਵੀਡਿਸ਼ ਕ੍ਰੋਨਰ ($1 ਮਿਲੀਅਨ) ਦੇ ਨਾਲ ਆਉਂਦਾ ਹੈ, ਜੋ ਜੇਤੂਆਂ ਵਿਚ ਵੰਡਿਆ ਜਾਂਦਾ ਹੈ। ਹਿੰਟਨ ਨੇ ਕਿਹਾ, "ਆਰਟੀਫੀਸ਼ਲ ਇੰਟੈਲੀਜੈਂਸ ਵਿੱਚ ਤਰੱਕੀ ਉਦਯੋਗਿਕ ਕ੍ਰਾਂਤੀ ਵਰਗਾ ਅਸਰ ਪੈਦਾ ਕਰ ਸਕਦੀ ਹੈ।" ਹਾਲਾਂਕਿ, ਉਨ੍ਹਾਂ ਨੇ ਅੀ ਦੇ ਸੰਭਾਵਿਤ ਖ਼ਤਰਿਆਂ ਬਾਰੇ ਵੀ ਚੇਤਾਵਨੀ ਦਿੱਤੀ ਹੈ, ਕਿਹਾ ਕਿ ਏਆਈ ਭਵਿੱਖ ਵਿੱਚ ਆਪਣੇ ਕੋਡ ਖੁਦ ਲਿਖਣ ਦੇ ਯੋਗ ਹੋ ਸਕਦੀ ਹੈ, ਜੋ ਅਣਚਾਹੇ ਨਤੀਜੇ ਪੈਦਾ ਕਰ ਸਕਦੀ ਹੈ।

ਹਿੰਟਨ ਦੀ ਖੋਜ ਨੇ ਮਸ਼ੀਨਾਂ ਨੂੰ ਸਿੱਖਣ ਦੀ ਯੋਗਤਾ ਦਿੱਤੀ ਹੈ, ਜਿਸ ਨਾਲ ਤਕਨੀਕੀ ਤਰੱਕੀ ਨੂੰ ਨਵੀਂ ਉੱਚਾਈਆਂ ਮਿਲੀਆਂ ਹਨ। ਅੀ ਤਕਨੀਕ ਸਿਹਤ ਖੇਤਰ ਵਿੱਚ ਵੀ ਬਿਮਾਰੀਆਂ ਦੀ ਪਛਾਣ ਅਤੇ ਇਲਾਜ ਵਿੱਚ ਸਹਾਇਕ ਸਾਬਤ ਹੋ ਰਹੀ ਹੈ। ਇਸ ਤਕਨੀਕ ਨੇ ਸਵੈ-ਚਲਾਉਣ ਵਾਲੀਆਂ ਗੱਡੀਆਂ, ਸਹਾਇਕ ਯੰਤਰ, ਅਤੇ ਆਟੋਮੇਟਿਡ ਸਹਾਇਤਾ ਪ੍ਰਣਾਲੀਆਂ ਨੂੰ ਵੀ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਤਕਨੀਕੀ ਤਰੱਕੀ ਦੇ ਨਾਲ ਕੁਝ ਚੁਣੌਤੀਆਂ ਵੀ ਹਨ। ਹਿੰਟਨ ਨੇ ਆਪਣੇ ਕਾਰਜ ਦੌਰਾਨ ਅੀ ਦੇ ਸੰਭਾਵਿਤ ਖ਼ਤਰਿਆਂ ਬਾਰੇ ਚੇਤਾਵਨੀ ਦਿੱਤੀ ਸੀ। ਉਨ੍ਹਾਂ ਦੇ ਅਨੁਸਾਰ, ਜੇ ਅੀ ਖੁਦ ਬਣਾਏ ਕੰਪਿਊਟਰ ਕੋਡ ਲਿਖਨ ਦੇ ਯੋਗ ਬਣ ਜਾਂਦਾ ਹੈ, ਤਾਂ ਇਸ ਦੇ ਨਤੀਜੇ ਅਣਚਾਹੇ ਅਤੇ ਨੁਕਸਾਨਦਾਇਕ ਹੋ ਸਕਦੇ ਹਨ।

# ਡੇਵਿਡ ਈਬੀ ਅਤੇ ਬੀਸੀ ਐਨਡੀਪੀ ਟੀਮ, ਤੁਹਾਡੇ ਨਾਲ ਤੁਹਾਡੇ ਲਈ!

- $1,000 ਦੀ ਰਾਹਤ ਘਰੇਲੂ ਖਰਚੇ ਵਿਚ ਮਦਦ ਕਰਨ ਲਈ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ $1000 ਦੀ ਸਾਲਾਨਾ ਟੈਕਸ ਕਟੌਤੀ - ਜੋ ਪਰਿਵਾਰਾਂ ਲਈ ਹਜ਼ਾਰਾਂ ਹੀ ਡਾਲਰ ਦੀ ਮਦਦ ਕਰੇਗੀ।
- ਬਜ਼ੁਰਗਾਂ ਲਈ ਮੁਫਤ ਬੱਸ ਪਾਸ, ਨਾਲ ਹੀ ਸਕਾਈਟ੍ਰੇਨ, ਬੱਸ ਰੈਪਿਡ ਟ੍ਰਾਂਜ਼ਿਟ ਨੂੰ ਐਕਸਪੈਂਡ ਕਰ ਰਹੇ ਹਨ।
- ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ, ਅਤੇ ਬਿਹਤਰ ਹੈਲਥ ਕੇਅਰ ਲਈ ਹੋਰ ਲੋਕਲ ਡਾਕਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਤਾਂ ਜੋ ਸਾਡੇ ਬੱਚੇ ਸਾਡੇ ਲਾਗੇ ਪੱੜ ਸਕਣ।।
- ਆਈਸੀਬੀਸੀ (ICBC) ਦੇ ਰੇਟਾਂ ਵਿਚ $500 ਦੀ ਬਚਤ--- ਰਸਟੈਡ ਦਾ ਮਹਿੰਗਾ ਅਲਬਰਟਾ - ਸਟਾਈਲ ਪਲੈਨ ਤੁਹਾਡੀ ਇੰਸ਼ੋਰਨਸ ਦੁਗਣੀ ਕਰ ਸਕਦਾ ਹੈ।
- ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ, ਸਾਰਿਆਂ ਲਈ ਬਿਹਤਰ ਹੈਲਥ ਕੇਅਰ ਨੂੰ ਯਕੀਨੀ ਬਣਾ ਰਹੇ ਹਨ।
- ਅਸੀ ਹਜ਼ਾਰਾਂ ਹੋਰ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਨ ਵਾਲੇ ਵਰਕਰਾਂ ਨੂੰ ਭਰਤੀ ਕਰ ਰਹੇ ਹਨ, ਅਤੇ ਰਸਟੈਡ ਦੇ ਹੈਲਥ ਕੇਅਰ ਵਿਚੋਂ ਖਤਰਨਾਕ $4 ਬਿਲੀਅਨ ਦੀਆਂ ਕਟੌਤੀਆਂ ਦਾ ਵਿਰੋਧ ਕਰਨਾ।
- ਵਧੇਰੀ ਮਿਡਲ ਕਲਾਸ ਹਾਉਸਿੰਗ ਅਤੇ ਖਾਲੀ ਪਏ ਮਕਾਨਾਂ ਨੂੰ ਘਰਾਂ ਵਿਚ ਤਬਦੀਲ ਕਰਨ ਲਈ ਠੋਸ ਕਦਮ ਚੁੱਕ ਰਹੇ ਹਨ।




BC NDP

ਰੀਆ ਅਰੋੜਾ
**REAH ARORA**
BURNABY EAST

ਰਾਜ ਚੌਹਾਨ
**RAJ CHOUHAN**
BURNABY-NEW WESTMINSTER

ਜੈਨੇਟ ਰਾਉਟਲੈਜ
**JANET ROUTLEDGE**
BURNABY NORTH

ਪੌਲ ਚੋਏ
**PAUL CHOI**
BURNABY SOUTH-METROTOWN

ਰਵੀ ਕਾਹਲੋਂ
**RAVI KAHLON**
DELTA NORTH

ਜੌਨ ਔਲਡੈਗ
**JOHN ALDAG**
LANGLEY-ABBOTSFORD

ਲਿੰਡਾ ਲੀ
**LINDA LI**
RICHMOND-BRIDGEPORT

ਅਮਨ ਸਿੰਘ
**AMAN SINGH**
RICHMOND-QUEENSBOROUGH

ਆਮਨਾ ਸ਼ਾਹ
**AMNA SHAH**
SURREY CITY CENTRE

ਮਾਇਕ ਸਤਾਰਚੱਕ
**MIKE STARCHUK**
SURREY-CLOVERDALE

ਜਗਰੂਪ ਬਰਾੜ
**JAGRUP BRAR**
SURREY-FLEETWOOD

ਗੈਰੀ ਬੈੱਗ
**GARRY BEGG**
SURREY-GUILDFORD

ਜੈਸੀ ਸੁੰਨੜ
**JESSIE SUNNER**
SURREY-NEWTON

ਰਚਨਾ ਸਿੰਘ
**RACHNA SINGH**
SURREY NORTH

ਜਿੰਨੀ ਸਿਮਸ
**JINNY SIMS**
SURREY-PANORAMA

ਬਲਤੇਜ ਸਿੰਘ ਢਿੱਲੋਂ
**BALTEJ SINGH DHILLON**
SURREY-SERPENTINE RIVER

ਹਰੂਨ ਗ਼ਫ਼ਾਰ
**HAROON GHAFFAR**
SURREY SOUTH


ਜੋਰਜ ਚਾਓ
**GEORGE CHOW**
VANCOUVER-FRASERVIEW

ਸੁਨੀਤਾ ਧੀਰ
**SUNITA DHIR**
VANCOUVER-LANGARA

AUTHORIZED BY KAREN COOLING, FINANCIAL AGENT, 604-430-8600

# ਅਮਰੀਕੀ ਚੋਣਾਂ ਵਾਲੇ ਦਿਨ ਹਮਲੇ ਦੀ ਸਾਜ਼ਸ਼ ਰਚਣ ਦੇ ਦੋਸ਼ 'ਚ ਅਫਗਾਨ ਵਿਅਕਤੀ ਗ੍ਰਿਫਤਾਰ

ਵਾਸ਼ਿੰਟਨ : ਅਮਰੀਕਾ 'ਚ ਚੋਣਾਂ ਵਾਲੇ ਦਿਨ ਹਮਲੇ ਦੀ ਸਾਜ਼ਸ਼ ਰਚਣ ਦੇ ਦੋਸ਼ 'ਚ ਫੈਡਰਲ ਜਾਂਚ ਬਿਊਰੋ (ਐੱਫ.ਬੀ.ਆਈ.) ਨੇ ਇਕ ਅਫਗਾਨ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।




ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵਿਅਕਤੀ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਤੋਂ ਪ੍ਰੇਰਿਤ ਸੀ ਅਤੇ ਚੋਣਾਂ ਵਾਲੇ ਦਿਨ ਵੱਡੀ ਭੀੜ ਨੂੰ ਨਿਸ਼ਾਨਾ ਬਣਾ ਕੇ ਅਮਰੀਕਾ ਵਿਚ ਹਮਲੇ ਦੀ ਯੋਜਨਾ ਬਣਾ ਰਿਹਾ ਸੀ। ਨਿਆਂ ਵਿਭਾਗ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਦੋਸ਼ ਦਸਤਾਵੇਜ਼ ਮੁਤਾਬਕ ਓਕਲਾਹੋਮਾ ਸਿਟੀ ਦੇ ਰਹਿਣ ਵਾਲੇ 27 ਸਾਲਾ ਨਾਸਿਰ ਅਹਿਮਦ ਤੌਹੀਦੀ ਨੇ ਸੋਮਵਾਰ ਨੂੰ ਅਪਣੀ ਗ੍ਰਿਫਤਾਰੀ ਤੋਂ ਬਾਅਦ ਜਾਂਚਕਰਤਾਵਾਂ ਨੂੰ ਦਸਿਆ ਕਿ ਉਸ ਨੇ ਅਗਲੇ ਮਹੀਨੇ ਚੋਣਾਂ ਵਾਲੇ ਦਿਨ ਹਮਲੇ ਦੀ ਯੋਜਨਾ ਬਣਾਈ ਸੀ। ਉਸ ਨੇ ਅਧਿਕਾਰੀਆਂ ਨੂੰ ਇਹ ਵੀ ਦਸਿਆ ਕਿ ਹਮਲੇ ਤੋਂ ਬਾਅਦ ਉਸ ਦੇ ਅਤੇ ਉਸ ਦੇ ਇਕ ਸਾਥੀ ਦੇ ਸ਼ਹੀਦ ਵਜੋਂ ਮਰਨ ਦੀ ਉਮੀਦ ਹੈ।

ਅਧਿਕਾਰੀਆਂ ਨੇ ਦਸਿਆ ਕਿ ਤੌਹੀਦੀ ਸਤੰਬਰ 2021 'ਚ ਅਮਰੀਕਾ ਪਹੁੰਚਿਆ ਸੀ ਅਤੇ ਉਸ ਨੇ ਹਮਲੇ ਦੀ ਯੋਜਨਾ ਬਣਾਉਣ ਲਈ ਹਾਲ ਹੀ ਦੇ ਹਫਤਿਆਂ 'ਚ ਕਦਮ ਚੁਕੇ ਸਨ। ਉਸ ਨੇ ਏ.ਕੇ.-47 ਰਾਈਫਲਾਂ ਦਾ ਆਰਡਰ ਦਿਤਾ ਸੀ, ਅਪਣੀ ਪਰਵਾਰਕ ਜਾਇਦਾਦ ਵੇਚਣੀ ਸ਼ੁਰੂ ਕਰ ਦਿਤੀ ਸੀ ਅਤੇ ਅਪਣੀ ਪਤਨੀ ਅਤੇ ਬੱਚੇ ਨੂੰ ਅਫਗਾਨਿਸਤਾਨ ਭੇਜਣ ਲਈ ਹਵਾਈ ਟਿਕਟਾਂ ਖਰੀਦੀਆਂ ਸਨ। ਇਹ ਗ੍ਰਿਫਤਾਰੀ ਅਜਿਹੇ ਸਮੇਂ ਹੋਈ ਹੈ ਜਦੋਂ ਐਫ.ਬੀ.ਆਈ. ਨੇ ਅਮਰੀਕੀ ਧਰਤੀ 'ਤੇ ਅਤਿਵਾਦੀ ਹਮਲੇ ਦੀ ਸੰਭਾਵਨਾ ਬਾਰੇ ਚਿੰਤਾ ਜ਼ਾਹਰ ਕੀਤੀ ਹੈ। ਰੇ ਨੇ ਮੰਗਲਵਾਰ ਨੂੰ ਇਕ ਬਿਆਨ ਵਿਚ ਕਿਹਾ, ''ਅਤਿਵਾਦ ਐਫ.ਬੀ.ਆਈ. ਦੀ ਪਹਿਲੀ ਤਰਜੀਹ ਹੈ। ਅਸੀਂ ਅਮਰੀਕੀ ਲੋਕਾਂ ਦੀ ਰੱਖਿਆ ਲਈ ਹਰ ਸਾਧਨ ਦੀ ਵਰਤੋਂ ਕਰਾਂਗੇ।'

# ਕੈਮਿਸਟਰੀ ਵਿੱਚ ਨੋਬਲ ਪੁਰਸਕਾਰ ਦਾ ਐਲਾਨ; ਦੋ ਅਮਰੀਕੀ ਅਤੇ ਇੱਕ ਬ੍ਰਿਟਿਸ਼ ਵਿਗਿਆਨੀ ਸਨਮਾਨਿਤ




ਲੰਡਨ : ਕੈਮਿਸਟਰੀ ਲਈ ਨੋਬਲ ਪੁਰਸਕਾਰ 2024 ਦਾ ਐਲਾਨ ਕੀਤਾ ਗਿਆ ਹੈ। ਇਸ ਸਾਲ 3 ਵਿਗਿਆਨੀਆਂ ਨੂੰ ਇਹ ਇਨਾਮ ਮਿਲਿਆ ਹੈ। ਇਨ੍ਹਾਂ ਵਿੱਚ ਅਮਰੀਕੀ ਵਿਗਿਆਨੀ ਡੇਵਿਡ ਬੇਕਰ, ਜੌਨ ਜੰਪਰ ਅਤੇ ਬ੍ਰਿਟਿਸ਼ ਵਿਗਿਆਨੀ ਡੇਮਿਸ ਹੈਸਾਬਿਸ ਸ਼ਾਮਲ ਹਨ। ਯੂਨੀਵਰਸਿਟੀ ਆਫ ਵਾਸ਼ਿੰਗਟਨ, ਸਿਆਟਲ, ਯੂਐਸ ਦੇ ਡੇਵਿਡ ਬੇਕਰ ਨੂੰ ''ਕੰਪਿਊਟੇਸ਼ਨਲ ਪ੍ਰੋਟੀਨ ਡਿਜ਼ਾਈਨ ਲਈ'' ਰਸਾਇਣ ਵਿਗਿਆਨ ਵਿੱਚ ਵੱਕਾਰੀ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜਦੋਂ ਕਿ ਗੂਗਲ ਡੀਪਮਾਈਂਡ, ਲੰਡਨ, ਯੂਕੇ ਦੇ ਡੇਮਿਸ ਹੈਸਾਬਿਸ ਅਤੇ ਜੌਨ ਐਮ ਜੰਪਰ ਨੂੰ 'ਪ੍ਰੋਟੀਨ ਬਣਤਰ ਦੀ ਭਵਿੱਖਬਾਣੀ ਲਈ' ਇਨਾਮ ਦਿੱਤਾ ਗਿਆ।ਇਨਾਮ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਹਿੱਸਾ ਡੇਵਿਡ ਬੇਕਰ ਨੂੰ ਗਿਆ। ਇਨਾਮ ਦਾ ਦੂਜਾ ਹਿੱਸਾ ਡੇਮਿਸ ਅਤੇ ਜੌਨ ਜੰਪਰ ਨੂੰ ਗਿਆ, ਜਿਨ੍ਹਾਂ ਨੇ ਇੱਕ ਏਆਈ ਮਾਡਲ ਬਣਾਇਆ ਜੋ ਗੁੰਝਲਦਾਰ ਪ੍ਰੋਟੀਨ ਦੀ ਬਣਤਰ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਡੇਵਿਡ ਬੇਕਰ ਨੇ ਪੂਰੀ ਤਰ੍ਹਾਂ ਨਵੇਂ ਪ੍ਰੋਟੀਨ ਡਿਜ਼ਾਈਨ ਕਰਨ ਦੀ ਅਸਾਧਾਰਨ ਉਬਲਬੱਧੀ ਨੂੰ ਹਾਸਲ ਕੀਤਾ ਹੈ, ਜਦੋਂ ਕਿ ਡੇਮਿਸ ਹੈਸਾਬਿਸ ਅਤੇ ਜੌਨ ਜੰਪਰ ਨੇ ਪ੍ਰੋਟੀਨ ਦੀ ਗੁੰਝਲਦਾਰ ਤਿਕੋਣੀ ਬਣਤਰ ਨੂੰ ਕਿਵੇਂ ਸਮਝਣਾ ਹੈ ਦੀ 50 ਸਾਲ ਪੁਰਾਣੀ ਚੁਣੌਤੀ ਨੂੰ ਹੱਲ ਕਰਨ ਲਈ ਇੱਕ ਅੀ ਮਾਡਲ ਵਿਕਸਿਤ ਕੀਤਾ ਹੈ, ਜੋ ਪ੍ਰੋਟੀਨ ਦੀਆਂ ਗੁੰਝਲਦਾਰ ਤਿੰਨ-ਅਯਾਮੀ ਬਣਤਰਾਂ ਦੀ ਭਵਿੱਖਬਾਣੀ ਕਰਦਾ ਹੈ। 2003 ਵਿੱਚ, ਬੇਕਰ ਨੇ ਸਫਲਤਾਪੂਰਵਕ ਇੱਕ ਨਵਾਂ ਪ੍ਰੋਟੀਨ ਤਿਆਰ ਕੀਤਾ। ਉਦੋਂ ਤੋਂ, ਉਸਦੇ ਖੋਜ ਸਮੂਹ ਨੇ ਬਹੁਤ ਸਾਰੇ ਨਵੀਨਤਾਕਾਰੀ ਪ੍ਰੋਟੀਨ ਬਣਾਏ ਹਨ ਜੋ ਫਾਰਮਾਸਿਊਟੀਕਲ, ਟੀਕੇ, ਨੈਨੋਮੈਟਰੀਅਲ ਅਤੇ ਸੈਂਸਰਾਂ ਵਿੱਚ ਵਰਤੇ ਜਾ ਸਕਦੇ ਹਨ।

# ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਸਖਤ ਚੁਣੌਤੀ ਦਾ ਸਾਹਮਣਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਲਾਂ ਕਿ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵਿਚਾਲੇ ਫਸਵਾਂ ਮੁਕਾਬਲਾ ਹੈ ਪਰੰਤੂ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਹੈਰਿਸ ਲਈ ਵੱਡੀ ਚੁਣੌਤੀ ਉਹ ਲੋਕ ਹਨ ਜੋ ਸੋਚਦੇ ਹਨ ਕਿ ਇਸ ਸਮੇ ਦੇਸ਼ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ। ਇਨਾਂ ਲੋਕਾਂ ਦਾ ਮੰਨਣਾ ਹੈ ਕਿ ਦੇਸ਼ ਭਟਕ ਗਿਆ ਹੈ। ਹੈਰਿਸ ਲਈ ਇਹ ਲੋਕ ਵੱਡੀ ਚੁਣੌਤੀ ਬਣ ਸਕਦੇ ਹਨ। ਇਕ ਤਾਜ਼ਾ ਸਰਵੇ ਵਿਚ ਅਮਰੀਕੀਆਂ ਨੂੰ ਪੁੱਛਿਆ ਗਿਆ ਕਿ ਕੀ ਦੇਸ਼ ਸਹੀ ਦਿਸ਼ਾ ਜਾਂ ਗਲਤ ਪੱਟੜੀ 'ਤੇ ਜਾ ਰਿਹਾ ਹੈ ਤਾਂ ਇਸ ਦੇ ਨਤੀਜੇ ਜੋ ਆਏ ਉਹ



ਸਪੱਸ਼ਟ ਤੌਰ 'ਤੇ ਡੈਮੋਕਰੈਟਿਕ ਉਮੀਦਵਾਰ ਲਈ ਚੁਣੌਤੀ ਬਣ ਸਕਦੇ ਹਨ। ਐਨ ਬੀ ਸੀ ਨਿਊਜ਼ ਦੇ ਤਾਜ਼ਾ ਸਰਵੇ ਅਨੁਸਾਰ ਕੇਵਲ 28% ਅਮਰੀਕੀਆਂ ਦਾ ਵਿਸ਼ਵਾਸ਼ ਹੈ ਕਿ ਇਸ ਸਮੇ ਦੇਸ਼ ਦੀ ਦਿਸ਼ਾ ਠੀਕ ਹੈ। 2021 ਵਿਚ ਜਦੋਂ ਜੋ ਬਾਈਡਨ ਨੇ ਚੋਣ ਜਿੱਤੀ ਸੀ ਤਾਂ ਉਸ ਸਮੇ ਇਹ ਪ੍ਰਤੀਸ਼ਤ 40% ਸੀ । ਕੋਈ ਵੀ ਸੱਤਾਧਾਰੀ ਪਾਰਟੀ ਇਹ ਨਹੀਂ ਚਾਹੇਗੀ ਕਿ ਜਦੋਂ ਚੋਣਾਂ ਵਿਚ ਕੇਵਲ ਇਕ ਮਹੀਨਾ ਰਹਿੰਦਾ ਹੋਵੇ ਤਾਂ ਲੋਕ ਉਸ ਬਾਰੇ ਨਾਕਾਰਤਮਿਕ ਸੋਚਣ।

1980 ਤੋਂ ਬਾਅਦ ਉਹ ਹੀ ਸੱਤਾਧਾਰੀ ਪਾਰਟੀ ਚੋਣ ਜਿੱਤਦੀ ਆਈ ਹੈ ਜਿਸ ਬਾਰੇ ਔਸਤ 42% ਅਮਰੀਕੀਆਂ ਨੇ ਕਿਹਾ ਸੀ ਕਿ ਉਹ ਦੇਸ਼ ਨੂੰ ਸਹੀ ਦਿਸ਼ਾ ਵੱਲ ਲਿਜਾ ਰਹੀ ਹੈ। ਰਾਜਾਂ ਨੂੰ ਨੇੜਿਉਂ ਘੋਖਣ ਤੋਂ ਬਾਅਦ ਇਹ ਸਪੱਸ਼ਟ ਹੋਇਆ ਹੈ ਕਿ ਇਕ ਵੀ ਅਜਿਹੀ ਉਦਾਹਰਣ ਨਹੀਂ ਹੈ ਕਿ ਜਦੋਂ ਕੋਈ ਸੱਤਾਧਾਰੀ ਪਾਰਟੀ ਉਸ ਸਮੇ ਮੁੜ ਚੋਣ ਜਿੱਤੀ ਹੋਵੇ ਜਦੋਂ 39% ਤੋਂ ਘੱਟ ਲੋਕਾਂ ਨੇ ਕਿਹਾ ਹੋਵੇ ਕਿ ਦੇਸ਼ ਦੀ ਦਿਸ਼ਾ ਠੀਕ ਹੈ। ਕਮਲਾ ਹੈਰਿਸ ਲਈ 28% ਦਾ ਅੰਕੜਾ ਪ੍ਰੇਸ਼ਾਨ ਕਰਨ ਵਾਲਾ ਹੈ।

# ਦੀਪ ਸਿੱਧੂ ਦੇ ਕਰੀਬੀ ਗੁਰਪ੍ਰੀਤ ਸਿੰਘ ਹਰੀ ਨੌ ਦਾ ਕਤਲ

ਫ਼ਰੀਦਕੋਟ ਵਿੱਚ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ ਵਾਰਿਸ ਪੰਜਾਬ ਦੇ, ਦੇ ਇੱਕ ਮੈਂਬਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਜਾਂਚ 'ਚ ਸਾਹਮਣੇ ਆਇਆ ਕਿ ਤਿੰਨ ਦੋਸ਼ੀ ਸਨ ਅਤੇ ਉਹ ਬਾਈਕ 'ਤੇ ਸਵਾਰ ਹੋ ਕੇ ਆਏ ਸਨ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ (32) ਵਾਸੀ ਪਿੰਡ ਹਰੀ ਨੌ, ਫਰੀਦਕੋਟ ਵਜੋਂ ਹੋਈ ਹੈ।



ਜਾਂਚ ਤੋਂ ਬਾਅਦ ਪੁਲਿਸ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਫ਼ਰੀਦਕੋਟ ਦੇ ਪਿੰਡ ਹਰੀ ਨੌ ਵਿੱਚ ਪੰਚਾਇਤੀ ਚੋਣਾਂ ਵਿੱਚ ਸਰਪੰਚ ਉਮੀਦਵਾਰ ਲਈ ਚੋਣ ਪ੍ਰਚਾਰ ਕਰ ਰਿਹਾ ਸੀ। ਮੰਗਲਵਾਰ ਰਾਤ ਚੋਣ ਪ੍ਰਚਾਰ ਕਰਕੇ ਘਰ ਪਰਤ ਰਹੇ ਸਨ। ਉਦੋਂ ਬਾਈਕ 'ਤੇ ਆਏ ਤਿੰਨ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਗੁਰਪ੍ਰੀਤ ਦੇ ਸਰੀਰ 'ਤੇ ਚਾਰ ਗੋਲੀਆਂ ਲੱਗੀਆਂ। ਗੋਲੀਬਾਰੀ ਕਰਨ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਮੌਕੇ 'ਤੇ ਪਹੁੰਚ ਕੇ ਗੁਰਪ੍ਰੀਤ ਨੂੰ ਫਰੀਦਕੋਟ ਮੈਡੀਕਲ ਹਸਪਤਾਲ ਲਿਆਂਦਾ ਪਰ ਗੁਰਪ੍ਰੀਤ ਦੀ ਰਸਤੇ ਵਿੱਚ ਹੀ ਮੌਤ ਹੋ ਗਈ।

ਡੀਐਸਪੀ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮੁਲਜ਼ਮਾਂ ਦੀ ਪਛਾਣ ਕਰਨ ਲਈ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਗੁਰਪ੍ਰੀਤ ਸਿੰਘ 'ਵਾਰਿਸ ਪੰਜਾਬ ਦੇ' ਸੰਸਥਾ ਦੇ ਮੈਂਬਰ ਸਨ ਅਤੇ ਸ਼ੁਰੂ ਤੋਂ ਹੀ ਦੀਪ ਸਿੱਧੂ ਨਾਲ ਜੁੜੇ ਹੋਏ ਸਨ। ਡੀਐਸਪੀ ਸ਼ਮਸ਼ੇਰ ਸਿੰਘ ਦਾ ਕਹਿਣਾ ਹੈ ਕਿ ਗੁਰਪ੍ਰੀਤ ਸਿੰਘ ਵਾਰਿਸ ਪੰਜਾਬ ਦੇ, ਦਾ ਪੁਰਾਣਾ ਮੈਂਬਰ ਸੀ। ਵਾਰਿਸ ਪੰਜਾਬ ਦੇ ਦੀ ਕਮਾਂਡ ਬਦਲਣ ਤੋਂ ਬਾਅਦ ਉਹ ਲਗਾਤਾਰ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਿੱਖ ਆਗੂਆਂ ਖ਼ਿਲਾਫ਼ ਬਿਆਨਬਾਜ਼ੀ ਕਰ ਰਿਹਾ ਸੀ ਜਿਸ ਕਾਰਨ ਉਸ ਨੂੰ ਲਗਾਤਾਰ ਧਮਕੀਆਂ ਵੀ ਮਿਲ ਰਹੀਆਂ ਸਨ। ਫਿਲਹਾਲ ਇਸ ਐਂਗਲ ਦੇ ਨਾਲ ਹੀ ਪੁਲਿਸ ਹਰ ਸੰਭਵ ਤਰੀਕੇ ਨਾਲ ਮਾਮਲੇ ਦੀ ਜਾਂਚ 'ਚ ਜੁਟੀ ਹੋਈ ਹੈ।

# ਕੇਜਰੀਵਾਲ ਨੇ ਪੰਜਾਬ ਦੇ ਮੰਤਰੀਆਂ ਨੂੰ ਦਿੱਲੀ ਸੱਦ ਕੇ ਮੰਗਿਆ ਰਿਪੋਰਟ ਕਾਰਡ

**◆ ਨਹੀਂ ਸੱਦਿਆ ਭਗਵੰਤ ਮਾਨ ਨੂੰ ਮੀਟਿੰਗ 'ਚ, ◆ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਦੀ ਕੀਤੀ ਛੁੱਟੀ**

ਚੰਡੀਗੜ੍ਹ, (ਬਰਾੜ ਭਗਤਾ ਭਾਈ ਕਾ) ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਵਧਦੀ ਦੂਰੀ ਦੇ ਹਰ ਨਵੇਂ ਦਿਨ ਨਵੇਂ ਸੰਕੇਤ ਮਿਲ ਰਹੇ ਨੇ, ਜਿਸ ਤੋਂ ਇਹ ਵੀ ਅਨੁਮਾਨ ਲਾਇਆ ਜਾ ਰਿਹਾ ਕੇ ਕਿਤੇ ਸੇਠ ਸਾਹਿਬ ਭਗਵੰਤ ਮਾਨ ਨੂੰ ਕੁਰਸੀ ਤੋਂ ਹੀ ਨਾ ਵਾਂਝਾ ਕਰ ਦੇਵੇ। ਕੇਜਰੀਵਾਲ ਨੇ ਪੰਜਾਬ ਦੇ ਸਾਰੇ ਮੰਤਰੀਆਂ ਨੂੰ ਦਿੱਲੀ ਬੁਲਾ ਕੇ ਇੱਕ ਅਹਿਮ ਮੀਟਿੰਗ ਦੌਰਾਨ ਉਨ੍ਹਾਂ ਦੇ ਰਿਪੋਰਟ ਕਾਰਡਾਂ ਦੀ ਜਾਂਚ ਕੀਤੀ ਗਈ ਅਤੇ ਪੰਜਾਬ 'ਚ ਕੀਤੇ ਅਤੇ ਹੋ ਰਹੇ ਕੰਮਕਾਜ ਬਾਰੇ ਪੂਰੀ ਜਾਣਕਾਰੀ ਲਈ। ਇਸ ਮੀਟਿੰਗ 'ਚ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਬਾਹਰ ਰੱਖਿਆ ਗਿਆ ਜਿਸ ਤੋਂ ਸੰਕੇਤ ਮਿਲ ਰਹੇ ਨੇ ਕਿ ਭਗਵੰਤ ਮਾਨ ਦੀ ਚੌਧਰ 'ਤੇ ਪੂਰਾ ਖਤਰਾ ਮੰਡਰਾ ਰਿਹਾ ਹੈ।

ਇਸ ਤੋਂ ਪਹਿਲਾਂ ਪੰਜਾਬ 'ਚ ਇੱਕ ਚੀਫ ਅਡਵਾਈਜਰ ਨੂੰ ਨਿਯੁਕਤ ਕਰ ਦਿੱਤਾ ਗਿਆ ਜਿਹੜਾ ਕਿ ਸਰਕਾਰ ਚਲਾਉਣ ਵਿੱਚ ਮੋਹਰੀ ਹੋਵੇਗਾ ਜਿਸ ਦੀ ਸਲਾਹ ਬਿਨਾਂ ਪੰਜਾਬ ਦਾ ਮੁੱਖ ਮੰਤਰੀ, ਪੰਜਾਬ 'ਚ ਕੋਈ ਅਹਿਮ ਅਤੇ ਵੱਡੇ ਫੈਸਲੇ ਆਪਣੀ ਮਰਜ਼ੀ ਨਾਲ ਨਹੀਂ ਲੈ ਸਕੇਗਾ।

ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨੂੰ ਵੀ ਹਟਾਇਆ ਜਾਣਾ ਕਈ ਤਰਾਂ ਦੇ ਸ਼ੰਕੇ



ਪੈਦਾ ਕਰ ਰਿਹਾ। ਜਿਸ ਨੂੰ ਹੁਣ ਮੁੱਖ ਮੰਤਰੀ ਦੇ ਦਫ਼ਤਰ 'ਚ ਵੜਣ ਤੋਂ ਵੀ ਰੋਕ ਦਿੱਤਾ ਗਿਆ ਅਤੇ ਅੱਖ ਦੇ ਇਸ਼ਾਰੇ ਨਾਲ ਹੀ ੍ਰੀ ਪੱਤਰਕਾਰ ਨੂੰ ਵਜ੍ਹਾ ਨਾਲ ਸਮਝਾ ਦਿੱਤਾ ਹੈ ਕਿ ਪੱਤਰਕਾਰ ਸਾਹਿਬ, ਅੱਜ ਤੋਂ ਤੁਹਾਡੇ ਸਰਕਾਰੀ ਖਾਣੇ 'ਚੋ ਦਾਣਾ ਪਾਣੀ ਮੁੱਕ ਗਿਆ ਹੈ।

ਇੱਕ ਹੋਰ ਵੱਡੀ ਚਰਚਾ ਵੱਲ ਰਹੀ ਹੈ ਕਿ ਕੇਜਰੀਵਾਲ ਹੁਣ ਬਰਨਾਲਾ ਤੋਂ ਵਿਧਾਨ ਸਭਾ ਦੀ ਚੋਣ ਚੜ੍ਹਣ ਦੀ ਯੋਜਨਾ ਬਣਾ ਚੁੱਕੇ ਹਨ ਜਿਹੜੀ ਸੀਟ ਮੀਤ ਹੇਅਰ ਦੇ ਮੈਂਬਰ ਪਾਰਲੀਮੈਂਟ ਬਣਨ ਪਿੱਛੋਂ ਖਾਲੀ ਹੋਈ ਹੈ।

ਪੰਜਾਬ ਲੋਕ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਦਿੱਲੀ ਦੇ ਗੇੜੇ ਤੇ ਗੇੜੇ ਲਾਉਣੇ ਵੀ ਪੰਜਾਬ ਸਰਕਾਰ 'ਚ ਵੱਡੀ ਹਿੱਲਜੁਲ ਹੋਣ ਦੇ ਸੰਕੇਤ ਦੇ ਰਹੇ ਨੇ। ਸੰਧਵਾਂ ਦੀ ਸੁਰੱਖਿਆ ਛੱਤਰੀ 'ਚ ਵੱਡਾ ਵਾਧਾ ਕਰ ਦੇਣਾ ਵੀ ਕਿਸੇ ਸੋਚੀ ਸਮਝੀ ਵੱਡੀ ਸਾਜਿਸ਼ ਦਾ ਹਿੱਸਾ ਦਿਸ ਰਿਹਾ। ਕੀ ਕਾਰਨ ਹੋ ਸਕਦੇ ਨੇ ਵਾਰ ਵਾਰ ਦਿੱਲੀ ਜਾਣ ਦੇ। ਦੂਜੇ ਪਾਸੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਵੀ ਲਾਲਾ ਜੀ ਦੇ ਕਾਫੀ ਨੇੜੇ ਹੋ ਗਏ ਜਾਪਦੇ ਨੇ। ਮੁੱਖੀ ਮੰਤਰੀ ਦੀ ਕੁਰਸੀ ਇੱਕ ਹੈ ਅਤੇ ਕੁਰਸੀ ਦੇ ਲੰਬੜਦਾਰ ਸਾਰੇ ਮੰਤਰੀ ਬਣੇ ਫਿਰਦੇ ਨੇ। ਭਗਵੰਤ ਮਾਨ ਦੀ ਕੁਰਸੀ ਨੂੰ ਘੁਣਾਂ ਲੱਗ ਚੁੱਕਾ ਹੈ ਅਤੇ ਜਲਦੀ ਭੋਗ ਪੈਣ ਵਾਲਾ ਹੀ ਜਾ ਰਿਹਾ ਹੈ

# ਲੰਡਨ ਯੂਨੀਵਰਸਿਟੀ ਤੋਂ ਤੁਲਨਾਤਮਿਕ ਧਰਮ ਅਧਿਐਨ ਅਤੇ 'ਸਿੱਧ ਗੋਸ਼ਟਿ' 'ਤੇ ਪੀਐਚਡੀ ਕਰਨ ਵਾਲੇ ਡਾ. ਮਨਜੀਤ ਸਿੰਘ ਰੰਧਾਵਾ ਨਹੀਂ ਰਹੇ

ਸਰੀ (ਡਾ. ਗੁਰਵਿੰਦਰ ਸਿੰਘ) ਪੰਜਾਬੀ ਸਾਹਿਤਕਾਰ ਅਤੇ ਸਿੱਖ ਬੁੱਧੀਜੀਵੀ ਡਾ. ਮਨਜੀਤ ਸਿੰਘ ਰੰਧਾਵਾ 3 ਅਕਤੂਬਰ ਨੂੰ ਸਰੀ ਵਿੱਚ ਸਵਰਗਵਾਸ ਹੋ ਗਏ ਹਨ। ਡਾਕਟਰ ਸਾਹਿਬ ਦੇ ਅਚਾਨਕ ਵਿਛੋੜੇ ਨਾਲ ਸਿੱਖ ਸਾਹਿਤਕ ਅਤੇ ਧਾਰਮਿਕ ਹਲਕਿਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਪੰਜਾਬੀ ਸਾਹਿਤ ਨੂੰ ਸਮਰਪਿਤ ਅਤੇ ਸਿੱਖੀ ਨੂੰ ਪਰਨਾਏ ਹੋਏ ਡਾਕਟਰ ਮਨਜੀਤ ਸਿੰਘ ਰੰਧਾਵਾ ਬੇਹਦ ਮਿਲਾਪੜੇ ਸੁਭਾਅ ਦੇ ਮਾਲਕ ਸਨ ਅਤੇ ਸਦਾ ਹੀ ਗਿਆਨ ਭਰਪੂਰ ਸਰਗਰਮੀਆਂ ਵਿੱਚ ਸ਼ਾਮਿਲ ਰਹਿੰਦੇ ਸਨ। ਡਾਕਟਰ ਸਾਹਿਬ ਦੇ ਧਰਮ ਪਤਨੀ ਬੀਬੀ ਜਗਜੀਤ ਕੌਰ ਰੰਧਾਵਾ, ਭਰਾ ਜਸਵਿੰਦਰ ਸਿੰਘ ਰੰਧਾਵਾ ਅਤੇ ਪਰਵਿੰਦਰ ਸਿੰਘ ਰੰਧਾਵਾ ਨੇ ਭਰੇ ਮਨ ਨਾਲ ਦੱਸਿਆ ਕਿ ਜੁਲਾਈ ਮਹੀਨੇ ਉਹਨਾਂ ਨੂੰ ਕੈਂਸਰ ਦੀ ਭਿਆਨਕ ਬਿਮਾਰੀ ਡਾਇਗਨੋਜ਼ ਹੋਈ, ਜੋ ਦੁਰਭਾਗਵੱਸ ਚੌਥੀ ਸਟੇਜ 'ਤੇ ਪਹੁੰਚ ਚੁੱਕੀ ਸੀ। ਰੀੜ ਦੀ ਹੱਡੀ ਤੋਂ ਸ਼ੁਰੂ ਹੋ ਕੇ ਸਾਰੇ ਸਰੀਰ ਵਿੱਚ ਕੈਂਸਰ ਤੇਜ਼ੀ ਨਾਲ ਫੈਲਿਆ, ਜੋ ਕਿ ਡਾਕਟਰ ਸਾਹਿਬ ਲਈ ਜਾਨ ਲੇਵਾ ਸਾਬਤ ਹੋਇਆ।

ਡਾ. ਮਨਜੀਤ ਸਿੰਘ ਰੰਧਾਵਾ ਦਾ ਜਨਮ ਜਿਲਾ ਜਲੰਧਰ ਦੇ ਪਿੰਡ ਨੰਗਲ ਫੀਦਾ ਵਿੱਚ ਚਾਰ ਜੂਨ 1955 ਨੂੰ ਨੰਬਰਦਾਰ ਚੰਨਣ ਸਿੰਘ ਰੰਧਾਵਾ ਦੇ ਘਰੇ, ਮਾਤਾ ਗੁਰਮੀਤ ਕੌਰ ਦੀ ਕੁੱਖੋਂ ਹੋਇਆ। ਸੱਤ ਭਰਾਵਾਂ ਅਤੇ ਇੱਕ ਭੈਣ ਵਿੱਚੋਂ ਦੂਜੇ ਥਾਂ 'ਤੇ ਮਨਜੀਤ ਸਿੰਘ ਸ਼ੁਰੂ ਤੋਂ ਹੀ ਸਿੱਖੀ ਸੋਚ ਨੂੰ ਪਰਨਾਏ ਹੋਏ ਸਨ। ਡਾ. ਮਨਜੀਤ ਸਿੰਘ ਨੇ ਪੰਜਾਬ ਦੀ ਧਰਤੀ ਤੋਂ, ਪਿੰਡ ਪੱਧਰ ਤੋਂ ਮੁਢਲੀ ਵਿਦਿਆ ਲੈਣ ਮਗਰੋਂ, ਉੱਚ ਵਿਦਿਆ ਖਾਲਸਾ ਕਾਲਜ ਡਰੋਲੀ ਕਲਾਂ ਤੋਂ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਦੀ ਅਗਵਾਈ ਵਿੱਚ ਹਾਸਿਲ ਕੀਤੀ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਧਾਰਮਿਕ ਵਿਦਿਆ ਹਾਸਲ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ। ਪੰਥਕ ਸੋਚ ਦੇ ਧਾਰਨੀ ਮਨਜੀਤ ਸਿੰਘ ਰੰਧਾਵਾ ਸ਼੍ਰੋਮਣੀ ਅਕਾਲੀ ਦਲ ਤੇ ਨਿਸ਼ਕਾਮ ਸੇਵਾਦਾਰ ਰਹੇ। ਉਹ ਆਦਮਪੁਰ ਦੇ ਜਨਰਲ ਸਕੱਤਰ ਅਤੇ ਜਲੰਧਰ ਦੇ ਕਨਵੀਨਰ ਵਜੋਂ ਵੀ ਸੇਵਾਵਾਂ ਨਿਭਾਉਂਦੇ ਰਹੇ।



ਪ੍ਰੋਫੈਸਰ ਸਾਹਿਬ ਸਿੰਘ ਜੀ ਤੇ ਵਿਚਾਰਾਂ ਤੋਂ ਸੇਧ ਲੈ ਕੇ ਆਪ ਨੇ ਖੋਜੀ ਬਿਰਤੀ ਅਪਣਾਉਂਦਿਆਂ ਅਤੇ ਸਿੱਖ ਸਮਾਜ ਵਿੱਚ ਵਧ ਰਹੇ ਪਖੰਡ ਅਤੇ ਅਡੰਬਰ ਖਿਲਾਫ ਆਵਾਜ਼ ਉਠਾਉਂਦਿਆਂ, ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਡਾਕਟਰ ਰੰਧਾਵਾ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਤੇ ਰਾਜਨੀਤਿਕ ਅਤੇ ਧਾਰਮਿਕ ਵਿਚਾਰਾਂ ਤੋਂ ਪ੍ਰਭਾਵਿਤ ਰਹੇ। ਦਰਬਾਰ ਸਾਹਿਬ ਤੇ 1984 ਦੇ ਹਮਲੇ ਤੋਂ ਕੁਝ ਦਿਨ ਪਹਿਲਾਂ ਹੀ ਸੰਤਾਂ ਕੋਲੋਂ ਵਾਪਸ ਪਿੰਡ ਪਰਤੇ ਸਨ। ਇਸ ਹਮਲੇ ਦੇ ਪ੍ਰਭਾਵ ਨੇ ਆਪ ਨੂੰ ਝੰਜੋੜਿਆ ਅਤੇ ਇਸ ਦੇ ਰੋਸ ਵਜੋਂ ਮਨਜੀਤ ਸਿੰਘ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਵੀ ਇਸ ਦਰਦ ਨੂੰ ਸਮੇਂ ਸਮੇਂ ਬਿਆਨ ਕੀਤਾ।

ਮਨਜੀਤ ਸਿੰਘ ਰੰਧਾਵਾ ਸੰਨ 1985 ਵਿੱਚ ਪੰਜਾਬ ਤੋਂ ਇੰਗਲੈਂਡ ਆ ਗਏ ਅਤੇ ਇੱਥੋਂ ਦੇ ਕੁਝ ਪ੍ਰਮੁੱਖ ਗੁਰਦੁਆਰਾ ਅਸਥਾਨਾਂ 'ਤੇ ਹੈਡ ਗ੍ਰੰਥੀ ਵਜੋਂ, ਪੰਜ ਸਾਲ ਦੇ ਕਰੀਬ ਸੇਵਾਵਾਂ ਨਿਭਾਈਆਂ। ਇਸ ਦੌਰਾਨ ਸਰੀ, ਕੈਨੇਡਾ ਵਿੱਚ ਬੀਬੀ ਜਗਜੀਤ ਕੌਰ ਰੰਧਾਵਾ ਨਾਲ ਆਨੰਦ ਕਾਰਜ ਹੋਣ ਮਗਰੋਂ, ਕੁਝ ਸਮਾਂ ਕੈਨੇਡਾ ਰਹਿ ਕੇ ਫਿਰ ਇੰਗਲੈਂਡ ਚਲੇ ਗਏ। ਖੋਜੀ ਬਿਰਤੀ ਦੇ ਮਾਲਕ ਡਾਕਟਰ ਰੰਧਾਵਾ ਨੇ ਲੰਡਨ ਯੂਨੀਵਰਸਿਟੀ ਤੋਂ ਤੁਲਨਾਤਮਕ ਧਰਮ ਅਧਿਐਨ ਅਤੇ ਸਿੱਧ ਗੋਸ਼ਟਿ ਵਿਸ਼ੇ ਤੇ ਪੀਐਚਡੀ ਦੀ ਡਿਗਰੀ ਹਾਸਿਲ ਕੀਤੀ ਸੀ। ਸੰਨ 2004 ਵਿੱਚ ਡਾਕਟਰ ਮਨਜੀਤ ਸਿੰਘ ਪੱਕੇ ਤੌਰ 'ਤੇ ਇੰਗਲੈਂਡ ਤੋਂ ਕੈਨੇਡਾ ਆ ਗਏ ਅਤੇ ਅੱਜ ਕੱਲ ਸਰੀ ਵਿਖੇ ਨਿਵਾਸ ਕਰ ਰਹੇ ਸਨ। ਆਪ ਆਪਣੇ ਪਿੱਛੇ 95 ਸਾਲਾ ਮਾਤਾ ਜੀ, ਸੁਪਤਨੀ ਅਤੇ ਦੋ ਪੁੱਤਰਾਂ ਦਾ ਪਰਿਵਾਰ ਛੱਡ ਗਏ ਹਨ।

ਡਾਕਟਰ ਮਨਜੀਤ ਸਿੰਘ ਰੰਧਾਵਾ ਸਾਹਿਤ ਪ੍ਰੇਮੀ ਸਨ ਅਤੇ ਉਹਨਾਂ ਨਾਲ ਰੇਡੀਓ-ਟੀਵੀ ਮਾਧਿਅਮ ਰਾਹੀਂ ਲਗਾਤਾਰ ਸੰਪਰਕ ਬਣਿਆ ਰਹਿੰਦਾ ਸੀ। ਸੰਨ 2009 ਵਿੱਚ ਸ੍ਰੀ ਅਕਾਲ ਤਖਤ 'ਤੇ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਕਹਿ ਕੇ ਕੀਤੇ ਗਏ ਅਡੰਬਰ ਖਿਲਾਫ ਉਨਾਂ ਨਾ ਸਿਰਫ ਲਿਖਿਆ, ਬਲਕਿ ਲੋਕਾਂ ਨੂੰ ਲਾਮਬੰਦ ਕਰਦਿਆਂ ਇਸ ਦੀ ਜ਼ੋਰਦਾਰ ਵਿਰੋਧਤਾ ਕੀਤੀ। ਡਾਕਟਰ ਮਨਜੀਤ ਸਿੰਘ ਰੰਧਾਵਾ ਜਿੱਥੇ ਖੋਜੀ ਵਿਦਵਾਨ ਸਨ, ਉੱਥੇ ਇੱਕ ਚੰਗੇ ਕਵੀ ਵੀ ਸਨ। ਉਹਨਾਂ ਦਾ ਕਾਵਿ ਸੰਗ੍ਰਹਿ 'ਬਿਰਹੋਂ ਦੀ ਰਾਤ' ਮਿਆਰੀ ਕਵਿਤਾਵਾਂ ਦਾ ਗੁਲਦਸਤਾ ਹੈ। ਪਿਛਲੇ ਡੇਢ ਦਹਾਕੇ ਤੋਂ ਆਪ ਅਕਸਰ ਟੈਲੀਵਿਜ਼ਨ ਅਤੇ ਰੇਡੀਓ ਮਾਧਿਅਮ ਰਾਹੀਂ ਆਪਣੇ ਵਿਚਾਰ ਸਰੋਤਿਆਂ ਤੇ ਦਰਸ਼ਕਾਂ ਨਾਲ ਸਾਂਝੇ ਕਰਦੇ ਰਹਿੰਦੇ ਸਨ। ਪਰਿਵਾਰਕ ਜਾਣਕਾਰੀ ਅਨੁਸਾਰ ਡਾਕਟਰ ਮਨਜੀਤ ਸਿੰਘ ਰੰਧਾਵਾ ਦਾ ਸਸਕਾਰ 16 ਅਕਤੂਬਰ ਦਿਨ ਬੁਧਵਾਰ ਨੂੰ ਰਿਵਰ ਸਾਈਡ ਸ਼ਮਸ਼ਾਨ ਘਾਟ, ਡੈਲਟਾ ਵਿਖੇ ਬਾਅਦ ਦੁਪਹਿਰ 1 ਵਜੇ ਹੋਵੇਗਾ ਅਤੇ ਉਪਰੰਤ ਅਰਦਾਸ ਗੁਰਦੁਆਰਾ ਅੰਮ੍ਰਿਤ ਪ੍ਰਕਾਸ਼, ਸਰੀ ਵਿਖੇ ਹੋਵੇਗੀ।

ਡਾ. ਮਨਜੀਤ ਸਿੰਘ ਰੰਧਾਵਾ ਦਾ ਵਿਛੋੜਾ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪੰਜਾਬੀ ਸਾਹਿਤ ਸਭਾ ਮੁਢਲੀ, ਐਬਸਫੋਰਡ ਵੱਲੋਂ ਡਾਕਟਰ ਸਾਹਿਬ ਦੇ ਵਿਛੋੜੇ 'ਤੇ ਡੂੰਘੇ ਹਮਦਰਦੀ ਦਾ ਇਜ਼ਹਾਰ ਕੀਤਾ ਜਾਂਦਾ ਹੈ। ਕੈਨੇਡਾ ਦੀਆਂ ਕਈ ਹੋਰ ਸਾਹਿਤਕ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਨੇ ਡਾਕਟਰ ਸਾਹਿਬ ਦੀ ਬੇਵਕਤ ਮੌਤ 'ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ। ਉਹਨਾਂ ਦਾ ਵਿਛੋੜਾ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਡਾਕਟਰ ਮਨਜੀਤ ਸਿੰਘ ਰੰਧਾਵਾ ਸਦਾ ਹੀ ਸਾਡੇ ਚੇਤਿਆਂ ਵਿੱਚ ਜਿਉਂਦੇ ਰਹਿਣਗੇ।

# 93 ਮੈਂਬਰੀ ਵਿਧਾਨ ਸਭਾ ਲਈ 37 ਪੰਜਾਬੀਆਂ ਸਮੇਤ ਕੁੱਲ 323 ਉਮੀਦਵਾਰ ਚੋਣ ਮੈਦਾਨ 'ਚ

ਸਰੀ, (ਹਰਦਮ ਮਾਨ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 19 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਲਈ ਇਲੈਕਸ਼ਨ ਬੀ.ਸੀ. ਨੇ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਅਨੁਸਾਰ 93 ਮੈਂਬਰੀ ਵਿਧਾਨ ਸਭਾ ਲਈ ਕੁੱਲ 323 ਉਮੀਦਵਾਰ ਚੋਣ ਮੈਦਾਨ ਵਿਚ ਹਨ। ਸੱਤਾਧਾਰੀ ਨਿਊ ਡੈਮੋਕਰੇਟਿਕ ਪਾਰਟੀ ਅਤੇ ਦੂਜੀ ਮੁੱਖ ਪਾਰਟੀ ਕੰਜ਼ਰਵੇਟਿਵ ਪਾਰਟੀ ਆਫ ਬੀ.ਸੀ. ਨੇ 93 ਦੀਆਂ 93 ਸੀਟਾਂ ਉੱਪਰ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ, ਗ੍ਰੀਨ ਪਾਰਟੀ 69 ਸੀਟਾਂ ਉੱਪਰ ਚੋਣ ਲੜ ਰਹੀ ਹੈ, ਕਮਿਊਨਿਸਟ ਪਾਰਟੀ ਆਫ ਬੀ.ਸੀ. ਦੇ 3, ਫਰੀਡਮ ਪਾਰਟੀ ਆਫ ਬੀ.ਸੀ. ਦੇ 5, ਕ੍ਰਿਸ਼ਚੀਅਨ ਹੈਰੀਟੇਜ ਪਾਰਟੀ ਆਫ ਬੀਸੀ ਦੇ 2 ਅਤੇ 54 ਆਜ਼ਾਦ ਜਾਂ ਗ਼ੈਰ-ਸੰਬੰਧਿਤ ਉਮੀਦਵਾਰ ਵਿਧਾਇਕ ਬਣਨ ਦੇ ਲਈ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ ਵੱਖ ਵੱਖ ਪਾਰਟੀਆਂ ਵੱਲੋਂ ਅਤੇ ਆਜ਼ਾਦ ਤੌਰ 'ਤੇ 37 ਪੰਜਾਬੀ ਉਮੀਦਵਾਰ ਚੋਣ ਅਖਾੜੇ ਵਿਚ ਨਿੱਤਰੇ ਹਨ। ਇਨ੍ਹਾਂ ਵਿਚ ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਰਾਜ ਚੌਹਾਨ, ਜਗਰੂਪ ਬਰਾੜ, ਨਿੱਕੀ ਸ਼ਰਮਾ, ਰਵੀ ਕਾਹਲੋਂ, ਰਚਨਾ ਸਿੰਘ, ਹਰਵਿੰਦਰ ਕੌਰ ਸੰਧੂ, ਜਿੰਨੀ ਸਿਮਸ, ਬਲਤੇਜ ਸਿੰਘ ਢਿੱਲੋਂ, ਸਾਰਾ ਕੂਨਰ, ਰਵੀ ਪਰਮਾਰ, ਕਮਲ ਗਰੇਵਾਲ, ਜੈਸੀ ਸੁੰਨੜ, ਰੀਆ ਅਰੋੜਾ, ਅਮਨ ਸਿੰਘ, ਸੁਨੀਤਾ ਧੀਰ, ਹਰਪ੍ਰੀਤ ਬਡੋਹਲ ਅਤੇ ਸੈਮ ਅਟਵਾਲ ਨੂੰ ਟਿਕਟ ਦਿਤੀ ਗਈ ਹੈ।

ਕੰਜ਼ਰਵੇਟਿਵ ਪਾਰਟੀ ਆਫ ਬੀ.ਸੀ. ਵੱਲੋਂ ਮਨਦੀਪ ਧਾਲੀਵਾਲ, ਤੇਗਜੋਤ ਬੱਲ, ਜੋਡੀ ਤੂਰ, ਅਵਤਾਰ ਸਿੰਘ ਗਿੱਲ, ਹਰਮਨ ਭੰਗੂ, ਦੀਪਕ ਸੂਰੀ, ਸਟੀਵ ਕੂਨਰ, ਧਰਮ ਕਾਜਲ, ਹੋਣਵੀਰ ਸਿੰਘ ਰੰਧਾਵਾ, ਜੈਗ ਸੰਘੇੜਾ, ਸੈਮ ਕੰਦੋਲਾ, ਰਾਜੀਵ ਵਿਓਲੀ ਤੇ ਅਰੁਣ ਲਗੇਰੀ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ, ਗ੍ਰੀਨ ਪਾਰਟੀ ਨੇ ਮਨਜੀਤ ਸਿੰਘ ਸਹੋਤਾ ਤੇ ਸਿਮ ਸੰਧੂ ਅਤੇ ਫਰੀਡਮ ਪਾਰਟੀ ਆਫ ਪੀਸੀ ਨੇ ਅਮਿਤ ਬੜਿੰਗ, ਪਰਮਜੀਤ ਰਾਏ ਅਤੇ ਕਿਰਨ ਹੁੰਦਲ ਨੂੰ ਚੋਣ ਮੈਦਾਨ ਵਿਚ ਲਿਆਂਦਾ ਹੈ ਅਤੇ ਅਮਨਦੀਪ ਸਿੰਘ, ਜੋਗਿੰਦਰ ਸਿੰਘ ਰੰਧਾਵਾ, ਜਪਰੀਤ ਲਹਿਲ ਤੇ ਸ਼ੌਕ ਨਿੱਝਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।



fruiticana hee jaana!

HAPPY Thanksgiving

LOWEST PRICES IN TOWN

THE SOUTH SURREY/WHITE ROCK FRUITICANA NOW OPEN AT 1812, 152ND ST.

UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$13.99 bag

EXTRA SUPER SUPER SPECIAL

Round Tomatoes
ਗੋਲ ਟਮਾਟਰ
99¢ lb

Cosmic Crisp Apples
ਕੋਸਮਿਕ ਕਰਿਸਪ ਸੇਬ
$1.39 lb

Yams or Sweets Potatoes
ਸ਼ਕਰਕੰਦੀ
$1.49 lb

Red Onions 25 lbs
ਲਾਲ ਗੰਢੇ
$19.98 bag

Brussel Sprout BC
ਬ੍ਰਸੇਲ ਸਪਾਊਟ ਬੀ.ਸੀ
$1.99 lb

Indican Tea 216's
ਇੰਡੀਕਨ ਚਾਹ
$6.98 box

98¢ SALE

Zucchini Squash
ਜ਼ੁਕੀਨੀ ਸਕੁਐਸ਼
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
98¢ lb

BC Gala Apples
ਗਾਲਾ ਸੇਬ ਬੀਸੀ
98¢ lb

BC Carrots
ਗਾਜਰਾਂ ਬੀ ਸੀ
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
98¢ lb

Yellow & Orange Peppers
ਪੀਲਾ ਅਤੇ ਸੰਤਰੀ ਸ਼ਿਮਲਾ ਮਿਰਚ
98¢ lb

Maggi Masala Noodles 70 g
ਮੈਗੀ ਮਸਾਲਾ ਨੂਡਲਜ਼ 70 ਗ੍ਰਾਮ
3 for 98¢

EXTRA SUPER SPECIAL

Jumbo Cauliflower
ਵੱਡਾ ਗੋਬੀ ਦਾ ਫੁੱਲ
$2.99 ea.

SUPER SPECIAL

Sher Besan (Flour) 4 lbs
ਸ਼ੇਰ ਵੇਸਣ
$4.99 bag

SUPER SPECIAL

Cilantro
ਧਣੀਆ
2 bunches for 98¢

Long Eggplants
ਲੰਬੇ ਬਤਾਊਂ
$1.79 lb

Desi Karela
ਦੇਸੀ ਕਰੇਲਾ
$1.99 lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Green Cabbage BC
ਹਰੀ ਬੰਦ ਗੋਭੀ ਬੀਸੀ
69¢ lb

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Product images may differ from the actual product.

Thur Oct 10, 2024 - Wed Oct 16, 2024
We reserve the right to limit the quantities while they last
Specials valid for Lower Mainland only

24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |